ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

## ਪ੍ਰਭ ਮੋਹਿ ਕਬ ਗਲਿ ਲਾਵਹਿਗੋ



ਭਲੋ ਭਲੋ ਰੇ ਕੀਰਤਨੀਆ

ਮਈ ੯੫ MAY 95

www.AKJ.Org

3 ਰੁਪ

## ਤੱਤਕਰਾ


| | | | |
|---|---|---|---|
| ੧ ਪ੍ਰਭ ਮੋਹਿ ਕਬ ਗਲਿ ਲਾਵਹਿਗੇ | ੧ | ੧੫ ਗੁਰੂ ਦੇ ਲੰਗਰ ਦੀ ਸੇਵਾ | ੨੧ |
| ੨ ਅਰਥ ਵਿਆਖਿਆ | ੨ | ੧੬ ਸੰਗਤ ਕੀਨੀ ਖਾਲਸਾ | ੨੨ |
| ੩ ਮੁਕਤੀ | ੩ | ੧੭ MEDITATING ON NAM | ੨੩ |
| ੪ ਇਕ ਦੇਵਹੁ ਰਾਤਿ ਮੁਰਾਰੀ | ੪ | ੧੮ ਗੁਰੂ ਹਰਗੋਬਿੰਦ ਸਾਹਿਬ ਕਸ਼ਮੀਰ ਵਿਚ | ੨੪ |
| ੫ ਸਿੱਖ ਕਿਵੇਂ ਬਣੀਦਾ ਹੈ ? | ੬ | ੧੯ ਵਾਰ ਮਾਰੂ ਡਖਣੇ (੧ ) | ੨੫ |
| ੬ ਸਹਜ | ੭ | ੨੦ ਹਾਲਤ ਕੌਮ ਦੀ (ਕਵਿਤਾ) | ੨੭ |
| ੭ ਏਤੀ ਮਾਰ ਪਈ ਕੁਰਲਾਣੇ (ਕਵਿਤਾ) | ੧੦ | ੨੧ ਖਾਲਸਾ | ੨੮ |
| ੮ ਨਦਰੀ ਕਰਮਿ ਪਵੈ ਨੀਸਾਣੁ | ੧੧ | ੨੨ ਏਡਜ਼ ਤੇ ਹੋਰ ਬਿਮਾਰੀਆਂ ਦੀ ਰੋਕ | ੩੦ |
| ੯ ਖੇੜਾ | ੧੩ | ੨੩ ਮੈ ਗੁਰੂ ਗੋਬਿੰਦ ਸਿੰਘ ਦਾ ਸਿੱਖ ਅਖਵਾਉਂਦਾ ਹਾਂ (ਕਵਿਤਾ) | ੩੦ |
| ੧੦ ਤੰਬੂ ਤੋ ਤੰਬੂ ਤੱਕ | ੧੫ | ੨੪ ਪਹਿਲੇ ਪੰਗਤ ਪਾਛੈ ਸੰਗਤ | ੩੧ |
| ੧੧ ਸਿੱਖ ਕੌਣ ਹੈ ? | ੧੭ | ੨੫ ਕਬਿੱਤ ਸਵੱਯੇ | ੩੩ |
| ੧੨ ਕੇਸ ਤੇ ਮਾਨਸਿਕ ਸੰਤੁਲਨ | ੧੮ | ੨੬ ਖਾਲਸੇ ਦੀ ਉਪਮਾ | ੩੬ |
| ੧੩ ਕੇਸਾਂ ਦਾ ਨੰਗੇ ਸਿਰ ਰੱਖਣਾ ਗੁਰਮਤਿ ਪ੍ਰਤੀਕੂਲ | ੧੮ | ੨੭ ਬੱਚਿਆਂ ਲਈ ਸਵਾਲਾਂ ਦੇ ਜਵਾਬ | ੩੬ |
| ੧੪ ਧਰਮ ਤੇ ਪਾਖੰਡ ਅਤੇ ਸਤਿਨਾਮੁ ਦੀ ਮਹੱਤਤਾ | ੧੯ | ੨੮ ਬਾਪੂ ਜੀ ਤੇ ਬੱਚੇ | ੩. |


### ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ ਮੈਂਬਰਸ਼ਿਪ 300 ਰੁ: ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ 50/. 150/. ਇਤਿਆਦੀ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋਂ ਜਲਦੀ 'ਸੂਰਾ' ਦਫਤਰ ਭੇਜ ਦੇਣ ਜਾਂ ਨਜ਼ਦੀਕੀ ਸੇਵਾਦ ਕੋਲ ਜਮ੍ਹਾਂ ਕਰਵਾ ਦੇਣ ਤਾਂ ਜੋ ਇਹ ਪਰਚਾ ਆਪ ਜੀ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰਾਂ ਹੀ ਵਿਦੇਸ਼ੀ ਪਾਠਕ ਵੀ ਆਪ... ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ।

ਸੰਪਾਦਕ

### 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

1. ਲੁਧਿਆਣਾ- 1. ਮੁੱਖ ਦਫਤਰ "ਸੂਰਾ"-ਕੋਠੀ ਨੰਬਰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
   2. ਸਬ ਆਫਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ।
2. ਜਲੰਧਰ- ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
3. ਹੁਸ਼ਿਆਰਪੁਰ- ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ।
4. ਪਟਿਆਲਾ- ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ।
5. ਚੰਡੀਗੜ੍ਹ ਤੇ ਮੋਹਾਲੀ-ਭਾਈ ਫੌਜਿੰਦਰ ਸਿੰਘ ਜੀ, ੫੩੩/੩- ਏ ਫੇਜ਼, ਐਸ. ਏ. ਐਸ. ਨਗਰ ਮੋਹਾਲੀ।
6. ਦਿੱਲੀ- ਭਾਈ ਹਰਦਿਤ ਸਿੰਘ ਜੀ, ਏ, ੩੫, ਫਤਿਹ ਨਗਰ।
7. ਸਾਰੇ ਸਮਾਗਮਾਂ ਸਮੇਂ- ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰ, ਫਿਰੋਜਪੁਰ ਸ਼ਹਿਰ।
8. ਬਠਿੰਡਾ- ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
9. ਮੋਗਾ- ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ.ਰੋਡ, ਫੋਨ: ੨੪੩੪੮, ੨੧੬੮੧।
10. ਅੰਮ੍ਰਿਤਸਰ- ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ: ੪੫੭੮੭ ਘਰ: ੨੩੧੫੨੦।
11. ਯਮੁਨਾਨਗਰ- ਸ: ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ ਜਗਾਧਰੀ ਰੋਡ, ਪਿੰਨ ਕੋਡ-੧੩੫੦੦੧, ਫੋਨ:੨੩੨੧੭।
12. ਸੰਗਰੂਰ- ਭਾਈ ਤ੍ਰਿਲੋਚਨ ਸਿੰਘ ਜੀ ਪਿੰਡ ਉਪੋਕੀ ਡਾਕਖਾਨਾ ਮਲੇਰਕੋਟਲਾ।
13. ਫਗਵਾੜਾ- ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਬਿਆਂ, ਚੌੜਾ ਖੂਹ ਨੇੜੇ ਗੁ: ਪਾ: ੬।

ਸੂਚਨਾ- ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ.

### ਵਿਦੇਸ਼ਾਂ ਵਿਚ ਚੰਦੇ ਤੇ ਹੋਰ ਰਕਮਾਂ ਜਮਾਂ ਕਰਾਉਣ ਲਈ ਸੰਪਰਕ ਕਰੋ

1. ਇੰਗਲੈਂਡ- ਭਾਈ ਗੁਰਨਾਮ ਸਿੰਘ ਜੀ 10-Lambourne Gardens, Early Reading, Berks U.K. Tel. 0734-616902
2. ਅਮਰੀਕਾ- ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫੋਨ: ੧੮੦੦੭੨੨੬੨੧੨।
3. ਕਨੇਡਾ- ਭਾਈ ਰਿਪੁਦਮਨ ਸਿੰਘ ਜੀ ਮਲਿਕ ਫੋਨ: ੧੭੦੦੬੬੩੦੩੩੪।
4. ਆਸਟ੍ਰੇਲਿਆ- ਭਾਈ ਪਰਸ਼ੋਤਮ ਸਿੰਘ ਜੀ ਫੋਨ: ੦੬੧੮੬੩੪੮੪੧।
5. ਨੀਊਜ਼ੀਲੈਂਡ- ਭਾਈ ਪਿਆਰਾ ਸਿੰਘ ਜੀ ਫੋਨ: ੦੬੯੨੭੬੪੩੨੨

## ਗੁਰਮਤਿ ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ।


ਡਿਜ਼ਾਈਨ ਕਰਾਫਟ ਗਿਲ ਰੋਡ ਲੁਧਿਆਣਾ-ਫੋਨ: 533098 ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋਂ 12- ਆਈ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ

ਮਾਸਿਕ ਪੱਤਰ

# ਸੂਰਾ

ਲੁਧਿਆਣਾ

| ਸਾਲਾਨਾ ਚੰਦਾ | |
|---|---|
| ਦੇਸ਼ | ੩੦-੦੦ |
| ਇੱਕ ਪਰਚਾ | ੩-੦੦ |
| (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
| ਸਮੁੰਦਰੀ ਡਾਕ | ੧੦੦-੦੦ |
| ਹਵਾਈ ਡਾਕ | ੩੦੦-੦੦ |
| Foreign Subscription | |
| Sea Mail | 100-00 |
| Air Mail | 300-00 |
| ਅਮਾਨਤੀ ਲਾਈਫ ਮੈਂਬਰ | |
| ਦੇਸ਼ | ੩੦੦-੦੦ |
| ਪਰਦੇਸ | |
| ਸਮੁੰਦਰੀ ਡਾਕ | ੧,੦੦੦-੦੦ |
| ਹਵਾਈ ਡਾਕ | ੩,੦੦੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

ਜਿਲਦ ੨੯ | ਮਈ ੧੯੯੫ | ਅੰਕ ੪

## ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

| | |
|---|---|
| ਜਨਮ ਸਾਹਿਬਜ਼ਾਦਾ ਅਜੀਤ ਸਿੰਘ | ੫ ਮਈ |
| ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ | ੧੪ ਮਈ |
| ਗੁਰਿਆਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ | ੨੧ ਮਈ |

# ਪ੍ਰਭ ਮੋਹਿ ਕਬ ਗਲਿ ਲਾਵਹਿਗੋ

ਪ੍ਰਭ ਕੀਜੈ ਕ੍ਰਿਪਾ ਨਿਧਾਨ, ਹਮ ਹਰਿ ਗੁਨ ਗਾਵਹਗੇ।।
ਹਉ ਤੁਮਰੀ ਕਰਉ ਨਿਤ ਆਸ, ਪ੍ਰਭ ਮੋਹਿ ਕਬ ਗਲਿ ਲਾਵਹਿਗੇ।।੧।।ਰਹਾਉ।।
ਹਮ ਬਾਰਿਕ ਮੁਗਧ ਇਆਨ, ਪਿਤਾ ਸਮਝਾਵਹਿਗੇ।।
ਸੁਤੁ ਖਿਨੁ ਖਿਨੁ ਭੂਲਿ ਬਿਗਾਰਿ, ਜਗਤ ਪਿਤ ਭਾਵਹਿਗੋ।।੧।।
ਜੋ ਹਰਿ ਸੁਆਮੀ ਤੁਮ ਦੇਹੁ, ਸੋਈ ਹਮ ਪਾਵਹਗੇ।।
ਮੋਹਿ ਦੂਜੀ ਨਾਹੀ ਠਉਰ, ਜਿਸੁ ਪਹਿ ਹਮ ਜਾਵਹਗੇ।।੨।।
ਜੋ ਹਰਿ ਭਾਵਹਿ ਭਗਤ, ਤਿਨਾ ਹਰਿ ਭਾਵਹਿਗੇ।
ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ।।੩।।
ਹਰਿ ਆਪੇ ਹੋਇ ਕ੍ਰਿਪਾਲ, ਆਪਿ ਲਿਵ ਲਾਵਹਿਗੇ।।
ਜਨੁ ਨਾਨਕ ਸਰਨਿ ਦੁਆਰਿ, ਹਰਿ ਲਾਜ ਰਖਾਵਹਿਗੇ।।੪।।੬।।

(ਕਲਿਆਨ ਮ:੪, ਪੰਨਾ ੧੩੨੧)

**ਪਦ ਅਰਥ** : ਕ੍ਰਿਪਾ ਨਿਧਾਨ – ਕ੍ਰਿਪਾ ਦੇ ਖ਼ਜ਼ਾਨੇ। ਗਾਵਹਗੇ – ਗਾਵੀਏ, ਗਾਉਂਦੇ ਰਹੀਏ। ਕਰਉ – ਕਰਦਾ ਹਾਂ। ਨਿਤ–ਹਮੇਸ਼ਾਂ, ਸਦਾ। ਮੋਹਿ – ਮੈਨੂੰ।੧। ਰਹਾਉ। ਬਾਰਿਕ – ਬਾਲਕ, ਬੱਚੇ। ਮੁਗਧ – ਮੂਰਖ। ਇਆਨ – ਅੰਵਾਣੇ। ਸੁਤੁ – ਪੁੱਤਰ। ਭੂਲਿ – ਭੂਲੈ, ਭੁੱਲਦਾ ਹੈ। ਬਿਗਾਰਿ – ਬਿਗਾਰੈ, ਗਲਤੀਆਂ ਕਰਦਾ ਹੈ। ਭਾਵਹਿਗੇ – ਪਿਆਰੇ ਲਗਦੇ ਹਨ ।੧। ਪਾਵਹਗੇ – ਪਾ (ਲੈ) ਸਕਦੇ ਹਾਂ। ਠਉਰ – ਥਾਂ। ਪਹਿ – ਪਾਸ, ਕੋਲ।੨। ਜੋਤੀ – ਪ੍ਰਭੂ ਦੀ ਜੋਤਿ ਵਿੱਚ। ਜੋਤਿ – ਆਪਣੀ ਜੋਤਿ (ਜਿੰਦ)। ਮਿਲਾਇ – ਮਿਲਾ ਕੇ। ਰਲ ਜਾਵਹਗੇ – ਰਲ ਜਾਂਦੇ ਹਨ, ਇੱਕ–ਮਿਕ ਹੋ ਜਾਂਦੇ ਹਨ।੩। ਲਿਵ ਲਾਵਹਿਗੇ – ਲਗਨ ਪੈਦਾ ਕਰਦੇ ਹਨ। ਦੁਆਰਿ – ਦਰ ਤੇ। ਲਾਜ – ਇੱਜ਼ਤ।੪।

# ਅਰਥ ਵਿਆਖਿਆ

**ਅਰਥ :** ਹੇ ਕ੍ਰਿਪਾ ਦੇ ਖਜ਼ਾਨੇ ਪ੍ਰਭੂ ! ਕ੍ਰਿਪਾ (ਮਿਹਰ) ਕਰ, ਅਸੀਂ ਤੇਰੇ ਗੁਣ ਗਾਉਂਦੇ ਰਹੀਏ। ਹੇ ਪ੍ਰਭੂ ! ਮੈ ਹਮੇਸ਼ਾਂ ਤੇਰੀ ਮਿਹਰ ਦੀ ਆਸ ਕਰਦਾ ਰਹਿੰਦਾ ਹਾਂ ਕਿ ਪ੍ਰਭੂ ਜੀ ਕਦੇਂ ਆਪਣੇ ਗਲ ਨਾਲ ਲਾਉਣਗੇ।੧।ਰਹਾਉ।

ਅਸੀਂ ਜੀਵ ਮੂਰਖ ਅੰਞਾਣ ਬੱਚੇ ਹਾਂ, ਪ੍ਰਭੂ-ਪਿਤਾ ਜੀ ਸਾਨੂੰ ਸਦਾ ਸਮਝਾਉਂਦੇ ਰਹਿੰਦੇ ਹਨ, ਪੁੱਤਰ ਬਾਰ ਬਾਰ ਹਰ ਵੇਲੇ ਭੁੱਲਦਾ ਹੈ, ਗਲਤੀਆਂ ਕਰਦਾ ਹੈ ਪਰ ਜਗਤ ਦੇ ਪਿਤਾ ਨੂੰ ਬੱਚੇ (ਜੀਵ) ਫੇਰ ਵੀ ਪਿਆਰੇ ਹੀ ਲਗਦੇ ਹਨ।੧।

ਹੇ ਹਰੀ ! ਹੇ ਸੁਆਮੀ ! ਜੋ ਕੁਝ ਤੂੰ ਆਪ ਦੇਂਦਾ ਹੈਂ, ਉਹੀ ਕੁਝ ਅਸੀਂ ਲੈ ਸਕਦੇ ਹਾਂ। ਤੇਰੇ ਬਿਨਾਂ ਮੈਨੂੰ ਕੋਈ ਹੋਰ ਥਾਂ ਨਹੀਂ ਸੁਝਦੀ ਜਿਸ ਕੋਲ ਅਸੀਂ ਜਾ ਸਕੀਏ।੨।

ਜਿਹੜੇ ਭਗਤ ਪ੍ਰਭੂ ਨੂੰ ਪਿਆਰੇ (ਚੰਗੇ) ਲਗਦੇ ਹਨ, ਉਹਨਾਂ ਨੂੰ ਪ੍ਰਭੂ ਜੀ ਪਿਆਰੇ ਲਗਦੇ ਹਨ। ਉਹ ਭਗਤ ਪ੍ਰਭੂ ਦੀ ਜੋਤਿ ਵਿਚ ਆਪਣੀ ਜੋਤਿ (ਜੀਵ-ਆਤਮਾ) ਮਿਲਾ ਕੇ ਪ੍ਰਭੂ ਦੀ ਜੋਤਿ ਨਾਲ ਇਕ-ਮਿਕ ਹੋਏ ਰਹਿੰਦੇ ਹਨ।੩।

ਪ੍ਰਭੂ ਜੀ ਆਪ ਹੀ ਦਿਆਲ ਹੋ ਕੇ ਜੀਵਾਂ ਅੰਦਰ ਆਪ ਹੀ ਆਪਣਾ ਪਿਆਰ ਪੈਦਾ ਕਰਦੇ ਹਨ। ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨਾਨਕ ਮੋਹਰ ਛਾਪ ਹੇਠ ਕਹਿੰਦੇ ਹਨ ਕਿ ਦਾਸ ਨਾਨਕ ਪ੍ਰਭੂ ਦੀ ਸ਼ਰਣ ਪਿਆ ਰਹਿੰਦਾ ਹੈ, ਪ੍ਰਭੂ ਦੇ ਦਰ ਤੇ ਢੱਠਾ ਰਹਿੰਦਾ ਹੈ, ਪ੍ਰਭੂ ਜੀ ਦਰ ਪਏ ਦੀ ਆਪ ਹੀ ਲਾਜ ਰੱਖਦੇ ਹਨ। ੪।੬।

**ਵਿਆਖਿਆ :** ਪ੍ਰਮਾਤਮਾ ਦੀ ਮੇਹਰ ਨਾਲ ਹੀ ਅਸੀਂ ਉਸਦੀ ਸਿਫਤ ਸਾਲਾਹ ਕਰ ਸਕਦੇ ਹਾਂ, ਨਾਮ ਜਪ ਸਕਦੇ ਹਾਂ ਅਤੇ ਸੇਵਾ ਸਿਮਰਨ ਵਾਲੇ ਗੁਰਮਤਿ ਸਾਡੀ ਰਾਹ ਤੇ ਚੱਲ ਕੇ ਆਪਣਾ ਜੀਵਨ ਸਫਲਾ ਕਰ ਸਕਦੇ ਹਾਂ, ਜੀਵਨ ਮਨੋਰਥ ਪ੍ਰਾਪਤ ਕਰ ਸਕਦੇ ਹਾਂ। ਪ੍ਰਭੂ ਦੀ ਕ੍ਰਿਪਾ ਤੋਂ ਬਿਨਾ ਤਾਂ ਸਾਨੂੰ ਚੰਗੇ ਮਾੜੇ, ਸਹੀ ਗਲਤ ਦੀ ਸੋਝੀ ਹੀ ਨਹੀਂ ਆ ਸਕਦੀ, ਜੇ ਖੋਟੇ ਖਰੇ ਦੀ ਪਹਿਚਾਣ ਕਰਨ ਵਾਲੀ ਸਾਡੀ ਬਿਬੇਕ ਬੁੱਧ ਹੀ ਨਹੀਂ ਹੋਵੇਗੀ ਤਾਂ ਸਾਨੂੰ ਗੁਰਮਤਿ ਦੀ ਸੋਝੀ ਕਿਵੇਂ ਆਵੇਗੀ, ਅਸੀਂ ਗੁਰਮਤਿ ਦੇ ਰਾਹ ਕਿਵੇਂ ਤੁਰ ਸਕਾਂਗੇ ? ਪੰਚਮ ਪਾਤਸ਼ਾਹ ਠੀਕ ਹੀ ਕਹਿੰਦੇ ਹਨ:-

**ਤੁਮਰੀ ਕ੍ਰਿਪਾ ਤੇ ਜਪੀਐ ਨਾਉ।। ਤੁਮਰੀ ਕ੍ਰਿਪਾ ਤੇ ਦਰਗਹ ਥਾਉ।। ੧।। ਤੁਝ ਬਿਨੁ ਪਾਰਬ੍ਰਹਮ ਨਹੀ ਕੋਇ।। ਤੁਮਰੀ ਕ੍ਰਿਪਾ ਤੇ ਸਦਾ ਸੁਖ ਹੋਇ।। ੧।। ਰਹਾਉ।। ਤੁਮ ਮਨਿ ਵਸੇ ਤਉ ਦੂਖੁ ਨ ਲਾਗੈ।। ਤੁਮਰੀ ਕ੍ਰਿਪਾ ਤੇ ਭ੍ਰਮ ਭਉ ਭਾਗੈ।। ੨।।** (ਪੰਨਾ ੧੯੨)

ਪ੍ਰਭੂ ਦੀ ਕ੍ਰਿਪਾ ਨਾਲ ਹੀ ਭਰਮ ਭੁਲੇਖੇ ਦੂਰ ਹੁੰਦੇ ਹਨ, ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਕੇ ਗਿਆਨ ਦਾ ਚਾਨਣ ਮਿਲਦਾ ਹੈ, ਹਨ੍ਹੇਰੇ ਵਿੱਚ ਤਾਂ ਕੋਲ ਪਈ ਵਸਤ ( ਚੀਜ਼) ਦਾ ਵੀ ਪਤਾ ਨਹੀਂ ਲਗਦਾ। ਚਾਨਣ ਵਿੱਚ ਫਰਸ਼ ਤੇ ਡਿੱਗੀ ਸੂਈ ਵੀ ਨਜ਼ਰ ਆ ਜਾਂਦੀ ਹੈ।

ਇਹ ਗੱਲ ਸੋਲਾਂ ਆਨੇ ਸੱਚ ਹੈ ਕਿ -

"**ਤੁਮਰੀ ਕ੍ਰਿਪਾ ਤੇ ਜਪੀਐ ਨਾਉ।।ਤੁਮਰੀ ਕ੍ਰਿਪਾ ਤੇ ਦਰਗਹ ਥਾਉ।।**"

ਭਾਵ ਪ੍ਰਭੂ ਦੀ ਕ੍ਰਿਪਾ ਸਦਕਾ ਹੀ ਅਸੀਂ ਨਾਮ ਜਪ ਸਕਦੇ ਹਾਂ ਅਤੇ ਪ੍ਰਭੂ ਦੀ ਕ੍ਰਿਪਾ ਕਾਰਨ ਹੀ ਸਾਨੂੰ ਦਰਗਹ ਵਿੱਚ ਥਾਂ ਮਿਲ ਸਕਦੀ ਹੈ, ਸਾਡੀ ਜਨਮ ਮਰਨ ਦੀ ਚੁਰਾਸੀ ਕੱਟੀ ਜਾ ਸਕਦੀ ਹੈ। ਤਾਹੀਓਂ ਤੇ ਚੌਥੇ ਪਾਤਸ਼ਾਹ ਜੋਦੜੀ ਕਰਦੇ ਹਨ-

**ਪ੍ਰਭ ਕੀਜੈ ਕ੍ਰਿਪਾ ਨਿਧਾਨ, ਹਮ ਹਰਿ ਗੁਨ ਗਾਵਹਗੇ।।**
**ਹਉ ਤੁਮਰੀ ਕਰਉ ਨਿਤ ਆਸ, ਪ੍ਰਭ ਮੋਹਿ ਕਬ ਗਲਿ ਲਾਵਹਿਗੇ।।**

ਗੁਰੂ ਸਾਹਿਬ ਕਹਿੰਦੇ ਹਨ ਕਿ ਹੇ ਕ੍ਰਿਪਾ ਨਿਧਾਨ ! ਸਾਡੇ ਤੇ ਕ੍ਰਿਪਾ ਕਰ ਤਾਂ ਜੋ ਅਸੀਂ ਤੇਰੀ ਸਿਫਤ ਸਾਲਾਹ ਕਰਦੇ (ਗੁਣ ਗਾਉਂਦੇ) ਰਹੀਏ। ਮੈਂ ਸਦਾ ਹੀ ਤੇਰੀ ਆਸ ਤੇ ਬੈਠਾ ਹਾਂ ਕਿ ਕਦ ਤੇਰਾ ਦਰਸ ਮਿਲਾਪ ਹੋਵੇਗਾ, ਪ੍ਰਭੂ ਜੀ ! ਤੁਸੀਂ ਮੈਨੂੰ ਕਦ ਆਪਣੇ ਗਲ ਲਾਵੋਗੇ ? ਅਸੀਂ ਨਿਆਣੇ ਬੱਚੇ ਹਾਂ, ਖਿਨ ਖਿਨ ਭੁਲਾਂ ਕਰਦੇ ਹਾਂ, ਜੋ ਤੂੰ ਮਿਹਰ ਕਰ ਕੇ ਦਿੰਦਾ ਹੈਂ ਉਹੀਓ ਅਸੀਂ ਪਾਉਂਦੇ ਹਾਂ, ਸਾਡਾ ਕੋਈ ਜ਼ੋਰ ਨਹੀਂ।

**ਮੇਰੇ ਹਰਿ ਜੀਉ ਸਭ ਕੋ ਤੇਰੈ ਵਸਿ।।**
**ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ,**
**ਜਿਉ ਭਾਵੈ ਤਿਵੈ ਬਖਸਿ।।੧।।ਰਹਾਉ।।** (ਸੂਹੀ ਮ: ੪, ਪੰਨਾ ੭੩੬)

ਹੇ ਪ੍ਰਭੂ! ਜਿਉ ਭਾਵੈ ਤਿਵੈ ਬਖਸਿ !

"**ਕਰਿ ਕਿਰਪਾ ਕਿਰਪਾਲ ਆਪੇ ਬਖਸਿ ਲੈ।।**
**ਸਦਾ ਸਦਾ ਜਪੀ ਤੇਰਾ ਨਾਮੁ ਸਤਿਗੁਰ ਪਾਇ ਪੈ।।**"

(ਸਲੋਕ ਮ. ੫, ਪੰਨਾ ੯੬੧)

ਹੇ ਪ੍ਰਭੂ ਜੀ ! ਮੈਨੂੰ ਹੋਰ ਕੋਈ ਦੁਆਰਾ (ਦਰ) ਨਜ਼ਰ ਨਹੀਂ ਆਉਂਦਾ ਜਿਥੇ ਜਾ ਕੇ ਮੈਂ ਆਪਣੀ ਦਾਦ ਫਰਿਆਦ ਕਰ ਸਕਾਂ-

**ਦੂਜੀ ਜਾਇ ਨ ਸੁਝਈ ਜਿਥੈ ਕੂਕਣ ਜਾਉ।।** (ਮਾਝ ਮ: ੫, ਪੰਨਾ੧੩੭)

ਪਰ ਪ੍ਰਭੂ ਬੜਾ ਕਿਰਪਾਲੂ ਹੈ, ਦਰ ਢੱਠਿਆਂ ਤੇ ਬਿਰਦ ਬਾਣੇ ਦੀ ਲਾਜ ਰੱਖਦਾ ਹੈ, ਦਿਨ ਰਾਤ ਕੂਕਾਂ ਮਾਰਦਿਆਂ, ਗੁਰੂ ਗੁਰੂ ਜਪਦਿਆਂ ਦੀ ਪੁਕਾਰ ਜ਼ਰੂਰ ਸੁਣਦਾ ਹੈ-

**ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ।।**

(ਗੌਂਡ ਮ. ੪, ਪੰਨਾ ੮੫੯)

ਪ੍ਰਭੂ ਜਦੋਂ ਤਰੁਠਦਾ ਹੈ , ਮਿਹਰ ਦੇ ਘਰ ਆਉਂਦਾ ਹੈ ਤਾਂ ਅਗਲੀਆਂ ਪਿਛਲੀਆਂ ਸਾਰੀਆਂ ਕਸਰਾਂ ਪੂਰੀਆਂ ਕਰ ਦਿੰਦਾ ਹੈ, ਨਦਰੀ ਨਦਰਿ ਨਿਹਾਲ ਕਰ ਦਿੰਦਾ ਹੈ, ਕਿਸੇ ਗੱਲ ਦੀ ਕਮੀ ਨਹੀਂ ਰਹਿਣ ਦਿੰਦਾ। ਬੂਹਾ ਖੁਲ੍ਹਦਿਆਂ ਹੀ "ਕਿਰਪਾ" ਦਾ ਹੜ੍ਹ ਆ ਜਾਂਦਾ ਹੈ, ਮੰਗਣਾ ਭੁੱਲ ਜਾਂਦਾ ਹੈ-

**ਪ੍ਰਭ ਦੇਖਦਿਆਂ ਦੁਖ ਭੁਖ ਗਈ, ਢਾਢੀ ਕਉ ਮੰਗਣ ਚਿਤਿ ਨ ਆਵੈ।।**
**ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ।।**
**ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭ ਪੁਰਖਿ ਵੇਦਾਵੈ।।੯।।**

(ਪੰਨਾ ੧੦੯੭)

**ਗੁਣੁ ਅਵਗੁਣੁ ਮੇਰਾ ਕਛੁ ਨ ਬੀਚਾਰਿਆ,**
**ਬਖਸਿ ਲੀਆ ਖਿਨ ਮਾਹੀ।।** (ਪੰਨਾ ੫੭੭)

ਜਦੋਂ ਜੀਵ ਬਖਸ਼ਿਆ ਗਿਆ ਤਾਂ ਪ੍ਰਭੂ ਦੀ ਜੋਤਿ ਵਿੱਚ ਜੀਵ ਦੀ ਜੋਤਿ ਰਲ ਗਈ, ਆਤਮਾ ਪ੍ਰਮਾਤਮਾ ਨਾਲ ਮਿਲ ਗਈ, ਇੱਕ ਮਿੱਕ ਹੋ ਗਏ, ਕੋਈ ਭਿੰਨ ਭੇਦ ਨਾ ਰਹਿਆ।

(ਬਾਕੀ ਪੰਨਾ ੩ ਤੇ)



www.AKJ.Org

# ਮੁਕਤੀ

(ਸੱਚ ਖੰਡ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਇਹ ਅਵਸਥਾ ਉਸ ਵਡਭਾਗੇ ਜਨ ਨੂੰ ਪ੍ਰਾਪਤ ਹੁੰਦੀ ਹੈ ਜੋ ਪੂਰੇ ਸਤਿਗੁਰ ਨੂੰ ਪੇਖ ਪਰਖ ਕੇ ਅਤੇ ਗੁਰੂ ਘਰ ਦਾ ਪੂਰਨ ਸ਼ਰਧਾਵੰਤ ਹੋ ਕੇ ਏਥੇ ਹੀ ਗੁਰਮੰਤ੍ਰ ਗੁਰ–ਦੀਖਿਆ ਲੈਂਦਾ ਹੈ। ਗੁਰਮੰਤ੍ਰ ਲੈ ਕੇ ਗੁਰਮਤਿ ਨਾਮ ਦੀ ਅਤੁਟ ਕਮਾਈ ਕਰ ਕਰ ਕੇ ਆਪਣਾ ਤਨ ਮਨ ਏਸ ਕਮਾਈ ਵਿਟਹੁੰ ਹੀ ਘੋਲ ਘੁਮਾਉਂਦਾ ਹੈ ਤੇ ਅੰਤਰਗਤਿ ਹੀ ਆਪਣੀ ਆਤਮਾ ਦੀ ਕਲਿਆਣ ਕਰ ਲੈਂਦਾ ਹੈ ਅਤੇ ਆਤਮ–ਚੀਨਣੀ ਗਿਆਨ ਪਰਚੰਡ ਮੁਕਤਿ ਗਤਿ ਨੂੰ ਪ੍ਰਾਪਤ ਹੋ ਜਾਂਦਾ ਹੈ।

ਗੁਰਮਤਿ ਮੁਕਤ ਪਦ ਆਨਮਤਾਂ ਦੀ ਮੁਕਤੀ ਤੋਂ ਅਤਿ ਵਿਲੱਖਣ ਹੈ। ਗੁਰਮਤਿ ਅਨੁਸਾਰ ਮੁਕਤੀ ਨਿਰਾ ਮੁੱਕ ਜਾਣ ਦਾ ਨਾਉਂ ਹੀ ਨਹੀਂ, ਨਾ ਹੀ ਰੂਹ ਦਾ ਸਰੀਰ ਤੋਂ ਛੁਟਕਾਰਾ ਪਾਉਣ ਦਾ ਨਾਉਂ ਮੁਕਤੀ ਰੱਖਿਆ ਹੈ। ਉਨ੍ਹਾਂ ਦੇ ਭਾ ਦਾ ਸਰੀਰ ਦੇ ਮਿਟੇ ਮੁੱਕੇ ਬਾਝੋਂ ਮੁਕਤ ਹੋ ਹੀ ਨਹੀਂ ਸਕਦੀ। ਕਈ ਸੁਰਗਾਂ ਬਹਿਸ਼ਤਾਂ ਦੀ ਬਾਛਾਂ ਨੂੰ ਪੁੱਜ ਜਾਣਾ ਹੀ ਮੁਕਤੀ ਸਮਝਦੇ ਹਨ। ਇਹ ਮੁਕਤੀ ਵੀ ਗੁਰਮਤਿ ਕਸੌਟੀਓਂ ਊਰੀ ਮੁਕਤੀ ਹੈ। ਨਾ ਹੀ ਨਿਜ–ਕਲਪੇ ਦੁੱਖਾਂ ਤੋਂ ਛੁੱਟ ਜਾਣਾ ਹੀ ਮੁਕਤੀ ਹੈ, ਨਾ ਹੀ ਪਰਕਿਰਤੀ ਤੋਂ ਪੁਰਖ ਦਾ ਆਪਣੇ ਆਪ ਨੂੰ ਅਸੰਗ ਜਾਣ ਲੈਣ ਵਾਲਾ ਢਕਵੰਜ ਹੀ ਮੁਕਤੀ ਹੈ। ਨਾ ਹੀ ਯੋਗ–ਮਤ ਦਾ ਕੈਵਲ ਪਦ ਹੀ ਗੁਰਮਤਿ ਮੁਕਤੀ ਦੇ ਲਵੇ ਲਗਦਾ ਹੈ। ਨਾ ਹੀ ਵੇਦਾਂਤ–ਮਤ ਦੀ ਫੋਕਟ ਅਹੰਬ੍ਰਹਮਤਾ ਹੀ ਮੁਕਤੀ ਹੈ। ਨਾ ਹੀ ਬੋਧ–ਮਤ ਦਾ ਸਰਲ ਇਛਿਆਵਾਂ ਦਾ ਤਿਆਗ, ਨਿਰਬਾਨ ਹੀ ਮੁਕਤੀ ਹੈ। ਨਾ ਹੀ ਜੈਨੀਆਂ ਦੀ ਜੀਵ–ਅਹਿੰਸਾ ਵਾਲੀ ਜੁਗਤੀ ਕਰ ਉਚ–ਪਦ ਗੰਮਤਾ ਪ੍ਰਾਪਤ ਕਰ ਲੈਣਾ ਹੀ ਮੁਕਤੀ ਹੈ। ਨਿਰਾ ਆਵਾ–ਗਵਨ ਦੇ ਗੇੜ ਤੋਂ ਅਗੇੜ ਹੋਣਾ ਭੀ ਤੱਤ ਮੁਕਤੀ ਨਹੀਂ।

ਗੁਰਮਤਿ ਅਨੁਸਾਰ ਏਹ ਸਭ ਮੁਕਤੀਆਂ ਬਪੜੀਆਂ (ਵਿਚਾਰੀਆਂ) ਊਰੀਆਂ ਮੁਕਤੀਆਂ ਹੀ ਹਨ। ਗੁਰਮੁਖ ਹੰਸਲੇ ਜੋਤਿ ਪਰਚੱਡੀਏ ਗਿਆਨੀ ਇਸ ਪ੍ਰਕਾਰ ਦੀ ਮੁਕਤੀ ਦੇ ਤਿਆਗੀ ਹਨ। ਗੁਰਮੁਖ ਪਰਮ ਹੌਸਲੇ ਜਨ ਦੇਹ ਸੁਦੇਹੀ ਜੋਤਿ–ਨਿਰੰਜਨੀ ਜਾਗ ਵਿੱਚ ਸੁਜਾਗੇ ਹੁੰਦੇ ਹੋਏ, ਜੋਤਿ ਅਪਾਰ ਦੇ ਦਰਸ ਦੀਦਾਰ ਕਰਦੇ ਹੋਏ, ਭੋਜਨ ਨਾਮ ਅਹਾਰ ਦੇ ਚੋਗ ਚੋਗਾਰੀ, ਏਕੰਕਾਰ ਵਾਹਿਗੁਰੂ ਦੇ ਸਾਕਸ਼ਾਤ–ਕਾਰੀ, ਚਰਨ ਕਮਲ ਮਉਜਾਰੀ ਹੁੰਦੇ ਹੋਏ ਜੀਵਨ–ਮੁਕਤ ਬਣਦੇ ਹਨ। ਇਸ ਦੇਹ ਸਰੀਰ ਅੰਦਰ ਹੀ ਜੋਤੀ ਸਰੂਪ ਨਿਰੰਕਾਰ ਏਕੰਕਾਰ ਦਾ ਦਿੱਬ–ਜੋਤੀ ਦਰਸ਼ਨ ਕਰ ਲੈਣ ਵਾਲੇ ਹੀ ਗੁਰਮਤਿ ਅਨੁਸਾਰ ਤੱਤ ਮੁਕਤ ਪਦ ਨੂੰ ਪ੍ਰਾਪਤ ਹੋਏ ਪਰਵਾਣ ਹਨ, ਜਲ–ਕਮਲ ਵਤ ਸੰਸਾਰ ਤੋਂ ਨਿਰਾਲਮ ਰਹਿੰਦੇ ਹੋਏ ਨਾਮ–ਵਪਾਰ ਨਾਮ–ਅਹਾਰ ਦੀ ਇੱਕੋ ਸਚੁ ਸਰੂਪ ਕਰਨੀ ਕਮਾਉਣਹਾਰੇ ਗੁਰਮਤਿ ਅਨੁਕੂਲ ਮੁਕਤ ਹਨ। ਇਹ ਪਰਮ ਪਦ ਗੁਰ–ਚਰਨ ਸ਼ਰਨਾਗਤੀ ਸੇਵਾ ਤੋਂ ਹੀ ਪਾਇਆ ਜਾ ਸਕਦਾ ਹੈ। ਗੁਰਮਤਿ ਸੇਵਾ ਐਸੀ ਸਾਰ–ਸੇਵਾ ਹੈ ਕਿ ਇਸ ਤੋਂ ਪ੍ਰਾਪਤ ਹੋਈ ਮੁਕਤੀ ਕੋਈ ਖਿਆਲੀ, ਫਰਜ਼ੀ, ਅਨੁਮਾਨੀ ਮੁਕਤੀ ਹੀ ਨਹੀਂ ਹੁੰਦੀ, ਅੰਤਰ ਆਤਮੇ ਹੀ ਜੋਤਿ–ਜਗਨੰਤ੍ਰੀ ਪ੍ਰਕਾਸ਼ ਨੂੰ ਰਹੱਸ ਕੇ, ਪਰਤੱਖ ਵੇਖ ਕੇ ਮਨ ਮੰਨ ਲੈਂਦਾ ਹੈ, ਭਲੀ ਭਾਂਤ ਪਰਤੀਤ ਕਰ ਲੈਂਦਾ ਹੈ ਤੇ ਉਸ ਦਾ ਭਰਮ–ਭੁਲੇਵਾ ਸਭ ਮਿਟ ਜਾਂਦਾ ਹੈ ਅਤੇ ਪ੍ਰਤੱਖ ਨਿਸਤਾਰਾ ਹੋ ਜਾਂਦਾ ਹੈ। ਗੁਰੂ ਘਰ ਵਿੱਚ ਅਜਿਹੇ ਬੇਅੰਤ ਗੁਰਮੁਖ ਜਨਾਂ ਦਾ ਇਸ ਬਿਧ ਦਾ ਨਿਸਤਾਰਾ ਹੋਇਆ ਹੈ। **ਬਸ, ਨਿਸਤਾਰਾ ਹੋਇਆ ਹੈ ਤਾਂ ਗੁਰਮਤਿ ਸਿਫਤ–ਸਾਲਾਹ ਦੁਆਰਾ, ਗੁਰਮਤਿ ਹਰਿ–ਜਸ ਕੀਰਤਨ ਦੁਆਰਾ ਗੁਰੂ ਘਰ ਦੇ ਸੰਤਾਂ, ਭਗਤਾਂ, ਗੁਰਮੁਖ ਜਨਾਂ ਦਾ ਹੋਇਆ ਹੈ ਅਤੇ ਹੋਵੇਗਾ। ਹੋਰ ਕਿਸੇ ਦਾ ਨਹੀ। ਤਿਨ੍ਹਾਂ ਦਾ ਮੁੱਖ ਪਰਯੋਜਨ ਪ੍ਰਭੂ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ, ਪ੍ਰਭੂ–ਪ੍ਰਾਪਤੀ ਬਿਹੂਣੀ ਮੁਕਤੀ ਨੂੰ ਉਹ ਨਹੀ ਭਾਲਦੇ।**

---

(ਪੰਨਾ ੨ ਦਾ ਬਾਕੀ)

ਪ੍ਰਭੂ ਨੂੰ ਮਿਲਣ ਦੀ ਆਸ ਤਾਂ ਹਰ ਕੋਈ ਹੀ ਲਾਈ ਬੈਠਾ ਹੈ ਪਰ ਉਸ ਨੂੰ ਹੀ ਦਰਸ ਮਿਲਾਪ ਹੁੰਦਾ ਹੈ ਜਿਸ ਨੂੰ ਪ੍ਰਭੂ ਪਰਮਾਤਮਾ ਆਪ ਦਰਸ਼ਨ ਕਰਾਉਂਦਾ ਹੈ। ਪਿਆਰਾ ਪ੍ਰਭੂ ਜਿਸ ਮਨੁੱਖ ਤੇ ਮੇਹਰ ਦੀ ਨਜ਼ਰ ਕਰਦਾ ਹੈ ਉਹ ਮਨੁੱਖ ਪ੍ਰਭੂ ਦੀ ਯਾਦ ਨੂੰ ਹਰ ਵੇਲੇ ਆਪਣੇ ਹਿਰਦੇ ਵਿੱਚ ਵਸਾਈ ਰੱਖਦਾ ਹੈ, ਅਜੇਹਾ ਮਨੁੱਖ ਪੂਰਨ ਗੁਰੂ ਦੇ ਲੜ ਲੱਗ ਕੇ ਦਿਨ ਰਾਤ ਨਾਮ ਜਪਦਾ ਹੈ ਅਤੇ ਨਾਮ ਦੀ ਘਾਲ ਕਮਾਈ ਸਦਕਾ ਪਰਮਾਤਮਾ ਨਾਲ ਮਿਲਕੇ ਇੱਕ ਰੂਪ ਹੋ ਜਾਂਦਾ ਹੈ।

**ਹਰਿ ਵੇਖਣ ਕਉ ਸਭੁ ਕੋਈ ਲੋਚੈ,**
**ਸੋ ਵੇਖੈ ਜਿਸ ਆਪਿ ਵਿਖਾਲੇ।।**
**ਜਿਸ ਨੋ ਨਦਰਿ ਕਰੇ ਮੇਰਾ ਪਿਆਰਾ,**
**ਸੋ ਹਰਿ ਹਰਿ ਸਦਾ ਸਮਾਲੇ।।**
**ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ,**
**ਜਿਸ ਸਤਿਗੁਰੁ ਪੂਰਾ ਮੇਰਾ ਮਿਲਿਆ।।**
**ਨਾਨਕ ਹਰਿਜਨ ਹਰਿ ਇਕੇ ਹੋਏ,**
**ਹਰਿ ਜਪਿ ਹਰਿ ਸੇਤੀ ਰਲਿਆ।।੬।।** (ਵਡਹੰਸ ਮ ੪, ਪੰਨਾ ੫੬੨)

ਆਓ ! ਅਸੀਂ ਵੀ ਪਿਆਰੇ ਪ੍ਰਭੂ ਦੀ ਮੇਹਰ ਦੇ ਪਾਤਰ ਬਣੀਏ, ਹਉਮੈ ਨੂੰ ਤਿਆਗ ਕੇ ਨਾਮ ਜਪਣ ਦੀ ਸੱਚੀ ਕਾਰੇ ਲੱਗੀਏ ਅਤੇ ਸਦਾ ਹੀ ਪ੍ਰਭੂ ਦੀ ਹਜ਼ੂਰੀ ਵਿੱਚ ਰਹਿਣ ਲਈ ਅਰਦਾਸ ਕਰੀਏ–

**ਆਸਾਵੰਤੀ ਆਸ ਗੁਸਾਈ ਪੂਰੀਐ।।**
**ਮਿਲਿ ਗੋਪਾਲ ਗੋਬਿੰਦ ਨ ਕਬਹੂੰ ਝੂਰੀਐ।।**
**ਦੇਹੁ ਦਰਸੁ ਮਨਿ ਚਾਉ, ਲਹਿ ਜਾਹਿ ਵਿਸੂਰੀਐ।।**
**ਹੋਇ ਪਵਿਤ੍ਰ ਸਰੀਰ ਚਰਨਾ ਧੂਰੀਐ।।**
**ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ।।** (ਪੰਨਾ ੭੦੮)

ਸਾਬਤ ਸੂਰਤ ਰੱਖਣੀ, ਕਰਨਾ ਨਹੀਂ ਅਪਮਾਨ।
ਨੱਕ ਵਿੰਨ੍ਹ ਕੰਨ ਪਾੜਕੇ, ਕਿਉਂ ਬਣੀਏ ਬੇਈਮਾਨ।
ਹੁਕਮ ਮੰਨੀਏ ਗੁਰਾਂ ਦਾ, ਜੋ ਕਰਦਾ ਕਲਿਆਣ।
ਗਹਿਣੇ ਪਾਉ ਗਿਆਨ ਦੇ, ਸਤਿਗੁਰ ਦਾ ਫੁਰਮਾਨ।

ਤੇਗ਼ ਬਹਾਦਰ ਸਿੰਘ ਤੇਗ

# ਇਕ ਦੇਵਹੁ ਰਾਤਿ ਮੁਰਾਰੀ

(ਪ੍ਰੋ ਹਰਬੰਸ ਸਿੰਘ ਜੀ, ਲੁਧਿਆਣਾ)

'ਸਹੀਆ ਸੇ ਸੁਹਾਗਣੀ, ਜਿਨ ਸਹਿ ਨਾਲਿ ਪਿਆਰ ਜੀਉ'। ਜਿਨ੍ਹਾਂ ਜੀਵ ਰੂਪੀ ਇਸਤਰੀਆਂ ਦਾ ਸਹੁ ਨਾਲ ਪਿਆਰ ਹੈ ਉਹ ਸੁਹਾਗਣੀਆਂ ਹਨ। ਸਖੀਆ ਤੇ ਬੇਅੰਤ ਹਨ ਜਿਹੜੀਆਂ ਕਹਿੰਦੀਆਂ ਹਨ ਕਿ ਅਸੀਂ ਸਹੁ ਨੂੰ ਪਿਆਰ ਕਰਦੀਆਂ ਹਾਂ ਪਰ ਅਨੰਦ ਮੰਗਲ ਉਹ ਹੀ ਮਾਣਦੀਆਂ ਹਨ ਜਿਹਨਾਂ ਤੇ ਪ੍ਰਭੂ ਕਿਰਪਾਲੂ ਦੀ ਮਿਹਰ ਦੀ ਨਦਰ ਹੁੰਦੀ ਹੈ। ਉਹਨਾਂ ਦੇ ਹੀ ਹਿਰਦੇ ਰੂਪੀ ਸੇਜਾ ਵਿੱਚ ਆਡੰਬਰ ਬਣਦਾ ਹੈ ਜਦੋਂ ਜੀਵ-ਆਤਮਾ (ਪ੍ਰਮਾਤਮਾ) ਨਾਲ ਮਿਲ ਕੇ ਭੋਗ ਕਰਦੀ ਹੈ। ਉਹੋ ਹੀ ਸੁਹਾਗਣਾਂ ਹਨ ਜਿਹੜੀਆਂ ਪਿਰ ਨੂੰ ਭਾਉਂਦੀਆਂ ਹਨ ਤੇ ਬਸ ਉਹੋ ਹੀ ਸਹੁ ਦੀ ਸੇਜ ਮਾਣਦੀਆਂ ਹਨ ਤੇ ਆਤਮ ਭੋਗ ਕਰਦੀਆਂ ਹਨ।

**"ਜੋ ਪਿਰ ਭਾਵੈ ਸਾ ਸੋਹਾਗਣਿ,**
**ਸਾਈ ਪਿਰ ਕਉ ਮਿਲੈ ਸਿਆਣੀ।।"** (ਵਡਹੰਸ ਮ.੪,ਪੰਨਾ ੫੬੧)
**ਸਾਈ ਸੋਹਾਗਣਿ ਸਾਈ ਭਾਗਣ,**
**ਜੈ ਪਿਰਿ ਕਿਰਪਾ ਧਾਰੀ।।**
**ਪਿਰਿ ਅਉਗਣ ਤਿਸ ਕੇ ਸਭਿ ਗਵਾਏ,**
**ਗਲ ਸੇਤੀ ਲਾਇ ਸਵਾਰੀ।।** (ਵਾਰ ਰਾਮਕਲੀ ਮ ੫ ਪੰਨਾ ੯੫੯)

ਜਿਹਨਾਂ ਤੇ ਪ੍ਰਭੂ ਦੀ ਕਿਰਪਾ ਹੋ ਗਈ ਹੈ, ਉਹ ਭਾਗਾਂ ਵਾਲੀਆਂ ਹੋ ਗਈਆਂ ਹਨ। ਜਿਹੜੀਆਂ ਕੰਤ ਨੂੰ ਪਰਵਾਨ ਹੋ ਗਈਆਂ ਹਨ, ਦਰ ਕਬੂਲੀਆਂ ਗਈਆਂ ਹਨ, ਜਿਹਨਾਂ ਭਾਂਡਿਆਂ ਨੂੰ ਪ੍ਰਭੂ ਨੇ ਸਵਾਰ ਦਿੱਤਾ ਹੈ। ਜਿਹੜੀਆਂ ਕੰਤ ਨੂੰ ਪਿਆਰੀਆਂ ਹੋ ਗਈਆਂ ਹਨ, ਜਿਹਨਾਂ ਨੂੰ ਠਾਕੁਰ ਨੇ ਬਾਂਹ ਪਕੜ ਕੇ ਭਵ ਸਾਗਰ ਵਿਚੋਂ ਬਾਹਰ ਕਢ ਲਿਆ ਹੈ, ਉਹ ਹੀ ਪਰਧਾਨ ਗਰਦਾਨੀਆਂ ਗਈਆਂ ਹਨ। ਨਵ ਨਿਧੀ ਅਠਾਰਹ ਸਿੱਧੀ ਉਹਨਾਂ ਦੇ ਹੀ ਪਿਛੇ ਲਗੀਆਂ ਫਿਰਦੀਆਂ ਹਨ।

**"ਸਾ ਗੁਣਵੰਤੀ ਸਾ ਵਡਭਾਗਣਿ,**
**ਪੁਤ੍ਰਵੰਤੀ ਸੀਲਵੰਤਿ ਸੋਹਾਗਣਿ।।**
**ਰੂਪਵੰਤਿ ਸਾ ਸੁਘੜਿ ਬਿਚਖਣਿ,**
**ਜੋ ਧਨ ਕੰਤ ਪਿਆਰੀ ਜੀਉ।।੨।।**
**ਅਚਾਰਵੰਤਿ ਸਾਈ ਪਰਧਾਨੇ,**
**ਸਭ ਸਿੰਗਾਰ ਬਣੇ ਤਿਸੁ ਗਿਆਨੇ।।**
**ਸਾ ਕੁਲਵੰਤੀ ਸਾ ਸਭਰਾਈ,**
**ਜੋ ਪਿਰ ਕੇ ਰੰਗ ਸਵਾਰੀ ਜੀਉ।।** (ਮਾਝ ਮ ੫ ਪੰਨਾ ੯੭)

ਸੋਹਾਗਣੀ ਨੇ ਕਿਆ ਕਰਮ ਕਮਾਇਆ ਹੈ ਜਿਸ ਨੂੰ ਕਿ ਸਚੇ ਸਹੁ ਦੀ ਸੇਜ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ? ਇਹ ਕੋਈ ਲੁਕੀ ਛਿਪੀ ਗਲ ਨਹੀਂ। ਪ੍ਰਭੂ ਦੀ ਨਦਰ ਦਾ ਹੀ ਸਦਕਾ ਹੈ, ਜਿਨ੍ਹਾਂ ਦੇ ਪੂਰਬਲੇ ਭਾਗ ਜਾਗ ਪਏ ਉਹਨਾਂ ਤੇ ਪ੍ਰਭੂ ਦੀ ਕ੍ਰਿਪਾ ਹੋ ਗਈ। ਉਹਨਾਂ ਨੂੰ ਪ੍ਰਭੂ ਦੇ ਹੁਕਮਾਂ ਦੀ ਸੋਝੀ ਪੈ ਗਈ। ਉਹਨਾਂ ਨੇ ਆਪਣੇ ਜੀਵਨ ਨੂੰ ਪ੍ਰਭੂ ਹੁਕਮਾਂ ਅਨੁਸਾਰ ਢਾਲ ਲਿਆ। ਉਹ ਪ੍ਰਭੂ ਦੇ ਬੇ-ਖ੍ਰੀਦ ਦਾਸਰੇ ਬਣ ਗਏ। ਉਨ੍ਹਾਂ ਨੇ ਤਨ ਤੇ ਮਨ ਗੁਰੂ ਨੂੰ ਅਰਪ ਦਿੱਤਾ। ਧਨ ਤੇ ਪਹਿਲਾਂ ਹੀ ਦਾਤੇ ਦੀ ਦਾਤ ਸੀ, ਸੀਸ ਭਟ ਕਰ ਦਿੱਤਾ। ਹਉਮੈ ਵਿਚ ਮੱਤੇ, ਉਚੇ ਆਕੜਖਾਨ ਸਿਰ ਨੂੰ ਗੁਰੂ ਅੱਗੇ ਵੇਚ ਦਿੱਤਾ ਜਿਸ ਦੇ ਬਦਲੇ ਗੁਰ-ਦੀਖਿਆ (ਗੁਰ-ਸ਼ਬਦ,ਗੁਰਮੰਤ੍ਰ) ਮਿਲ ਗਈ। ਗਲ ਵਿਚ ਪਟਾ ਪੈ ਗਿਆ, ਨੱਕ ਵਿਚ ਨਕੇਲ ਪੈ ਗਈ। 'ਗੁਰਮੁਖ ਨਕ ਨਕੇਲ।' 'ਨੱਕ ਨੱਥ ਖਸਮ ਹੱਥ', ਨਖਸਮੇ ਤੋਂ ਖਸਮ ਵਾਲੇ ਬਣ ਗਏ। ਨਿਗੁਰੇ ਤੋਂ ਸਗੁਰੇ ਹੋ ਗਏ, ਸਹੁ ਦੇ ਬਣ ਗਏ। ਅਕਾਲੀ ਫ਼ੌਜ ਅਕਾਲ ਪੁਰਖ ਦੀ ਫ਼ੌਜ ਵਿਚ ਭਰਤੀ ਹੋ ਗਏ। ਖੂਬ ਖੰਡਾ ਖੜਕਣ ਲੱਗਾ, ਨਿਤ ਜੰਗ ਹੋਣ ਲੱਗੀ ਪੰਜਾਂ ਵੈਰੀਆਂ ਨਾਲ। ਅੰਦਰ ਸ਼ਬਦ ਵਸ ਗਿਆ। ਅਕਾਲੀ ਫ਼ੌਜ ਦਾ ਸਿਪਾਹੀ ਖਾਲਸ ਬਣ ਕੇ ਖਾਲਸਾ ਅਖਵਾਉਣ ਲੱਗ ਪਿਆ। ਖਾਲਸਾ ਵਾਹਿਗੁਰੂ ਦਾ ਹੋ ਗਿਆ। ਬਦੀ ਨਾਲ ਇਸ ਦੀ ਜੰਗ ਨਿੱਤ ਹੁੰਦੀ। ਹਮੇਸ਼ਾ 'ਸਤਿ' ਦੀ ਜਿਤ ਹੁੰਦੀ। 'ਸਤਿ' ਕਿਉਂਕਿ ਉਹ ਵਾਹਿਗੁਰੂ ਆਪ ਹੈ, ਸੋ ਫਤਹ ਭੀ ਵਾਹਿਗੁਰੂ ਦੀ ਹੁੰਦੀ।

**"ਵਾਹਿਗੁਰੂ ਜੀ ਕਾ ਖਾਲਸਾ**
**ਵਾਹਿਗੁਰੂ ਜੀ ਕੀ ਫਤਹ।।"**

ਜੀਵ ਦਾ ਸਹੁ ਨਾਲ ਪਿਆਰ ਪੈ ਗਿਆ। ਧਨੁ (ਜੀਵ ਇਸਤਰੀ) ਸੋਹਾਗਣਿ ਬਣ ਗਈ, ਅਕਾਲ ਪੁਰਖ ਦੀ ਬਖਸ਼ਸ਼ ਦਾ ਸਦਕਾ।

**"ਸੋਹਾਗਣੀ ਕਿਆ ਕਰਮੁ ਕਮਾਇਆ।।**
**ਪੂਰਬਿ ਲਿਖਿਆ ਫਲੁ ਪਾਇਆ।।**
**ਨਦਰਿ ਕਰੇ ਕੈ ਆਪਣੀ, ਆਪੇ ਲਏ ਮਿਲਾਏ ਜੀਉ।।੮।।**
**ਹੁਕਮੁ ਜਿਨਾ ਨੋ ਮਨਾਇਆ, ਤਿਨ ਅੰਤਰਿ ਸਬਦੁ ਵਸਾਇਆ,**
**ਸਹੀਆ ਸੇ ਸੋਹਾਗਣੀ, ਜਿਨ ਸਹ ਨਾਲਿ ਪਿਆਰੁ ਜੀਉ ।।੯।।**
(ਸਿਰੀ ਰਾਗੁ ਮ ੧, ਪੰਨਾ ੭੨)

ਸਹੀਆਂ ਸੇ ਸੋਹਾਗਣੀ ....... (ਸੇ ਸਹੀਆਂ ਸੁਹਾਗਣੀਆਂ)....... ਜਿਨ ਸਹਿ ਨਾਲ ਪਿਆਰ ਜੀਉ। ਹਾਂ ਹਾਂ! ਜਿਨ੍ਹਾਂ ਦਾ ਸਹੁ ਨਾਲ ਪਿਆਰ। ਅਜੇਹੀਆਂ ਸਹੀਆਂ ਦਾ ਕੀ ਚਿਹਨ ਹੋਇਆ ਜਿਹੜੀਆਂ ਸੋਹਾਗਣਾਂ ਗਰਦਾਨੀਆਂ ਗਈਆਂ?

**ਨਾਨਕ ਸੁਹਾਗਣਿ ਕਾ ਕਿਆ ਚਿਹਨੁ ਹੈ**
**ਅੰਦਰਿ ਸਚੁ ਮੁਖੁ ਉਜਲਾ,ਖਸਮੈ ਮਾਹਿ ਸਮਾਇ।।**
(ਵਾਰ ਸੂਹੀ ਮ ੩, ਪੰਨਾ ੭੮੫)

ਅਜੇਹੀਆਂ ਸਖੀਆਂ ਦੇ ਅੰਦਰ ਸਤਿ ਦੀ ਜੋਤ ਜਗ ਪਈ। ਚਿਹਰਾ ਦਗ ਦਗ ਕਰਨ ਲੱਗ ਪਿਆ, ਮਸਤਕ ਮਣੀ ਲਟ ਲਟ ਕਰ ਉੱਠੀ। ਚਿਹਰੇ ਦਾ ਝਲਕਾਰਾ ਝੱਲਣਾ ਮੁਸ਼ਕਲ ਹੋ ਗਿਆ। ਮੁਖ ਉੱਜਲ ਹੋ ਗਿਆ ਅਤੇ ਖਸਮ ਨਾਲ ਮਿਲਕੇ ਦੋ ਤੋਂ ਇੱਕ ਰੂਪ ਹੋ ਗਏ। ਅਜੇਹੀਆਂ ਇਸਤਰੀਆਂ ਧੰਨਤਾ ਯੋਗ ਹਨ ਜਿਨ੍ਹਾਂ ਨੇ ਪ੍ਰਭੂ ਨੂੰ ਪਛਾਣ ਲਿਆ ਹੈ, ਹਉਮੈ ਮਾਰ ਕੇ, ਆਪਾ ਛੱਡ ਕੇ, ਹੁਕਮ ਮੰਨਣ ਲੱਗ ਪਈਆਂ ਹਨ ਅਤੇ ਇਸ ਤਰ੍ਹਾਂ ਹੁਕਮੀ ਦਾਸੀਆਂ ਬਣ ਕੇ ਪ੍ਰਿਅ ਪ੍ਰਭੂ ਦੇ ਨਾਲ ਰੱਤੀਆਂ ਗਈਆਂ ਹਨ। ਪਿਰ ਸੰਗ ਰੱਤੀਆਂ ਰੰਗ ਰਲੀਆਂ ਮਾਣਦੀਆਂ ਹਨ।

**ਧਨੁ ਸੋਹਾਗਨਿ, ਜੋ ਪ੍ਰਭੂ ਪਛਾਨੈ।।**
**ਮਾਨੈ ਹੁਕਮੁ ਤਜੈ ਅਭਿਮਾਨੈ।।**
**ਪ੍ਰਿਅ ਸਿਉ ਰਾਤੀ ਰਲੀਆ ਮਾਨੈ।।੧।।** (ਸੂਹੀ ਮ ੫ ਪੰਨਾ ੭੩੭)


www.AKJ.Org

ਸਾਰੀਆਂ ਸੁਹਾਗਣਾਂ ਪ੍ਰਿਅ ਸਿਉ ਰਤੀਆਂ ਰਲੀਆਂ ਮਾਣ ਰਹੀਆਂ ਹਨ। ਨਿਕਰਮਣ ਇਸਤਰੀ ਬੇਨਤੀ ਕਰਦੀ ਹੈ ਕਿ ਮੇਰੀ ਵਾਰੀ ਕਦ ਆਏਗੀ? ਪ੍ਰਭੂ ਕਦੋਂ ਮੇਰੀ ਹਿਰਦੇ ਰੂਪੀ ਸੇਜ ਤੇ ਆਵੇਗਾ? ਹੇ ਪ੍ਰਭੂ! ਮੈਨੂੰ ਭੀ ਸਮਾਂ ਦਿਉ। ਇਕ ਰਾਤ ਮੈਨੂੰ ਭੀ ਅਨੰਦ ਮੰਗਲ ਮਾਨਣ ਨੂੰ ਦਿਉ।

**ਕਰਮਹੀਣ ਧਨ ਕਰੈ ਬਿਨੰਤੀ, ਕਦਿ ਨਾਨਕ ਆਵੈ ਵਾਰੀ।।**
**ਸਭਿ ਸੁਹਾਗਣਿ ਮਾਣਹਿ ਰਲੀਆ,ਇਕ ਦੇਵਹੁ ਰਾਤਿ ਮੁਰਾਰੀ।।੧।।**

(ਵਾਰ ਰਾਮਕਲੀ ਮ. ੫, ਪੰਨਾ ੯੫੯)

**ਕਰਮਹੀਣ ਧਨ ਕਰੈ ਬਿਨੰਤੀ.........**
**ਕਦਿ ਨਾਨਕ ਆਵੈ ਵਾਰੀ ............?**

ਕਦ ਨਾਨਕ ਆਵੈ ਵਾਰੀ?...... ਕਦ ਵਾਰੀ ਆਵੈ? ਕਦਿ ਨਾਨਕ ਆਵੈ ਵਾਰੀ? ਮੰਞੁ ਕੁਚੱਜੀ .......... ਮੰਞੁ ਕੁਚੱਜੀ ਅਮਾਵਣਿ ਡੋਸੜੇ (ਮੈਂ ਕੁਚੱਜੀ ਹਾਂ, ਦੋਸ਼ ਬਹੁਤ ਹਨ)....... ਹਉ ਕਿਉ ਸਹੁ ਰਾਵਣਿ ਜਾਉ ਜੀਉ (ਮੈਂ ਸਹੁ ਨਾਲ ਕਿਸ ਤਰ੍ਹਾਂ ਮੇਲ ਕਰਨ ਜਾਵਾਂ)....... ਮੰਞ ਕੁਚੱਜੀ ਅੰਮਾਵਣਿ ਡੋਸੜੇ........ ਅਮਾਵਣਿ ਡੋਸੜੇ, ........ ਮੰਞੁ ਕੁਚੱਜੀ..........।

**ਮੰਞੁ ਕੁਚੱਜੀ ਅੰਮਾਵਣਿ ਡੋਸੜੇ, ਹਉ ਕਿਉ ਸਹੁ ਰਾਵਣਿ ਜਾਉ ਜੀਉ।।**
**ਇਕ ਦੂ ਇਕਿ ਚੜੰਦੀਆਂ, ਕਉਣੁ ਜਾਣੈ ਮੇਰਾ ਨਾਉ ਜੀਉ।।**
**ਜਿਨੀ ਸਖੀ ਸਹੁ ਰਾਵਿਆ, ਸੇ ਅੰਬੀ ਛਾਵੜੀਏਹਿ ਜੀਉ।।**
**ਸੇ ਗੁਣ ਮੰਞੁ ਨ ਆਵਨੀ, ਹਉ ਕੈ ਜੀ ਦੋਸ ਧਰੇਉ ਜੀਉ।।**
**ਕਿਆ ਗੁਣ ਤੇਰੇ ਵਿਥਰਾ,ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ।।**
**ਇਕਤੁ ਟੋਲਿ ਨ ਅੰਬੜਾ, ਹਉ ਸਦ ਕੁਰਬਾਣੈ ਤੇਰੈ ਜਾਉ ਜੀਉ।।**
**ਸੁਇਨਾ ਰੁਪਾ ਰੰਗੁਲਾ, ਮੋਤੀ ਤੈ ਮਾਣਿਕੁ ਜੀਉ।।**
**ਸੇ ਵਸਤੂ ਸਹਿ ਦਿਤੀਆ, ਮੈ ਤਿਨ੍ ਸਿਉ ਲਾਇਆ ਚਿਤੁ ਜੀਉ।।**
**ਮੰਦਰ ਮਿਟੀ ਸੰਦੜੇ, ਪਥਰ ਕੀਤੇ ਰਾਸਿ ਜੀਉ।।**
**ਹਉ ਏਨੀ ਟੋਲੀ ਭੁਲੀਅਸੁ, ਤਿਸੁ ਕੰਤ ਨ ਬੈਠੀ ਪਾਸਿ ਜੀਉ।।**
**ਅੰਬਰਿ ਕੂੰਜਾ ਕੁਰਲੀਆ, ਬਗ ਬੈਹਿਠੇ ਆਇ ਜੀਉ।।**
**ਸਾ ਧਨ ਚਲੀ ਸਾਹੁਰੈ, ਕਿਆ ਮੁਹੁ ਦੇਸੀ ਅਗੈ ਜਾਇ ਜੀਉ।।**
**ਸੁਤੀ ਸੁਤੀ ਝਾਲੁ ਥੀਆ, ਭੁਲੀ ਵਾਟੜੀਆਸੁ ਜੀਉ।।**
**ਤੈ ਸਹ ਨਾਲਹੁ ਮੁਤੀਅਸੁ, ਦੁਖਾ ਕੂੰ ਧਰੀਆਸੁ ਜੀਉ।।**
**ਤੁਧੁ ਗੁਣ ਮੈ ਸਭਿ ਅਵਗਣਾ, ਇਕ ਨਾਨਕ ਕੀ ਅਰਦਾਸਿ ਜੀਉ।।**
**ਸਭ ਰਾਤੀ ਸੋਹਾਗਣੀ, ਮੈ ਡੋਹਾਗਣਿ ਕਾਈ ਰਾਤਿ ਜੀਉ।।**

(ਸੂਹੀ ਮ ੧, ਪੰਨਾ ੭੬੨)

ਹਾਂ ਜੀ, ਮੈਂ ਤੇ ਕੁਚੱਜੀ ਹਾਂ। ਸਭ ਸਖੀਆਂ ਇਕ ਤੋਂ ਇਕ ਵਧ ਹਨ। ਮੇਰਾ ਨਾਉ ਕਉਣ ਜਾਣਦਾ ਹੈ ? ਜਿਨ੍ਹਾਂ ਸਖੀਆਂ ਨੇ ਸਹੁ ਨਾਲ ਮਿਲਕੇ ਅਨੰਦ ਲਿਆ, ਉਹ ਸਮਝੋ ਅੰਬਾਂ ਦੀ ਛਾਵੇਂ ਬੈਠੀਆਂ ਹਨ। ਉਹ ਗੁਣ ਮੇਰੇ ਵਿਚ ਨਹੀਂ ਆਉਂਦੇ। ਮੈਂ ਕਿਸ ਉਤੇ ਦੋਸ਼ ਧਰਾਂ? ਹੇ ਵਾਹਿਗੁਰੂ! ਮੈਂ ਤੇਰੇ ਗੁਣਾਂ ਨੂੰ ਕੀ ਫੈਲਾਵਾਂ ਅਤੇ ਕੀ ਕੀ ਤੇਰਾ ਨਾਮ ਲਵਾਂ? ਮੈਂ ਤੇਰੀ ਵਡਿਆਈ ਨਹੀਂ ਕਰ ਸਕਦੀ। ਏਸੇ ਲਈ ਮੈਂ ਸਦਾ ਤੈਥੋਂ ਕੁਰਬਾਨ ਜਾਂਦੀ ਹਾਂ। ਜਿਹੜਾ, ਚਾਂਦੀ, ਮੋਤੀ ਮਾਣਕ ਵਸਤੂਆਂ, ਹੇ ਮਾਲਕਾ ! ਤੂੰ ਦਿੱਤੀਆਂ ਹਨ, ਮੈਂ ਇਹਨਾਂ ਨਾਲ ਚਿਤ ਲਾਇਆ ਹੈ। ਜਿਹੜੇ ਮਕਾਨ ਮਿੱਟੀ ਤੇ ਪੱਥਰਾਂ ਨਾਲ ਬਣਾਏ ਹਨ, ਮੈਂ ਇਹਨਾਂ ਬਹੁਤੇ ਪਦਾਰਥਾਂ ਵਿਚ ਭੁਲ ਗਈ ਹਾਂ। ਉਹ ਜੋ ਮੇਰਾ ਮਾਲਕ ਹੈ, ਮੈਂ ਉਸ ਦੇ ਕੋਲ ਨਹੀਂ ਬੈਠੀ। ਉਸ ਨਾਲ ਚਿਤ ਨਹੀਂ ਲਾਇਆ ਭਾਵ ਨਾਮ ਨਹੀਂ ਜਪਿਆ। ਅਕਾਸ਼ ਵਿਚ ਕੂੰਜਾਂ ਬੋਲੀਆਂ ਭਾਵ ਸਿਰ ਤੋਂ ਕਾਲੇ ਵਾਲ ਜਾਣ ਲਗੇ ਅਤੇ ਬਗਲੇ ਅਥਵਾ ਚਿੱਟੇ ਵਾਲ ਆ ਗਏ। ਜਦੋਂ ਜੀਵ ਇਸਤਰੀ ਪਰਮੇਸ਼ਰ ਕੋਲ ਚੱਲੀ, ਹੁਣ ਦੱਸੋ ਅੱਗੇ ਜਾ ਕੇ ਕੀ ਮੂੰਹ ਦੇਵੇਗੀ। ਅਗਿਆਨਤਾ ਵਿਚ ਸੁੱਤੀ ਨੂੰ ਉਮਰ ਬੀਤ ਗਈ ਅਤੇ ਇਹ ਰਾਹ ਭੁਲ ਗਿਆ। ਹੇ ਪ੍ਰਭੂ ! ਤੇਰੇ ਨਾਲੋਂ ਵਿਛੜ ਗਈ, ਏਸੇ ਲਈ ਦੁੱਖ ਪਾਂਦੀ ਹਾਂ। ਦਾਤਾਰ ਜੀਓ ! ਤੇਰੇ ਵਿਚ ਸਾਰੇ ਗੁਣ ਹਨ ਅਤੇ ਮੇਰੇ ਵਿਚ ਸਾਰੇ ਔਗੁਣ ਹਨ। ਮੇਰੀ ਇਕ ਇਹ ਬੇਨਤੀ ਹੈ –

**"ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ।"**

ਸਾਰੀਆਂ ਉਮਰ ਰੂਪ ਰਾਤਾਂ ਸੁਹਾਗਣਾ ਇਸਤਰੀਆਂ ਦੀਆਂ ਹਨ ਭਾਵ ਸਫ਼ਲ ਹਨ, ਹੇ ਪ੍ਰਭੂ ! ਜਿਹੜੀ ਮੈਂ ਛੱਡੀ ਹੋਈ ਇਸਤਰੀ ਹਾਂ, ਮੇਰੀ ਭੀ ਕੋਈ ਰਾਤ ਹੈ ਭਾਵ ਮੈਂ ਵੀ ਕਿਸੇ ਰਾਤ ਤੇਰੇ ਪਾਸ ਆ ਸਕਦੀ ਹਾਂ ?

**"ਸਭੇ ਕੰਤੈ ਰਤੀਆ, ਮੈ ਦੋਹਾਗਣਿ ਕਿਤੁ।।**
**ਮੈ ਤਨਿ ਅਵਗਣ ਏਤੜੇ, ਖਸਮ ਨ ਫੇਰੇ ਚਿਤ।।"**

(ਵਾਰ ਸੂਹੀ ਮ ੩, ਪੰਨਾ ੭੯੦)

ਗੁਰਮੁਖ ਰੂਪ ਸਾਰੀਆਂ ਇਸਤ੍ਰੀਆਂ ਵਾਹਿਗੁਰੂ ਨਾਲ ਰਤੀਆਂ ਹੋਈਆਂ ਹਨ, ਮੈਂ ਦਹਾਗਣ ਕਿਸ ਗਿਣਤੀ ਵਿਚ ਹਾਂ? ਮੇਰੇ ਸਰੀਰ ਵਿਚ ਐਨੇ ਔਗੁਣ ਹਨ ਕਿ ਪਤੀ ਮੇਰੇ ਵੱਲ ਚਿਤ ਨਹੀਂ ਫੇਰਦਾ।

**"ਸਭ ਅਵਗੁਣ, ਮੈ ਗੁਣੁ ਨਹੀ ਕੋਈ।।**
**ਕਿਉ ਕਰਿ ਕੰਤ ਮਿਲਾਵਾ ਹੋਈ।।੧।।**
**ਨ ਮੈ ਰੂਪੁ, ਨ ਬੰਕੇ ਨੈਣਾ ।।**
**ਨ ਕੁਲ ਢੰਗੁ, ਨ ਮੀਠੇ ਬੈਣਾ।।੧।।ਰਹਾਉ।।"**
**——— ਸੁਰਤਿ ਮਤਿ ਨਾਹੀ ਚਤੁਰਾਈ।।**
**ਕਰਿ ਕਿਰਪਾ ਪ੍ਰਭ ਲਾਵਹੁ ਪਾਈ।।੪।।**
**ਖਰੀ ਸਿਆਣੀ ਕੰਤ ਨ ਭਾਣੀ।।**
**ਮਾਇਆ ਲਾਗੀ ਭਰਮਿ ਭੁਲਾਣੀ।।੫।। ———**
**——— ਅਨਿਕ ਜਨਮ ਬਿਛੁਰਤ ਦੁਖੁ ਪਾਇਆ।।**
**ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ।।੭।।**

(ਰਾਗੁ ਸੂਹੀ ਅਸਟਪਦੀਆਂ ਮ ੧, ਪੰਨਾ ੭੫੦)

ਮੇਰੇ ਵਿੱਚ ਸਾਰੇ ਔਗੁਣ ਹਨ। ਗੁਣ ਤਾਂ ਕੋਈ ਵੀ ਨਹੀ। ਪ੍ਰਭੂ ਨਾਲ ਕਿਵੇਂ ਮੇਲ ਹੋਵੇਗਾ ? ਨਾਂ ਮੇਰਾ ਸੁੰਦਰ ਰੂਪ ਹੈ, ਨਾਂ ਮੇਰੇ ਬੰਕੇ ਨੈਣ ਹਨ, ਨਾਂ ਮੇਰੀ ਕੋਈ ਕੁਲ (ਜ਼ਾਤ) ਹੈ, ਨਾਂ ਕੋਈ ਚੰਗਾ ਕੰਮ ਹੈ ਅਤੇ ਨਾਂ ਹੀ ਮਿੱਠੇ ਬੋਲ ਹਨ। ਚੰਗੀ ਪ੍ਰੀਤੀ, ਅਕਲ ਵਿਚ ਸਿਆਣਪ ਭੀ ਨਹੀਂ।

ਹੇ ਪ੍ਰਭੂ ਜੀ ! ਕਿਰਪਾ ਕਰਕੇ ਆਪਣੀ ਚਰਨੀ ਲਾਓ। ਜੀਵ ਰੂਪ ਇਸਤਰੀ ਵਿਹਾਰਾਂ ਵਿੱਚ ਤਾਂ ਬਹੁਤ ਹੀ ਸਿਆਣੀ ਹੈ ਪਰ ਕੰਤ ਪਰਮੇਸ਼ਰ ਨੂੰ ਨਹੀਂ ਭਾਈ, ਕਿਉਂਕਿ ਉਹ ਮਾਇਆ ਦੇ ਕੰਮਾਂ ਵਿਚ ਲੱਗਕੇ ਭਰਮਾਂ ਵਿਚ ਭੁੱਲੀ ਹੋਈ ਹੈ। ਹੇ ਵਾਹਿਗੁਰੂ ! ਤੈਥੋਂ ਵਿਛੜ ਕੇ ਅਨੇਕਾਂ ਜਨਮਾਂ ਵਿਚ ਦੁਖ ਪਾਇਆ ਹੈ। ਹੇ ਪ੍ਰੀਤਮਾ! ਮੇਰਾ ਹੱਥ ਫੜ ਲਉ। ਬਾਂਹਿ ਪਕੜ ਭਵਜਲ ਵਿਚੋਂ ਕੱਢ ਲਓ।


www.AKJ.Org

" ਹਉ ਬਲਿਹਾਰੀ ਤਿਨ ਕਉ, ਸਿਫਤਿ ਜਿਨਾ ਦੈ ਵਾਤਿ।।
ਸਭਿ ਰਾਤੀ ਸੋਹਾਗਣੀ, ਇਕ ਮੈ ਦੋਹਾਗਣਿ ਰਾਤਿ।।"

(ਵਾਰ ਸੂਹੀ ਮ ੩, ਪੰਨਾ ੧੫੦)

ਜਿਨ੍ਹਾਂ ਦੇ ਮੂੰਹੋਂ ਵਾਹਿਗੁਰੂ ਦੀ ਸਿਫ਼ਤ ਹੁੰਦੀ ਹੈ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦੀ ਹਾਂ। ਹੇ ਵਾਹਿਗੁਰੂ ! ਜਿਸ ਤਰ੍ਹਾਂ ਸਾਰੀਆਂ ਸੁਹਾਗਣਾਂ ਦੀ ਉਮਰ ਰੂਪੀ ਰਾਤ ਸਫ਼ਲ ਕੀਤੀ ਹੈ, ਉਸੇ ਹੀ ਤਰ੍ਹਾਂ ਮੇਰੀ ਦੁਹਾਗਣੀ ਦੀ ਵੀ ਇਕ ਰਾਤ ਸਫ਼ਲ ਕਰੋ।

"ਮੇਰਾ ਹਰਿ ਪ੍ਰਭੁ ਸੁੰਦਰੁ, ਮੈ ਸਾਰ ਨਾ ਜਾਣੀ।।
ਹਉ ਹਰਿ ਪ੍ਰਭ ਛੋਡਿ ਦੂਜੈ ਲੋਭਾਣੀ।। ੧।।
ਹਉ ਕਿਉ ਕਰਿ ਪਿਰ ਕਉ ਮਿਲਉ ਇਆਣੀ ।।
ਜੋ ਪਿਰ ਭਾਵੈ ਸਾ ਸੋਹਾਗਣਿ,
ਸਾਈ ਪਿਰ ਕਉ ਮਿਲੈ ਸਿਆਣੀ।। ੧।। ਰਹਾਉ।।
ਮੈ ਵਿਚਿ ਦੋਸ, ਹਉ ਕਿਉ ਕਰਿ ਪਿਰੁ ਪਾਵਾ।
ਤੇਰੇ ਅਨੇਕ ਪਿਆਰੇ ਹਉ ਪਿਰ ਚਿਤ ਨ ਆਵਾ । ੨।
ਜਿਨਿ ਪਿਰੁ ਰਾਵਿਆ, ਸਾ ਭਲੀ ਸੁਹਾਗਣਿ।।
ਸੇ ਮੈ ਗੁਣ ਨਾਹੀ, ਹਉ ਕਿਆ ਕਰੀ ਦੁਹਾਗਣਿ। ੩।
ਨਿਤ ਸੁਹਾਗਣਿ ਸਦਾ ਪਿਰੁ ਰਾਵੈ।।
ਮੈ ਕਰਮਹੀਣ ਕਬਹੀ ਗਲ ਲਾਵੈ।। ੪।।
ਤੂੰ ਪਿਰੁ ਗੁਣਵੰਤਾ ਹਉ ਅਉਗਣਿਆਰਾ।।
ਮੈ ਨਿਰਗੁਣ ਬਖਸਿ, ਨਾਨਕੁ ਵੇਚਾਰਾ।।੫।।੨।।

( ਵਡਹੰਸ ਮ ੪, ਪੰਨਾ ੫੬੧ )

ਮੇਰਾ ਵਾਹਿਗੁਰੂ ਹਰ ਤਰ੍ਹਾਂ ਨਾਲ ਸੁੰਦਰ ਹੈ ਪਰ ਮੈਂ ਉਸ ਦੀ ਸਾਰ ਨਹੀਂ ਜਾਣੀ। ਮੈਂ ਆਪਣੇ ਮਾਲਕ ਪ੍ਰਭੂ ਨੂੰ ਛਡਕੇ ਦੂਸਰੇ ਭਾਉ ਵਾਲੇ ਸੰਸਾਰ ਵਿਚ ਲੁਭਾਈ ਹੋਈ ਹਾਂ। ਮੈਂ ਮੂਰਖ ( ਨਿਆਣੀ ) ਆਪਣੇ ਮਾਲਕ ਨੂੰ ਕਿਸ ਤਰ੍ਹਾਂ ਮਿਲਾਂ ? ਜੇਹੜੀ ਪਤੀ ਪਰਮੇਸ਼ਰ ਨੂੰ ਭਾਉਂਦੀ ਹੈ ਉਹੋ ਹੀ ਸੁਹਾਗਣ ਇਸਤ੍ਰੀ ਹੈ, ਉਹੋ ਹੀ ਸਿਆਣੀ ਇਸਤ੍ਰੀ ਪਤੀ ਨੂੰ ਮਿਲਦੀ ਹੈ। ਮੇਰੇ ਵਿਚ ਦੋਸ਼ ਬਹੁਤ ਹਨ ? ਮੈਂ ਆਪਣੇ ਮਾਲਕ ਨੂੰ ਕਿਵੇਂ ਪਾਵਾਂ ? ਹੇ ਵਾਹਿਗੁਰੂ ! ਤੇਰੇ ਤਾਂ ਅਨੇਕਾਂ ਪਿਆਰੇ ਹਨ। ਇਸ ਲਈ ਮੈਂ ਤੈਨੂੰ ਯਾਦ ਨਹੀਂ ਆਉਂਦੀ। ਜਿਨ੍ਹਾਂ ਨੇ ਪਤੀ ਪਰਮੇਸ਼ਰ ਦੇ ਆਨੰਦ ਨੂੰ ਮਾਣਿਆ ਹੈ ਉਹ ਬੜੀਆਂ ਚੰਗੀਆਂ ਸੁਹਾਗਣ ਇਸਤ੍ਰੀਆਂ ਹਨ। ਉਨ੍ਹਾਂ ਸੁਹਾਗਣੀਆਂ ਵਾਲੇ ਗੁਣ ਮੇਰੇ ਵਿਚ ਨਹੀਂ ਹਨ, ਇਸ ਲਈ ਮੈਂ ਛੁੱਟੜ ਇਸਤ੍ਰੀ ਕੀ ਕਰਾਂਗੀ ਭਾਵ ਆਤਮ ਸੁੱਖ ਕਿਵੇਂ ਪਾਵਾਂਗੀ ? ਜਿਹੜੀ ਮਾਲਕ ਨੂੰ ਰੋਜ਼ ਮਿਲਕੇ ਆਨੰਦ ਮਾਣਦੀ ਹੈ ਉਹ ਸਦਾ ਹੀ ਸੁਹਾਗਣ ਇਸਤਰੀ ਹੈ। ਮੈਨੂੰ ਕਰਮਾਂ ਤੋਂ ਹੀਣੀ ਨੂੰ ਕਦੀ ਤਾਂ ਗਲ ਨਾਲ ਲਗਾਵੇਗਾ ਹੀ। ਹੇ ਪ੍ਰਭੂ। ਤੂੰ ਗੁਣ ਵਾਲਾ ਹੈਂ। ਮੈਂ ਔਗੁਣਾਂ ਦੀ ਭਰੀ ਹੋਈ ਹਾਂ, ਮੈਂ ਗੁਣਹੀਣ ਤੇ ਗਰੀਬ ਹਾਂ। ਜਿਵੇਂ ਜਾਣਦਾ ਹੈਂ, ਮੈਨੂੰ ਬਖਸ਼ ਲੈ।

" ਨਿਤ ਸੁਹਾਗਣਿ ਸਦਾ ਪਿਰੁ ਰਾਵੈ।।
ਮੈ ਕਰਮਹੀਣ ਕਬਹੀ ਗਲਿ ਲਾਵੈ।।"
"ਤੂੰ ਪਿਰੁ ਗੁਣਵੰਤਾ, ਹਉ ਅਉਗਣਿਆਰਾ।।
ਮੈ ਨਿਰਗੁਣ ਬਖਸਿ, ਨਾਨਕ ਵੇਚਾਰਾ।। "
ਮੈ ਨਿਰਗੁਣ ਬਖਸਿ ਨਾਨਕੁ ਵੇਚਾਰਾ......
ਨਾਨਕੁ ਵੇਚਾਰਾ............।
"ਕਰਮਹੀਣ ਧਨ ਕਰੈ ਬਿਨੰਤੀ...........
ਕਦਿ ਨਾਨਕ ਆਵੈ ਵਾਰੀ...........।
ਸਭਿ ਸੁਹਾਗਣਿ ਮਾਣਹਿ ਰਲੀਆਂ,
ਇਕ ਦੇਵਹੁ ਰਾਤਿ ਮੁਰਾਰੀ......ਇਕ
ਦੇਵਹੁ ਰਾਤਿ ਮੁਰਾਰੀ.........

*******

## ਸਿੱਖ ਕਿਵੇਂ ਬਣੀਦਾ ਹੈ?

(ਪ੍ਰੋ:ਅਮਰਜੀਤ ਕੌਰ)

ਆਦਿ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੇ ਕੇ ਦਸਵੀਂ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਲਗਪਗ 35 ਬਰਸ ਦੀ ਆਯੂ ਤਕ ਸਿੱਖ ਬਣਨ ਦੀ ਪਾਵਨ ਮਰਿਆਦਾ ਚਰਣਾਮ੍ਰਿਤ ਛਕਣਾ ਹੁੰਦੀ ਸੀ। ਪੰਥ ਦੇ ਬ੍ਰਹਮ ਵਿਦਵਾਨ ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਇਸ ਸੰਬੰਧ ਵਿੱਚ ਗਵਾਹੀ ਵੀ ਹੈ:

"ਚਰਨ ਧੋਇ ਰਹਰਾਸਿ ਕਰਿ, ਚਰਣਾਮ੍ਰਿਤ ਸਿਖਾ ਪੀਲਾਇਆ।"

(ਭਾਈ ਗੁਰਦਾਸ, ਵ: ੧, ਪਉ ੨੩)

ਸ੍ਰੀ ਦਸਮੇਸ਼ ਜੀ ਨੇ ਆਪਣੀ ਅਗਾਧ ਤੇ ਅਮਿਤ ਗਤੀ ਦੁਆਰਾ ਸਿੱਖ ਬਣਨ ਦੀ ਪਵਿੱਤਰ ਮਰਯਾਦਾ, ਚਰਣਾਮ੍ਰਿਤ ਦੀ ਥਾਵੇਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਦਾ ਲਈ ਅਤੇ ਸਭ ਲਈ 'ਪੰਚ ਪਰਵਾਨ' ਖ਼ਾਲਸੇ ਦੀ ਰਾਹੀਂ ਤਿਆਰ ਕੀਤੇ ਖੰਡੇ ਦੇ ਅੰਮ੍ਰਿਤ ਵਿੱਚ ਬਦਲ ਦਿੱਤੀ। ਸੋ 1699 ਈਸਵੀ ਦੀ ਵਿਸਾਖੀ ਤੋਂ ਬਾਅਦ ਹਰ ਪ੍ਰਾਣੀ, ਜੋ ਸਤਿਗੁਰ ਦੇ ਭਾਣੇ ਵਿੱਚ ਆ ਕੇ ਨਿਗੁਰੇ ਤੋਂ ਸਗੁਰਾ ਬਣਨਾ ਚਾਹੁੰਦਾ ਹੈ, ਉਸ ਲਈ ਖੰਡੇ ਦਾ ਅੰਮ੍ਰਿਤ ਛਕਣਾ ਅਵੱਸ਼ਯ ਹੀ ਜਰੂਰੀ ਹੈ। ਖੰਡੇ ਦਾ ਅੰਮ੍ਰਿਤ ਛਕੇ ਬਿਨਾਂ ਕੋਈ ਪ੍ਰਾਣੀ ਸਿੱਖ ਅਖਵਾ ਹੀ ਨਹੀਂ ਸਕਦਾ, ਚਾਹੇ ਉਹ ਸਿੱਖ ਘਰਾਣੇ ਵਿੱਚ ਜਨਮ ਲੈਣ ਕਰਕੇ ਕੇਸਧਾਰੀ ਵੀ ਕਿਉਂ ਨਾ ਹੋਵੇ। ਦਸਮ ਪਾਤਸ਼ਾਹ ਜੀ ਦਾ ਹੁਕਮ ਇੱਥੋਂ ਤੱਕ ਹੈ ਕਿ:

ਧਰੇ ਕੇਸ ਪਾਹੁਲ ਬਿਨਾ ਭੇਖੀ ਮੂੜਾ ਸਿਖ।।
ਮੇਰਾ ਦਰਸ਼ਨ ਨਾਹਿ ਤਿਸ ਪਾਪੀ ਤਿਆਗੈ ਭਿਖੁ।।

ਉਹ ਭੇਖੀ ਹੈ, ਸਿੱਖ ਨਹੀਂ। ਸਿੱਖ ਬਣਨ ਲਈ ਸਿੱਖ ਮੱਤ ਦੇ ਧਾਰਨ ਕਰਨ ਲਈ ਪ੍ਰਥਮ ਤੇ ਮੂਲ ਨਿਯਮ ਖੰਡੇ ਦਾ ਅੰਮ੍ਰਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜ ਤਿਆਰ-ਬਰ-ਤਿਆਰ ਕਰਣੀ ਕਮਾਈ ਵਾਲੇ ਅੰਮ੍ਰਿਤਧਾਰੀ ਸਿੰਘਾਂ ਪਾਸੋਂ ਗੁਰ ਮਰਯਾਦਾ ਅਨੁਸਾਰ ਛਕਣਾ ਜ਼ਰੂਰੀ ਹੈ।

ਮਨ ਕੀ ਮਤਿ ਤਿਆਗਹੁ ਹਰਿ ਜਨ,
ਹੁਕਮੁ ਬੂਝਿ ਸੁਖੁ ਪਾਈਐ ਰੇ।।
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ,
ਸੁਖਿ ਦੁਖਿ ਓਹੀ ਧਿਆਈਐ ਰੇ।। (ਪੰਨਾ ੨੦੯)


www.AKJ.Org

# ਸਹਜ

(ਭਾਈ ਹੀਰਾ ਸਿੰਘ ਜੀ)

ਗੁਰਬਾਣੀ ਅੰਦਰ ਸਹਜ ਕਈ ਅਰਥਾਂ ਵਿਚ ਆਇਆ ਹੈ, ਜਿਵੇਂ :-

(ੳ) ਸਹਜ=ਨਿਰਜਤਨ, "ਸਤਿਗੁਰੂ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ" (ਰਾਮਕਲੀ ਮ:੩ ਅਨੰਦ ਪੰਨਾ ੯੧੭)

(ਅ) ਕੁਦਰਤੀ ਸੁਭਾਉ, "ਨਾਨਕ ਜਿਉ ਪਾਵਕ ਕਾ ਸਹਜ ਸੁਭਾਉ" (ਸੁਖਮਨੀ ਪੰਨਾ ੨੭੨)

(ੲ) ਸਹਜਿ= ਹੌਲੀ ਹੌਲੀ, "ਦਹਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ" (ਬਾਰਾ ਮਾਹਾ ਤੁਖਾਰੀ ਮ:੧ ਪੰਨਾ ੧੧੦੯)

(ਸ) ਸਹਜਿ=ਧੀਰਜ, ਸਾਂਤੀ ਲਾਲ, "ਬਾਬੀਹਾ ਤੂੰ ਸਹਜਿ ਬੋਲਿ ਸਚੈ ਸ਼ਬਦਿ ਸੁਭਾਇ"। (ਸਲੋਕ ਵਾਰਾਂ ਤੇ ਵਧੀਕ ਮ:੩ ਪੰਨਾ ੧੪੨੦)

(ਹ) ਸਦਾਚਾਰ, ਸੁਸ਼ੀਲਤਾ, "ਸਹਜਿ ਸੀਗਾਰ ਕਾਮਣਿ ਕਰਿ ਆਵੈ, ਤਾ ਸੁਹਾਗਣਿ ਜਾ ਕੰਤੈ ਭਾਵੈ " (ਗਉੜੀ ਅਸਟ : ੧ ਪੰਨਾ ੨੫੦)

(ਕ) ਬਿਬੇਕ ਵਿਚਾਰ, "ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਜੀਵਣੁ ਬਾਦਿ"। (ਸਿਰੀ ਰਾਗ ਅਸਟ : ਮ ੩-੬੮)

(ਖ) ਆਤਮ ਗਿਆਨ, "ਗੁਰ ਬਿਨੁ ਸਹਜੁ ਨ ਊਪਜੈ ਭਾਈ, ਪੂਛਹੁ ਗਿਆਨੀਆ ਜਾਇ। (ਸੋਰਠਿ ਮ ੩-੬੩੮)

(ਗ) ਆਤਮ ਆਨੰਦ "ਚਉਥੇ ਪਦ ਮਹਿ ਸਹਜੁ ਹੈ, ਗੁਰਮੁਖਿ ਪਲੈ ਪਾਇ।" (ਸਿਰੀ ਰਾਗ ਮ:੩-੬੮)

(ਘ) ਅਕਾਲ ਪੁਰਖ ਵਾਹਿਗੁਰੂ "ਸੁਣਿਐ ਲਾਗੈ ਸਹਜਿ ਧਿਆਨੁ" (ਜਪੁ-੩)

2. ਸਹਜਿ ਸਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ" (ਸਿਰੀ ਮ:੩-੬੮)

ਇਸ ਵਾਸਤੇ ਸਹਜ (ਸਹਜਿ) ਦਾ ਅਰਥ, ਮਨੁੱਖ ਦਾ ਸੁਭਾਵ, ਆਦਤ, ਫਿਤਰਤ, ਅਸਲ ਪ੍ਰਕਿਰਤੀ, ਧੀਰਜ, ਸ਼ਾਂਤੀ ਹੈ। ਬਿਬੇਕ ਵਿਚਾਰ ਆਤਮ ਗਿਆਨ ਤੇ ਵਾਹਿਗੁਰੂ (ਪਾਰਬ੍ਰਹਮ) ਪ੍ਰਥਾਏ ਭੀ ਇਹ ਸ਼ਬਦ ਗੁਰਬਾਣੀ ਅੰਦਰ ਆਇਆ ਹੈ। ਇਹ ਸ਼ਬਦ ਸਹਜ ਤੋਂ ਸਿਰਜਿਆ ਗਿਆ। ਜਿਸਦਾ ਅਰਥ, ਸਹ=ਸਾਥ, ਜ=ਪੈਦਾ ਹੋਇਆ, ਸਾਥ ਪੈਦਾ ਹੋਇਆ (ਜਨਮਿਆ) ਹੈ ਭਾਵ ਜੋ ਮਾਨਵੀ ਮਨ ਦੇ ਨਾਲ ਹੀ ਜਨਮਿਆ ਹੈ। ਯਾ ਤੇ ਸਹਜ, ਮਨ ਦਾ ਸੁਭਾਵ ਹੀ ਹੈ। ਆਯੁਰਵੇਦਾਚਾਰੀਆਂ ਦਾ ਕਥਨ ਹੈ ਕਿ ਮਨ ਅੰਦਰ ਇਕ ਪ੍ਰਕ੍ਰਿਤਕ ਸ਼ਕਤੀ ਹੈ ਜੋ ਗਿਆਨੇਂਦ੍ਰੀਆਂ ਦੇ ਸੰਪਰਕ ਨਾਲ ਜਾਗ੍ਰਿਤ ਹੁੰਦੀ ਰਹਿੰਦੀ ਹੈ। ਅੰਗਰੇਜ਼ੀ ਵਿੱਚ ਇਸ ਨੂੰ ਨੇਚੁਰਲ ਡਿਸਪੋਜ਼ੀਸ਼ਨ (Natural Disposition) ਅਥਵਾ ਇੰਨਸਟਿੰਕਿਟ (Instinct) ਕਹਿੰਦੇ ਹਨ।

ਗਿਆਨੇਂਦ੍ਰੀਆਂ ਦੁਆਰਾ ਹੀ ਮਨ ਵੇਖਦਾ, ਸੁਣਦਾ, ਸੁੰਘਦਾ, ਚੱਖਦਾ ਤੇ ਸਪਰਸ਼ ਆਦਿ ਮਹਿਸੂਸਦਾ ਹੈ। ਇਹ ਮਹਿਸੂਸਨਾ ਹੀ ਇਸ ਮਨ ਦਾ ਪ੍ਰਕ੍ਰਿਤਕ ਸੁਭਾਉ ਹੈ ਅਤੇ ਜਿਹੋ ਜਿਹਾ ਕਿਸੀ ਪ੍ਰਾਣੀ ਦੇ ਮਨ ਦਾ ਸੁਭਾਉ ਪੱਕ ਜਾਂਦਾ ਹੈ, ਤੇਹੋ ਜਿਹਾ ਹੀ ਮਨੁੱਖ ਫਿਤਰੀ ਬਣ ਜਾਂਦਾ ਹੈ। ਮਨੁੱਖ ਦੇ ਸੁਭਾਵ ਦੀ ਪੱਕੀ ਹੋਈ ਫਿਤਰਤ ਬਦਲਨੀ ਕਠਿਨ ਹੋ ਜਾਂਦੀ ਹੈ। ਬਿਨਾਂ ਗੁਰਬਾਣੀ ਦੇ ਉਪਦੇਸ਼ ਰੂਪੀ ਅੰਕਸ ਤੋਂ ਪਕਿਆ ਹੋਇਆ ਸੁਭਾਵ ਬਦਲਿਆ ਨਹੀਂ ਜਾ ਸਕਦਾ।

"ਗੁਰ ਅੰਕਸੁ ਜਿਨਿ ਨਾਮੁ ਦ੍ਰਿੜਾਇਆ
ਭਾਈ, ਮਨ ਵਸਿਆ ਚੂਕਾ ਭੇਖੁ।।" (ਸੋਰਠਿ ਮ: ੧ ਅਸਟ-੬੩੬)

ਯਾਂ ਤੇ ਇਸ ਮਨ ਨੂੰ ਸਹਜ ਅਵਸਥਾ ਵਿੱਚ ਰੱਖਣੇ ਖਾਤਿਰ ਸਤਿਗੁਰੂ ਜੀ ਨੇ ਗਿਆਨ ਇੰਦਰੀਆਂ ਨੂੰ ਕਾਬੂ (Control) ਵਿਚ ਰੱਖਣ ਵਾਸਤੇ ਇੰਝ ਗੁਰਮਤਿ ਪ੍ਰਕ ਸ਼ੀ ਹੈ ਕਿ--

ੳ) ਏ ਨੇਤ੍ਰਹੁ ਮੇਰਿਹੋ ਹਰਿ ਤੁ.: ਮਹਿ ਜੋਤਿ ਧਰੀ।।
ਹਰਿ ਬਿਨੁ ਅਵਰੁ ਨ ਦੇਖਹੁ ਕੋਈ।।

ਅ) ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ।।
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ।।

ੲ) ਏ ਰਸਨਾ ਤੂ ਅਨਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਏ।।
ਪਿਆਸਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸ ਪਲੈ ਨ ਪਾਇ।।

ਸ) ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ,
ਤਾ ਤੂ ਜਗ ਮਹਿ ਆਇਆ।।

ਹ) ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ।। (ਰਾਮਕਲੀ ਮ ੩ ਅਨੰਦ)

ਜਦੋਂ ਗੁਰਸਿਖ, ਗੁਰਮਤਿ ਸਿਖਿਆ ਨੂੰ ਮਨ ਵਿੱਚ (ਚਿੱਤ) ਦੀਆਂ ਵਿਰਤੀਆਂ ਨੂੰ ਕੇਂਦ੍ਰਿਤ ਕਰਕੇ, ਚੰਗੀ ਤਰ੍ਹਾਂ ਸੁਣਦਾ, ਵਿਚਾਰਦਾ ਅਤੇ ਮੰਨਕੇ ਆਪਣੇ ਹਿਰਦੇ ਵਿੱਚ ਵਸਾਂਦਾ ਹੈ ਅਤੇ ਉਸ ਗੁਰਮਤਿ ਉੱਪਰ ਪੂਰਨ ਅਮਲ ਕਰਦਾ ਹੈ ਤਾਂ ਉਸ ਸੂਰਤ ਵਿਚ ਉਸ ਗੁਰਸਿਖ ਦਾ ਮਨ ਸਹਜ ਅਵਸਥਾ ਵਿਚ ਹੁੰਦਾ ਹੈ। ਉਸ ਦੇ ਮਨ ਦੀ ਚੰਚਲਤਾਈ ਮਿਟ ਜਾਂਦੀ ਹੈ ਅਤੇ ਅੰਤਹਕਰਣ ਆਤਮ ਗਿਆਨ ਨਾਲ ਜਗਮਗਾ ਉੱਠਦਾ ਹੈ। ਗੁਰਮਤਿ ਅੰਦਰ ਇਸ ਗਿਆਨ-ਅਵਸਥਾ ਦਾ ਜ਼ਿਕਰ ਇਸ ਤਰ੍ਹਾਂ ਆਇਆ ਹੈ:-

........... ਸਹਜੇ ਜਾਗਣੁ ਸਹਜੇ ਸੋਇ।।
ਸਹਜੇ ਹੋਤਾ ਜਾਇ ਸੁ ਹੋਇ।।
ਸਹਜਿ ਬੈਰਾਗੁ ਸਹਜੇ ਹੀ ਹਸਨਾ।।
ਸਹਜੇ ਚੂਪ ਸਹਜੇ ਹੀ ਜਪਨਾ।੩।।
ਸਹਜੇ ਭੋਜਨ ਸਹਜੇ ਭਾਉ।।
ਸਹਜੇ ਮਿਟਿਓ ਸਗਲ ਦੁਰਾਉ।।
ਸਹਜੇ ਹੋਆ ਸਾਧੂ ਸੰਗੁ।।
ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ।੪।।
ਸਹਜੇ ਗ੍ਰਿਹ ਮਹਿ ਸਹਜਿ ਉਦਾਸੀ।।
ਸਹਜੇ ਦੁਬਿਧਾ ਤਨ ਕੀ ਨਾਸੀ।।
ਜਾ ਕੈ ਸਹਜਿ ਮਨਿ ਭਇਆ ਅਨੰਦੁ।।
ਤਾਕਉ ਭੇਟਿਓ ਪਰਮਾਨੰਦੁ।੫।।
ਸਹਜੇ ਅੰਮ੍ਰਿਤੁ ਪੀਓ ਨਾਮੁ।।
ਸਹਜੇ ਕੀਨੋ ਜੀਅ ਕੋ ਦਾਨੁ।।
ਸਹਜ ਕਥਾ ਮਹਿ ਆਤਮੁ ਰਸਿਆ।।
ਤਾਕੈ ਸੰਗਿ ਅਬਿਨਾਸੀ ਵਸਿਆ।੬।।
ਸਹਜੇ ਆਸਣੁ ਅਸਥਿਰੁ ਭਾਇਆ।।
ਸਹਜੇ ਅਨਹਤ ਸਬਦੁ ਵਜਾਇਆ।।
ਸਹਜੇ ਰੁਣਝੁਣਕਾਰ ਸੁਹਾਇਆ।।
ਤਾਕੈ ਘਰਿ ਪਾਰਬ੍ਰਹਮੁ ਸਮਾਇਆ।੭।।
ਸਹਜੇ ਜਾਕਉ ਪਰਿਓ ਕਰਮਾ।।
ਸਹਜੇ ਗੁਰੁ ਭੇਟਿਓ ਸਚੁ ਧਰਮਾ।।


www.AKJ.Org

**ਜਾਕੈ ਸਹਜੁ ਭਇਆ ਸੋ ਜਾਣੈ।।**
**ਨਾਨਕ ਦਾਸ ਤਾਕੈ ਕੁਰਬਾਣੈ।੮।।**
(ਗਉੜੀ ਮ: ੫ ਅਸ਼ਟ-੩ ਪੰਨਾ ੨੩੭)

ਅਤੇ ਜਦੋਂ ਗੁਰਸਿਖ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅੰਮ੍ਰਿਤ ਪਾਨ ਕਰਕੇ ਪੰਜਾਂ ਪਿਆਰਿਆਂ ਰਾਹੀਂ ਬਖਸ਼ੇ ਹੋਏ ਗੁਰਮਤਿ ਨਾਮ ਵਾਹਿਗੁਰੂ ਗੁਰਮੰਤ੍ਰ ਨੂੰ ਸਿਮਰਦਾ ਹੋਇਆ ਅਪਣੀ ਸੁਰਤਿ ਨੂੰ ਗੁਰਸ਼ਬਦ ਵਿਚ ਜੋੜਕੇ ਰੱਬੀ ਰੰਗ(ਪ੍ਰੇਮ) ਵਿਚ ਰੰਗੀਜ ਜਾਂਦਾ ਹੈ ਤਾਂ ਉਸ ਦੀ ਸੁਰਤੀ ਗੁਰਸ਼ਬਦ ਦੁਆਰਾ ਉੱਚੀ ਉੱਠ ਕੇ ਦਸਮ ਦੁਆਰ ਵਿਚ ਪੁਜ ਕੇ ਬ੍ਰਹਮੰਡਾਂ ਦੇ ਰਚਨਹਾਰ ਵਾਹਿਗੁਰੂ ਜੀ ਦੀ ਜੋਤ ਨਾਲ ਰੌਸ਼ਨ ਹੋ ਜਾਂਦੀ ਹੈ।ਇਸ ਪ੍ਰਕਾਸ਼ਮਈ ਗਿਆਨਾਵਸਥਾ ਵਿਚ ਗੁਰਸਿਖ ਨੂੰ ਆਪਣੇ ਅੰਦਰ ਬਾਹਰ(ਹਰਸੂ) ਸਾਰੇ ਪ੍ਰਕਾਸ਼ ਹੀ ਪ੍ਰਕਾਸ਼ ਨਜ਼ਰ ਔਂਦਾ ਹੈ ਅਤੇ ਸਾਰੇ ਜੀਵ ਜੰਤੂ ਇੱਕੋ ਹੀ ਅਵਿਨਾਸ਼ੀ ਨਾਲ ਪਰਦੀਪਤ ਦਿਸਦੇ ਹਨ ਅਤੇ ਸਾਰੇ ਜੀਵ ਉਹਨੂੰ ਆਪਣੇ ਹੀ ਅੰਗ ਪ੍ਰਤੀਤ ਹੁੰਦੇ ਹਨ। ਬਸ ਸਭ ਪਾਸੇ ਖੇੜਾ ਹੀ ਖੇੜਾ ਅਤੇ ਆਨੰਦ ਹੀ ਆਨੰਦ ਆ ਜਾਂਦਾ ਹੈ। ਉਹ ਮਾਇਆਵੀ ਝਗੜੇ ਬਖੇੜਿਆ ਤੋਂ ਰਹਿਤ ਹੋ ਜਾਂਦਾ ਹੈ।ਗੁਰਬਾਣੀ ਦਾ ਫੁਰਮਾਨ ਹੈ ਕਿ:-

**ਸਿਮਰਤ ਏਕ ਅਚੁਤ ਅਬਿਨਾਸੀ ਬਿਨਸੇ ਮਾਇਆ ਮਾਦ।।**
**ਸਹਜ ਅਨਹਦ ਧੁਨਿ ਬਾਣੀ ਬਹੁਰਿ ਨ ਭਏ ਬਿਖਾਦ।।**
(ਸਲੋਕ ਮ:੫-੧੦੩, ਪੰਨਾ ੧੨੨੪)

ਗੁਰਸਿਖ ਦੰਮਪਤੀ ਨੂੰ ਗ੍ਰਿਹਸਤਿ ਮਾਰਗ ਅੰਦਰ ਪ੍ਰਵੇਸ਼ ਕਰਨ ਵੇਲੇ ਅਨੰਦ ਕਾਰਜ ਸਮੇਂ ਰਾਗੁ ਸੂਹੀ ਦੀ ਪਹਿਲੀ ਲਾਵ ਦੁਆਰਾ ਇਸੀ ਸਹਜ ਆਨੰਦ ਦਾ ਉਪਦੇਸ਼ ਦਿਤਾ ਜਾਂਦਾ ਹੈ ਕਿ ਤੁਸੀਂ ਗ੍ਰਿਹਸਤੀ ਵਿਚ ਪ੍ਰਵੇਸ਼ ਕਰ ਰਹੇ ਹੋ। ਬ੍ਰਹਮ ਗਿਆਨ ਦੇ ਫਰਜ਼ ਨੂੰ ਨਿਭਾਂਦੇ ਹੋਏ। (ਨਾਮੁ ਅਭਿਆਸ ਵਿਚ ਮਗਨ ਆਪਣੀ ਗ੍ਰਿਹਸਤਿ ਚਲਾਂਦੇ ਹੋਏ), ਮੰਦੇ ਸੰਕਲਪਾਂ ਨੂੰ ਲਤਾੜਦੇ ਮਨ ਹੀ ਸਹਜਾਨੰਦ ਅਵਸਥਾ ਵਿਚ ਵਿਚਰੋ। ਇਹ ਮਿੱਠੀ (ਸਰਬ ਸ੍ਰੇਸ਼ਟ) ਅਵਸਥਾ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਤੁਹਾਡੀ ਗ੍ਰਿਹਸਤੀ ਦੀ ਇਹ ਪਹਿਲੀ ਪਉੜੀ ਹੋਣੀ ਚਾਹੀਦੀ ਹੈ, ਇਸ ਨੂੰ ਭੁਲ ਨਾ ਜਾਣਾ। ਗੁਰਵਾਕ ਇੰਝ ਹੈ :-

**"ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ।।**
**ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ।੧।।**
(ਪੰਨਾ ੭੭੩)

ਅਜੇਹੇ ਸਹਜਾਨੰਦ ਵਿਚ ਪ੍ਰਵਿਰਤ ਹੋਏ ਗੁਰਸਿਖ (ਪਤੀ) ਹਰਦਮ ਸਹਜ ਸਮਾਧਿ ਵਿਚ ਰਹਿੰਦੇ ਹਨ। ਭਾਵ ਅੱਠੇ ਪਹਿਰ ਅਪਣਾ ਨਿਜੀ ਕਾਰੋਵਾਰ ਕਰਦੇ ਹੋਏ ਨਾਮ ਅਭਿਆਸ, ਸ਼ਬਦ ਕਥਾ ਕੀਰਤਨ ਵਿਚ ਗੁਜ਼ਾਰਦੇ ਹਨ, ਆਪਣਾ ਕੋਈ ਭੀ ਸਾਹ ਬਿਰਥਾ ਨਹੀ ਜਾਣ ਦਿੰਦੇ। ਜਾਤਿ ਪਾਤਿ, ਅਮੀਰ ਗਰੀਬ ਦੇ ਵਿਤਕਰੇ ਬਿਨਾਂ ਹਰੇਕ ਪ੍ਰਾਣੀ ਦੀ ਯੋਗ ਮਦਦ ਕਰਕੇ ਸੇਵਾ ਵਿਚ ਮਗਨ, ਧਰਮ ਦੀ ਕ੍ਰਿਤ ਵਿਚ ਜੁਟੇ ਰਹਿੰਦੇ ਹਨ। ਉਨ੍ਹਾਂ ਗੁਰਮੁਖਾਂ ਉਤੇ ਇਹ ਗੁਰਵਾਕ ਪੂਰਨ ਤੌਰ ਤੇ ਘਟਦਾ ਹੈ ਕਿ :-

**" ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ।।**
**ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ।।"**
(ਸਾਰੰਗ ਰਾਗੁ ਮ ੧ ਅਸ਼ਟ -੧ ਪੰਨਾ ੧੨੩੨)

ਹਾਂ ਜੀ ! ਅਜੇਹੇ ਸਹਜਾਨੰਦੀ ਗੁਰਸਿਖਾਂ ਨੂੰ ਅਕਾਲ ਪੁਰਖ ਜਨਤਕ ਸੇਵਾ ਦੇ ਸੰਪੂਰਨ ਸੁਖ ਬਖਸ਼ਦਾ ਹੈ ਅਤੇ ਉਨ੍ਹਾਂ ਦੇ ਅੰਗ ਸੰਗ ਸਹਾਈ ਹੋ ਕੇ ਵਾਹਿਗੁਰੂ ਉਨ੍ਹਾਂ ਤੋਂ ਸੇਵਾ ਦੇ ਸ੍ਰੇਸ਼ਟ ਕਾਰਜ ਕਰਵਾਂਦਾ ਹੈ ।

**" ਸਹਜ ਸਮਾਧਿ ਆਨੰਦ ਸੂਖ ਪੂਰੇ ਗੁਰਿ ਦੀਨ।।**
**ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣਚੀਨ।।"**
(ਰਾਗ ਬਿਲਾਵਲ ਮ ੫-੩੦ ਪੰਨਾ ੮੦੭)

ਅਜੇਹੇ ਗੁਰਸਿਖ ਆਪਣੇ ਮਨ ਨੂੰ ਸਹਜ ਗੁਫਾ ਵਿਚ ਬੰਨ੍ਹਕੇ ਟਿਕਾਈ ਰਖਦੇ ਹਨ:-

**"ਸਹਜ ਗੁਫਾ ਮਹਿ ਆਸਣੁ ਬਾਂਧਿਆ।।**
**ਜੋਤਿ ਸਰੂਪ ਅਨਾਹਦੁ ਵਾਜਿਆ।।"** (ਆਸਾ ਮ ੫ ਪੰਨਾ ੩੭੦)

ਨਾਮਭਿਆਸੀ ਗੁਰਸਿਖ ਸਹਜ ਸੈਨ ਭਾਵ ਨਿੰਦਾ ਵੇਲੇ ਭੀ ਨਾਮੁ ਸਿਮਰਨ ਦੇ ਮਹਾਂ ਬ੍ਰਹਮ ਪੱਥ (ਮਾਰਗ) ਨੂੰ ਨਹੀਂ ਤਿਆਗਦੇ, ਕਿਉਂਕਿ ਉਨ੍ਹਾਂ ਦੇ ਸੌਣ ਕਰਕੇ ਵਿਘਨ ਪੈਣ ਦੇ ਅੰਦੇਸੇ ਮਿਟ ਜਾਂਦੇ ਹਨ ਅਤੇ ਨਾਮ ਸਿਮਰਨ ਸੁਤੇ ਸਿੱਧ (ਸਹਜ ਸੁਭਾਇ) ਹੁੰਦਾ ਰਹਿੰਦਾ ਹੈ। ਨਾਮਾਭਿਆਸੀ ਗੁਰਸਿਖਾਂ ਦੀ ਇਸ ਅਵਸਥਾ ਦਾ ਜ਼ਿਕਰ ਗੁਰਬਾਣੀ ਅੰਦਰ ਇਸ ਤਰ੍ਹਾਂ ਆਇਆ ਹੈ:-

**"ਜਿਨਾ ਬਾਤ ਕੋ ਬਹੁਤੁ ਅੰਦੇਸਰੋ ਤੇ ਮਿਟੇ ਸਭਿ ਗਇਆ।।**
**ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਇਆ।।**
(ਸੋਰਠਿ ਮ ੫-੧੪ ਪੰਨਾ ੬੧੨)

ਉਹ ਗੁਰਮੁਖ ਸਿਖ ਹਰਦਮ ਸਹਜ ਕੇਲ (ਅਬਿਨਾਸੀ ਆਨੰਦ) ਮਗਨ ਅਨੰਦੀ ਖੇਲੁ ਖੇਲ੍ਹਦੇ ਗੁਰਸ਼ਬਦ ਵਿਚ ਪਰੋਤੇ ਵਾਹਿਗੁਰੂ ਵਿਚ ਲੀਂਨ ਹੋ ਜਾਂਦੇ ਹਨ:-

**ਸਹਜ ਕੇਲ ਅਨਦ ਖੇਲ ਰਹੇ ਫੇਰ ਭਏ ਮੇਲ।।**
**ਨਾਨਕ ਗੁਰ ਸ਼ਬਦਿ ਪਰਾਤੇ।।** (ਗਉੜੀ ਮ: ੫-ਪੰਨਾ ੨੧੪)

ਉਹ ਪ੍ਰਭੂ ਚਰਨਾਂ ਤੋਂ ਵਿਛੜਨਾ ਨਹੀਂ ਚਾਹੁੰਦੇ, ਪ੍ਰਭੂ ਦੀ ਕਥਾ ਕੀਰਤਨ ਵਿਚ ਹੀ ਗੜੂੰਦ ਰਹਿਣਾ ਪਸੰਦ ਕਰਦੇ ਹਨ:-

**ਹਰਿਗੁਣ ਗਾਇ ਪਰਮੁ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ।।**
**ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ।।**
(ਸੂਹੀ ਮ ੫-੭ ਪੰਨਾ ੭੮੧)

ਸਤਿਗੁਰੂ ਰਾਮ ਦਾਸ ਜੀ ਨੇ ਗ੍ਰਿਹਸਤਿ ਮਾਰਗ ਵਿਚ ਪ੍ਰਵੇਸ਼ ਕਰਨ ਵਾਲੇ ਨਵੇ ਦੰਪਤੀ ਨੂੰ ਚੌਥੀ ਲਾਵ ਵੇਲੇ ਫਿਰ ਗੁਰਮਤਿ ਚਿਤਾਵਨੀ ਦਿਤੀ ਹੈ ਕਿ:-

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ।।**
**ਹਰਿ ਪਾਇਆ ਬਲਿਰਾਮ ਜੀਉ।।**
**ਗਰਮੁਖਿ ਮਿਲਿਆ ਸੁਭਾਇ**
**ਹਰਿ ਮਨਿ ਤਨਿ ਮੀਠਾ ਲਾਇਆ ਬਲਿਰਾਮ ਜੀਉ।।**
**ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ**
**ਅਨਦਿਨੁ ਹਰਿ ਲਿਵ ਲਾਈ।।**
**ਮਨ ਚਿੰਦਿਆ ਫਲੁ ਪਾਇਆ ਸੁਆਮੀ**
**ਹਰਿ ਨਾਮਿ ਵਜੀ ਵਾਧਾਈ।।**
**ਹਰਿ ਪ੍ਰਭ ਠਾਕੁਰਿ ਕਾਜੁ ਰਚਾਇਆ**
**ਧਨ ਹਿਰਦੈ ਨਾਮਿ ਵਿਗਾਸੀ।।**


www.AKJ.Org

ਜਨੁ ਨਾਨਕੁ ਬੋਲੇ ਚਉਥੀ ਲਾਵੈ
ਹਰਿ ਪਾਇਆ ਪ੍ਰਭੁ ਅਵਿਨਾਸੀ।੪।੨।।

(ਰਾਗੁ ਸੂਹੀ ਛੰਤ ਮ: ੪ ਪੰਨਾ ੭੭੪)

ਭਾਵ ਕਿ ਐ ਦੰਪਤੀ ! (ਬਲਿਰਾਮ ਜੀਉ !) ਜਦੋਂ ਤੁਹਾਡੇ ਅੰਤਹਕਰਣ ਵਿਚ ਨਿਸਦਿਨੁ (ਨਿਰੰਤਰ) ਅਖੰਡ ਨਾਮ ਸਿਮਰਨ ਧੁਨਿ (ਸਹਜ ਧੁਨਿ) ਵੱਜੇਗੀ ਤਾਂ ਸਹਜ ਸੁਭਾਇ (ਕੁਦਰਤੀ) ਵਾਹਿਗੁਰੂ ਗੁਣ (ਸ੍ਰੇਸ਼ਟ ਗੁਣ) ਨਾਮ ਸਿਮਰਨ, ਮਿਹਨਤ ਕਰਕੇ ਉਪਜੀਵਕਾ ਉਪਾਰਜਨ, ਵੰਡ ਛਕਣ, ਸੱਚ ਬੋਲਣ, ਜਨ ਸੇਵਾ ਆਦਿ ਪ੍ਰਾਪਤਿ ਹੋਣਗੇ। ਸ੍ਰਿਸ਼ਟੀ ਦੇ ਜੀਵਾਂ ਨਾਲ ਮਿੱਠ ਪਿਆਰ ਪਵੇਗਾ, ਹਰ ਮੈਦਾਨ ਤੁਹਾਡੀ ਫਤਹਿ ਹੋਵੇਗੀ ਅਤੇ ਕੰਮੀਂ ਕਾਜੀ ਰੁੱਝੇ ਹੋਏ ਨਾਮ ਸਿਮਰਣ ਵਿਚ ਜਜ਼ਬ ਸਹਜਾਨੰਦ ਮਾਣਦਿਆਂ ਵਾਹਿਗੁਰੂ ਵਿਚ ਅਭੇਦ ਹੋ ਜਾਉਗੇ। ਇਸ ਗੁਰਮਤਿ ਨੂੰ ਗ੍ਰਹਣ ਕਰੋ।

"ਜੀਅ ਜੰਤ ਸਭਿ ਭਏ ਦਇਆਲਾ
ਪ੍ਰਭਿ ਅਪੁਨੇ ਕਰਿ ਦੀਨੇ।।
ਸਹਜ ਸੁਭਾਇ ਮਿਲੇ ਗੋਪਾਲਾ
ਨਾਨਕ ਸਾਚਿ ਪਤੀਨੇ।। (ਸੋਰਠਿ ਮ: ੫-੬੭ ਪੰਨਾ ੬੨੬)

ਮਨ ਦੀ ਅਨੂਪਮ ਸਹਜਾਵਸਥਾ ਵਾਸਤੇ ਹਰ ਗੁਰਸਿਖ ਲਾਲਾਇਤ ਹੈ (ਲੋਚਦਾ ਹੈ) ਪਰ ਇਹ ਸਹਜ (ਗਿਆਨ ਅਵਸਥਾ, ਆਤਮ ਗਿਆਨ) ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ (ਗੁਰਬਾਣੀ) ਸੁਣਨ, ਮੰਨਣ ਅਤੇ ਆਪ ਜੀ ਦੇ ਹਜ਼ੂਰਿ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕਰਕੇ ਗੁਰਮੰਤ੍ਰ ਗ੍ਰਹਣ ਕੀਤੇ ਬਿਨਾਂ ਕਿਸੀ ਨੂੰ ਭੀ ਪ੍ਰਾਪਤ ਨਹੀਂ ਹੋ ਸਕਦਾ। ਇਸ ਸਹਜ ਬਾਰੇ ਸਤਿਗੁਰੂ ਅਮਰਦਾਸ ਜੀ ਨੇ ਸਿਰੀ ਰਾਗੁ ਦੀ ਅਸਟਪਦੀ ਵਿਚ ਗੁਰਮਤਿ ਦਾ ਮਹਾਨੋਚ ਸੁੰਦਰ ਉਪਦੇਸ਼ ਦਿੱਤਾ ਹੈ ਜੋ ਇਸ ਤਰ੍ਹਾਂ ਹੈ :-

ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ।
ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ।
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ।੧।
ਭਾਈ ਰੇ ਗੁਰ ਬਿਨੁ ਸਹਜੁ ਨ ਹੋਇ।
ਸਬਦੈ ਹੀ ਤੇ ਸਹਜੁ ਊਪਜੈ,
ਹਰਿ ਪਾਇਆ ਸਚੁ ਸੋਇ।੧। ਰਹਾਉ।
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ।
ਸਹਜੇ ਹੀ ਭਗਤਿ ਊਪਜੈ, ਸਹਿਜ ਪਿਆਰਿ ਬੈਰਾਗਿ।
ਸਹਜੈ ਹੀ ਤੇ ਸੁਖ ਸਾਂਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ।੨।
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ।
ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ।
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ।੩।
ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ।
ਸਹਜੇ ਹਰਿ ਨਾਮੁ ਮਨਿ ਵਸਿਆ, ਸਚੀ ਕਾਰ ਕਮਾਇ।
ਸੇ ਵਡਭਾਗੀ ਜਿਨੀ ਪਾਇਆ, ਸਹਜੇ ਰਹੇ ਸਮਾਇ।੪।
ਮਾਇਆ ਵਿਚਿ ਸਹਜੁ ਨ ਊਪਜੈ, ਮਾਇਆ ਦੂਜੈ ਭਾਇ।
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ।
ਜੰਮਣ ਮਰਣੁ ਨ ਚੁਕਈ, ਫਿਰਿ ਫਿਰਿ ਆਵੈ ਜਾਇ।੫।
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ, ਤ੍ਰੈਗੁਣ ਭਰਮਿ ਭੁਲਾਇ।
ਪੜੀਐ ਗੁਣੀਐ ਕਿਆ ਕਥੀਐ, ਜਾ ਮੁੰਢਹੁ ਘੁਥਾ ਜਾਇ।
ਚਉਥੇ ਪਦ ਮਹਿ ਸਹਜੁ ਹੈ, ਗੁਰਮੁਖਿ ਪਲੈ ਪਾਇ।੬।
ਨਿਰਗੁਣ ਨਾਮੁ ਨਿਧਾਨੁ ਹੈ, ਸਹਜੇ ਸੋਝੀ ਹੋਇ।
ਗੁਣਵੰਤੀ ਸਲਾਹਿਆ, ਸਚੇ ਸਚੀ ਸੋਇ।
ਭੁਲਿਆ ਸਹਜਿ ਮਿਲਾਇਸੀ, ਸਬਦਿ ਮਿਲਾਵਾ ਹੋਇ।੭।
ਬਿਨੁ ਸਹਜੈ ਸਭੁ ਅੰਧੁ ਹੈ, ਮਾਇਆ ਮੋਹੁ ਗੁਬਾਰੁ।
ਸਹਜੇ ਹੀ ਸੋਝੀ ਪਈ, ਸਚੈ ਸਬਦਿ ਅਪਾਰਿ।
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ।੮।
ਸਹਜੇ ਅਦਿਸਟੁ ਪਛਾਣੀਐ, ਨਿਰਭਉ ਜੋਤਿ ਨਿੰਰਕਾਰੁ।
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣ ਹਾਰੁ।
ਪੂਰੈ ਸਬਦਿ ਸਾਲਾਹੀਐ ਜਿਸਦਾ ਅੰਤੁ ਨ ਪਾਰਾਵਾਰੁ।੯।
ਗਿਆਨੀਆ ਕਾ ਧਨੁ ਨਾਮੁ ਹੈ, ਸਹਜਿ ਕਰਹਿ ਵਾਪਾਰੁ।
ਅਨਦਿਨੁ ਲਾਹਾ ਹਰਿਨਾਮੁ ਲੈਨਿ ਅਖੁਟ ਭਰੇ ਭੰਡਾਰ।
ਨਾਨਕ ਤੋਟਿ ਨਾ ਆਵਈ ਦੀਏ ਦੇਵਣਹਾਰਿ।੧੦।।੬।।੨੩।

(ਅਸਟਪਦੀ ੬-ਪੰਨਾ ੬੮)

ਇਸ ਸ਼ਬਦ ਅੰਦਰ ਸਤਿਗੁਰੂ ਜੀ ਨੇ ਸਹਜ ਬਾਰੇ ਸਾਰਾ ਗੁਰਮਤਿ ਸਿਧਾਂਤ ਪ੍ਰਕਾਸ਼ ਦਿੱਤਾ ਹੈ। ਇਸ ਤੋਂ ਸੁੰਦਰ ਕਥਨ ਸਹਜ ਵਾਰੇ ਕਉਨ ਲਿਖ ਸਕਦਾ ਹੈ? ਸਤਿਗੁਰੂ ਸਾਹਿਬਾਨ ਨੇ ਹਰ ਕਰਮ ਖੇਤਰ ਦੇ ਪੰਧਾਊ ਗੁਰਸਿਖ ਲਈ ਸਾਂਤਿ ਚਿੱਤ ਅਤੇ ਕਸ਼ੋਭ ਰਹਿਤ ਦਿਮਾਗ ਨਾਲ ਸਹਜ ਅੰਦਰ ਨਾਮਾਭਿਆਸ ਵਿੱਚ ਮਗਨ ਅਪਣੇ ਕਾਰੋਬਾਰ ਕਰਦੇ ਹੋਏ ਅਪਣਾ ਜੀਵਨ ਗੁਜ਼ਾਰਨ ਲਈ ਉਪਦੇਸ਼ਿਆ ਹੈ। ਆਪ ਜੀ ਨੇ :-

(ੳ) ਗ੍ਰਿਹਸਤਿ ਜੀਵਨ ਦੇ ਨਵੇਂ ਪਾਂਧੀ ( ਦੰਪਤੀ) ਨੂੰ ਲਾਵਾਂ ਦੁਆਰਾ ਸਹਜਾਨੰਦ ਦਾ ਉਪਦੇਸ਼ ਦਿੱਤਾ ਜਿਸ ਦਾ ਜ਼ਿਕਰ ਪਿੱਛੇ ਆ ਚੁਕਿਆ ਹੈ।

(ਅ) ਸਹਜਾਨੰਦ ਅਵਸਥਾ ਵਿਚ ਰਹਿੰਦੇ ਹੋਏ ਕਿਸਾਨ ਨੂੰ ਖੇਤੀ ਵਿਚ ਪਰਵਿਰਤ ਹੋਣ ਲਈ ਉਪਦੇਸ਼ਿਆ।

ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ।
ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ।
ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ।
ਇਹ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ।੨।।

(ਸਿਰੀ ਰਾਗੁ ਮ: ੩-੨੨ ਪੰਨਾ ੩੫੧੧)

(ੲ) ਵਿਓਪਾਰੀ ਨੂੰ ਭੀ ਵਿਪਾਰ ਵੇਲੇ ਸਹਜ ਨੂੰ ਨਾ ਭੁੱਲੇ ਦਾ ਉਪਦੇਸ਼ ਦਿਤਾ ਹੈ ਕਿਉਂਕਿ ਸਹਜ ਦੇ ਸਉਦੇ ਨੂੰ ਚੋਰ ਉਚੱਕੇ ਪਉਣ ਪਾਣੀ ਦਾ ਡਰ ਨਹੀਂ।

"ਸਉਦਾ ਮਿਲਿਆ ਨਿਹਚਲ ਚੀਤ। ।੨।
ਭਉ ਨਹੀ ਤਸਕਰ ਪਉਣ ਨ ਪਾਨੀ।
ਸਹਜਿ ਵਿਹਾਝੀ ਸਹਜਿ ਲੈ ਜਾਨੀ।"

(ਆਸਾ ਮ: ੫ ਪੰਨਾ ੩੭੨)

(ਸ) ਇਸੀ ਤਰ੍ਹਾਂ ਚਾਕਰ ਨੂੰ ਭੀ ਚਾਕਰੀ ਕਰਦੇ ਹੋਏ ਵਾਹਿਗੁਰੂ ਦੀ ਚਾਕਰੀ ਕਰਨੀ ਨਾ ਭੁੱਲੋ ਅਤੇ ਸਹਜਾਨੰਦ ਮਾਣੇ ਦਾ ਮਹਾਨ

ਉਪਦੇਸ਼ ਉਚਾਰਿਆ ਹੈ।

"ਚਾਕਰੁ ਤ ਤੇਰਾ ਸੋਇ ਹੋਵੈ ਜੋਇ ਸਹਜਿ ਸਮਾਵਏ।
ਦੁਸਮਨੁ ਤ ਦੂਖ ਨ ਲਾਗੈ ਮੂਲੇ ਪਾਪੁ ਨੇੜਿ ਨ ਆਵਏ।
ਹਉ ਬਲਿਹਾਰੀ ਸਦਾ ਹੋਵਾਂ ਏਕ ਤੇਰੇ ਨਾਵਏ। ੪ ।
(ਵਡਹੰਸ ਮ ੧ ਛੰਤੁ ਪੰਨਾ ੫੬੭)

(ਹ) ਭੀਖਕ ਨੂੰ ਭੀ ਸਹਜ ਦੀ ਭਿਖਿਆ ਹਿਤ ਹੀ ਉਪਦੇਸ਼ਿਆ ਹੈ।

ਗੁਰ ਕੇ ਸਬਦਿ ਰਰੈ ਮਨ ਭਾਇ।।
ਭਿਖਿਆ ਸਹਜ ਵੀਚਾਰੀ ਖਾਇ। ੨ ।।
(ਪੰਨਾ ੯੦੩ ਰਾਮਕਲੀ ਮ ੧ ਅਸਟ-੨)

ਅਤੇ "ਭਿਖਿਆ ਨਾਮਿ ਰਜੇ ਸੰਤੋਖੀ
ਅੰਮ੍ਰਿਤੁ ਸਹਜਿ ਪੀਆਈ।" (ਸੋਰਠਿ ਮ ੧ ਅਸਟ ੧੩-੬੩੪)

ਇਸੀ ਤਰ੍ਹਾਂ ਹਰ ਸ਼ੋਅਬੇ (ਕੰਮ ਦੀ ਸ਼ਾਖਾ ਪੇਸ਼ਾ) ਦੇ ਗੁਰਸਿਖ ਨੂੰ (ਖੰਡੇ ਦਾ ਅੰਮ੍ਰਿਤ ਪਾਨ ਕਰਕੇ) ਆਪਣੇ ਨਿਜੀ ਕਾਰੋਬਾਰ ਸਹਜਾਨੰਦਾ ਅਵਸਥਾ ਵਿਚ ਮਹਵ (ਮਸਤ) ਨਾਮ ਸਿਮਰਨ ਕਰਦੇ ਹੋਏ, ਕਰਨ ਵਾਸਤੇ ਹੀ ਸਤਿਗੁਰੂ ਜੀ ਨੇ ਉਪਦੇਸ਼ਿਆ ਹੈ ਤਾਂ ਕਿ ਐਸਾ ਖਾਲਸਾ ਅਗਿਆਨ ਅੰਧੇਰਾ ਮਿਟਾ ਕੇ ਸਹਜ ਦੇ ਘਰ (ਸਚ ਦੇ ਮਹਾਨ ਪ੍ਰਕਾਸ਼ ਰੂਪੀ ਚੰਦਰਮਾ) ਅਕਾਲ ਪੁਰਖ ਨਾਲ ਅਭੇਦ ਹੋ ਜਾਵੇ (ਹੋਵੇ)। ਇਹ ਅਕਾਲ ਅਭੇਦਤਾ ਗੁਰ ਪ੍ਰਸਾਦਿ (ਅੰਮ੍ਰਿਤ ਪਾਨ ਕਰਨ) ਦੁਆਰਾ ਹੀ ਪ੍ਰਾਪਤ ਹੁੰਦੀ ਹੈ।

"ਗੁਰ ਪਰਸਾਦਿ ਸਹਜ ਘਰੁ ਪਾਇਆ।
ਮਿਟਿਆ ਅੰਧੇਰਾ ਚੰਦੁ ਚੜਿਆ।" (ਆਸਾ ਮ ੫।।੯੨।। ਪੰਨਾ ੩੯੩)

ਗੁਰੂ ਖਾਲਸੇ ਜੀ ਜੋਗੀਆਂ ਦੇ ਹਠ ਯੋਗ ਦੇ ਮੁਕਾਬਲੇ ਤੇ ਨਾਮ ਸਿਮਰਨ ਦੁਆਰਾ ਮਨ ਨੂੰ ਇਕਾਗਰ ਕਰਨ ਦਾ ਸਰਲ (ਸਹਜ) ਯੋਗ ਹੈ ਗੁਰਬਾਣੀ ਅੰਦਰ ਇਸ ਜੋਗ ਨੂੰ ਭਗਤਿ ਜੋਗ, ਤੱਤ ਜੋਗ, ਬ੍ਰਹਮ ਯੋਗ, ਸਹਜ ਯੋਗ ਆਦਿ ਕਰਕੇ ਵਰਨਣ ਕੀਤਾ ਹੈ। ਜਿਵੇਂ-

"ਗੁਰਿ ਮਨੁ ਮਾਰਿਓ ਕਰਿ ਸੰਜੋਗੁ।
ਅਹਿਨਿਸਿ ਰਾਵੇ ਭਗਤਿ ਜੋਗੁ।
ਗੁਰ ਸੰਤ ਸਭਾ (ਖਾਲਸਾ ਸੰਗਤ) ਦੁਖੁ ਮਿਟੈ ਰੋਗੁ।
ਜਨ ਨਾਨਕ ਹਰਿ ਵਰੁ ਸਹਜ ਜੋਗੁ। (ਬਸੰਤ ਮ ੧. ਪੰਨਾ ੧੧੭੦)

ਸਹਜ ਸੁਭਾਇ ਕ੍ਰਿਤ ਕਮਾਈ ਵਿਚ ਵਿਅਸਤ ਸਹਜਾਨੰਦਾ ਅਵਸਥਾ ਵਾਲਾ ਖਾਲਸਾ ਹੀ ਸਹਜ ਦੀ ਧਾਰਨਾ ਵਾਲਾ ਸਹਜਧਾਰੀ ਖਾਲਸਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਸ਼ਰਧਾ ਰਖਦਾ ਹੋਇਆ ਜੇਹੜਾ ਗੁਰਸਿਖ ਅੰਮ੍ਰਿਤ (ਖੰਡੇ ਦਾ ਅੰਮ੍ਰਿਤ) ਪਾਨ ਨਹੀਂ ਕਰਦਾ, ਪੰਜ ਕਕਾਰਾ ਦੀ ਧਾਰਨਾ ਦਾ ਧਾਰਨੀ ਨਹੀਂ, ਪੰਜੇ ਕੁਰਹਿਤਾਂ ਤੋਂ ਨਹੀਂ ਬਚਦਾ, ਉਸ ਨੂੰ ਸਹਜਧਾਰੀ ਸਿਖ ਆਖਣਾ ਗੁਰਮਤਿ ਵਿਰੁੱਧ ਹੈ ਕਿਉਂਕਿ ਗੁਰਮਤਿ ਅਨੁਸਾਰ ਗੁਰੂ ਧਾਰੇ ਬਿਨਾਂ (ਅੰਮ੍ਰਿਤ ਛਕੇ ਬਿਨਾਂ) ਸਹਜ ਪ੍ਰਾਪਤੀ ਨਹੀਂ ਹੁੰਦੀ।

"ਬਾਝੁ ਗੁਰੂ ਕੋ ਸਹਜ ਨ ਪਾਏ
ਗੁਰਮੁਖਿ ਸਹਜਿ ਸਮਾਵਣਿਆ" (ਮਾਝ ਮ ੩ ਅਸਟ ੨੧. ਪੰਨਾ ੧੨੫)

ਅਤੇ ਗੁਰਹੁਕਮ ਹੈ ਕਿ

"ਗੁਰ ਪਰਸਾਦੀ ਸਹਜੁ ਕੋ ਪਾਏ।............
ਅੰਮ੍ਰਿਤੁ ਪੀਵੈ ਜਿਸਨੋ ਆਪਿ ਪੀਆਏ।
ਗੁਰਪਰਸਾਦੀ ਸਹਜਿ ਲਿਵ ਲਾਏ।
ਪੂਰਨ ਪੂਰਿ ਰਹਿਆ ਸਭ ਆਪੇ
ਗੁਰਮਤਿ ਨਦਰੀ ਆਵਣਿਆ। (ਮਾਝ ਮ: ੩ ਅਸਟ ੧੬ ਪੰਨਾ ੧੧੯)

# ਏਤੀ ਮਾਰ ਪਈ ਕੁਰਲਾਣੇ

ਸੁਸ਼ੀਲ ਕੌਰ

*ਹਨ੍ਹੇਰੀ ਸੁੰਗੜੀ, ਸਿਮਟੀ, ਇਕੱਠੀ ਹੋਈ
ਤੇ ਤੇਰੇ ਸ਼ਾਂਤੀ ਦੇ ਘਰ
ਉਸ ਜਾ ਭਾਣਾ ਵਰਤਾਇਆ।
ਅੰਮ੍ਰਿਤ ਵਰਖਾ ਕਰਨ ਵਾਲਾ
ਤਪਦੇ ਹਿਰਦੇ ਠਾਰਨ ਵਾਲਾ
ਸ਼ਾਂਤੀ ਦੇ ਕਿਣਕੇ ਕੇਰਦਾ ਆਸਮਾਨ,
ਲੂਸਿਆ, ਧੁਆਂਖਿਆ, ਅੱਗ ਦੇ ਭਾਂਬੜਾਂ ਨਾਲ ਭਰ ਗਿਆ,
ਬੰਬ ਧਮਾਕਿਆਂ ਨਾਲ,
ਧਰਤੀ ਦਾ ਸੀਨਾ ਕੰਬਿਆ, ਡੋਲਿਆ, ਫਟਿਆ।
ਸਿਜਦੇ ਕਰ ਕਰ
ਮੱਥੇ ਰਗੜ ਰਗੜ
ਸਾਫ਼ ਹੋਏ ਫਰਸ਼
ਲਹੂ ਨਾਲ ਲੱਥ ਪੱਥ ਹੋਏ
ਫੁੱਲਾਂ ਨਾਲ ਸੁਗੰਧਿਤ
ਤੇਰੇ ਸੁਨਹਿਰੀ ਮੰਦਰ ਵਿਚ
ਲਹੂ-ਮਾਸ ਦੀ ਮਿੱਝ ਉਤੇ ਮੱਖੀਆਂ ਭਿਣਕਦੀਆਂ
ਮਾਸ ਗੰਧ ਦੀਆਂ ਹਵਾੜਾਂ ਸਾਹ ਘੁਟਦੀਆਂ।
ਲਹੂ ਰੰਗੇ ਸਰੋਵਰ ਵਿਚ
ਕੱਟੇ ਵੱਢੇ ਅੰਗਾਂ ਨੂੰ ਤਰਦਿਆਂ ਦੇਖ
ਸੂਰਜ ਨੂੰ ਤਾਪ ਚੜ੍ਹਿਆ।
ਨਿਰਮਲ ਸੀਤਲ ਜਲ ਉਬਾਲੇ ਖਾਣ ਲੱਗਿਆ।
ਗੁਟਕੂੰ ਗੁਟਕੂੰ ਕਰਦੇ ਕਬੂਤਰਾਂ ਦੀ ਥਾਂ
ਇੱਲਾਂ ਤੇ ਗਿਰਝਾਂ ਮੰਡਰਾਉਂਦੀਆਂ
ਤੇਰੀ ਸ਼ਰਣ ਵਿਚ ਆ ਕੇ ਮਰਨ ਵਾਲਿਆਂ ਦੇ
ਮਾਸ ਦੀਆਂ ਬੋਟੀਆਂ
ਲੋਕਾਂ ਦੇ ਘਰਾਂ ਦੀਆਂ ਕੰਧਾਂ 'ਤੇ ਜਾ ਬਹਿ ਖਾਂਦੀਆਂ
ਥਾਂ ਥਾਂ ਹੱਡੀਆਂ ਖਲਾਰਦੀਆਂ।
ਢਹਿ ਢੇਰੀ ਹੋ ਰਹੇ ਅਕਾਲ ਤਖਤ ਦੇ ਸੰਗ
ਮਰਜੀਵੜਿਆਂ ਦੇ ਜਿਸਮ
ਫੁਸੜਾ ਫੁਸੜਾ ਹੋ ਕੇ
ਅੱਗ ਦੇ ਭਾਂਬੜਾਂ ਸੰਗ ਉਪਰ ਉੱਡਦੇ
ਰੱਤ ਦੀਆਂ ਧਾਰਾਂ ਚੁਆਂਦੇ
ਭੁੜਕ ਭੁੜਕ ਡਿਗਦੇ।* ("ਚੇਤਰ ਡੰਗ" ਵਿੱਚੋਂ

# ਨਦਰੀ ਕਰਮਿ ਪਵੈ ਨੀਸਾਣੁ

(ਪ੍ਰਿੰ ਗੁਰਮੁਖ ਸਿੰਘ ਜੀ)

ਵਧੇਰੇ ਜਾਣਕਾਰੀ ਵਾਸਤੇ ਫਰਵਰੀ.੯੪ ''ਸੂਰਾ'' ਵਿੱਚ ਛਪਿਆ ''ਮਥੈ ਟਿੱਕਾ'' ਵਾਲਾ ਲੇਖ ਪੜ੍ਹੋ ਜੀ।– ਸੰਪਾਦਕ

**ਤਿਥੈ ਸੋਹਨਿ ਪੰਚ ਪਰਵਾਣੁ।।**
**ਨਦਰੀ ਕਰਮਿ ਪਵੈ ਨੀਸਾਣੁ।।੩੪।।** (ਜਪੁਜੀ ਸਾਹਿਬ, ਪੰਨਾ ੭)

ਸਤਿਗੁਰੂ ਨਾਨਕ ਦੇਵ ਜੀ ਜਪੁ ਬਾਣੀ ਵਿਚ ਫੁਰਮਾਂਦੇ ਹਨ ਕਿ ਅਕਾਲ ਪੁਰਖ ਦੀ ਦਰਗਾਹ ਲਈ ਜਿਹੜੇ ਗੁਰਮੁਖ ਜਨ ਪਰਵਾਣ ਹੁੰਦੇ ਹਨ, ਉਹਨਾਂ ਦੇ ਮਸਤਕ ਤੇ ਨਦਰੀ (ਨਦਰ ਕਰਨ ਵਾਲੇ ਵਾਹਿਗੁਰੂ ਜੀ) ਦੀ ਬਖਸ਼ਸ਼ ਦਾ ਨੀਸਾਣੁ (ਜਾਂ ਚਿੰਨ੍ਹ) ਲਗਦਾ ਹੈ। ਜਿਸਦਾ ਭਾਵ ਹੈ ਕਿ ਉਹ ਸੱਚੀ ਦਰਗਾਹ ਅੰਦਰ ਪਰਵੇਸ਼ ਕਰ ਸਕਦਾ ਹੈ, ਜਾਂ ਇਉਂ ਸਮਝ ਲਈਏ ਕਿ ਨੀਸਾਣੁ ਲਗ ਜਾਣ ਤੋਂ ਮਗਰੋਂ ਉਹ ਦਰਗਾਹੀ ਪੰਚ ਦੇ ਰੁਤਬੇ ਤੋਂ ਸ਼ਸ਼ੋਭਿਤ ਮੰਨਿਆ ਜਾਂਦਾ ਹੈ। ਦਰਗਾਹੀਂ ਪਰਵਾਨ ਪੰਚ ਜਿੰਨਾਂ ਚਿਰ ਮਾਤ ਲੋਕ ਵਿਚ ਵਿਚਰਦੇ ਹਨ, ਉਹ ਆਪ ਨਾਮ ਜਪਦੇ ਹਨ। ਦਸੋਂ ਪਾਤਸ਼ਾਹੀਆਂ ਅਤੇ ਉਹਨਾਂ ਤੋਂ ਪਿਛੋਂ ਅਨੇਕਾਂ ਗੁਰੂ ਕੇ ਲਾਲ ਸਿਖ-ਸੰਤ ਪੰਚ-ਪਰਵਾਨੀ ਹੋ ਚੁੱਕੇ ਹਨ ਅਤੇ ਉਹ ਨਦਰੀ ਪੁਰਖ ਦੇ ਅਨੇਕਾਂ ਪਿਆਰੇ ਗੁਪਤ ਰੂਪ ਵਿਚ ਪੰਚ-ਪਰਵਾਨੀ ਹੁਣ ਭੀ ਮਾਤ ਲੋਕ ਵਿਚ ਵਿਚਰ ਰਹੇ ਹਨ। ਪੰਚ-ਪਰਵਾਨ ਦੇ ਅਰਥ ਹਨ ਉਹ ਸਤਿਕਾਰ ਜੋਗ ਵਿਅਕਤੀ ਜੋ ਦਰਗਾਹੇ ਪਰਵਾਨ ਹੋ ਚੁਕੇ ਹੋਣ।

ਇਥੇ ਗੁਰਮਤੀ ਕਦਰਾਂ ਦੇ ਸੰਦਰਭ ਵਿਚ " ਨਿਸਾਣ " ਦੇ ਪਿਛੇ ਗੁਰਮਤਿ ਦੀ ਜੋ ਫਿਲਾਸਫੀ ਹੈ, ਉਸ ਉਤੇ ਵੀਚਾਰ ਕਰਨੀ ਉਚਿਤ ਹੋਵੇਗੀ। ਜਪੁ ਬਾਣੀ ਦੀ ਚੋਤੀਵੀਂ ਪਉੜੀ ਵਿਚ ਸਤਿਗੁਰੂ ਜੀ ਨੇ ਪਰਮੇਸ਼ਰ ਦੀ ਦਰਗਾਹ ਵਿਚ ਕਬੂਲ ਹੋਣ ਯੋਗ ਬੰਦਿਆਂ ਦਾ ਜਿਥੇ ਜ਼ਿਕਰ ਕੀਤਾ ਹੈ ਉਥੇ ਇਹ ਗੱਲ ਬੜੀ ਸਪੱਸ਼ਟ ਕੀਤੀ ਹੈ ਕਿ ਨੀਸਾਣੁ ਵਾਹਿਗੁਰੂ ਜੀ ਦੀ ਬਖਸ਼ਸ ਦਾ ਹੀ ਬਾ ਹਰਮੁਖੀ ਇਕ ਗੁਪਤ ਚਿੰਨ੍ਹ ਹੈ, ਇਕ ਗੁਪਤ ਸ਼ਨਾਖਤੀ ਨੀਸ਼ਾਨ ਹੈ, ਜਿਸ ਨੂੰ ਕੇਵਲ ਦਰਗਾਹੀ ਬੰਦੇ ਜਾਂ ਦਰਗਾਹੀ ਦਰਬਾਨ ਹੀ ਪਹਿਚਾਣ ਸਕਦੇ ਹਨ।

ਸ੍ਰੀ ਗੁਰੂ ਰਾਮਦਾਸ ਜੀ, ਆਪਣੇ ਆਪ ਨੂੰ ਸਤਿਗੁਰੂ (ਨਾਨਕ) ਜੀ ਦੇ ਮੁਲ ਖਰੀਦੇ ਗੁਲਾਮ ਦਸਦੇ ਹੋਏ ਫੁਰਮਾਉਂਦੇ ਹਨ ਕਿ ਕਿਵੇਂ ਉਹਨਾਂ ਦੇ ਮਸਤਕ ਤੇ ਸਤਿਗੁਰਾਂ ਦੇ ਲਾਲੇ ਗੋਲੇ ਹੋਣ ਦਾ (ਦਾਗ) ਨੀਸ਼ਾਨ ਪਿਆ ਹੋਇਆ ਹੈ:

**ਹਮ ਹਮ ਸਤਿਗੁਰ ਲਾਲੇ ਕਾਢੇ।।੧।।ਰਹਾਉ।।**
**ਹਮਰੈ ਮਸਤਕਿ ਦਾਗੁ ਦਗਾਨਾ, ਹਮ ਕਰਜ ਗੁਰੂ ਬਹੁ ਸਾਢੇ।।**
**ਪਰਉਪਕਾਰੁ ਪੁੰਨੁ ਬਹੁ ਕੀਆ, ਭਉ ਦੁਤਰੁ ਤਾਰਿ ਪਰਾਢੇ।।੨।।੨੧।।**
(ਗਉੜੀ ਮ ੪ – ੧੭੧)

ਭਾਵ, ਸਤਿਗੁਰੂ ਜੀ ਦਾ ਮਹਾਨ ਪਰਉਪਕਾਰ ਹੈ ਕਿ ਨਾ-ਤਰੇ ਜਾਣ ਵਾਲੇ ਭਿਆਨਕ ਸੰਸਾਰ ਸਮੁੰਦਰ ਤੋਂ ਦਾਸ ਨੂੰ ਤਰ ਕੇ ਪਾਰ ਹੋਣ ਜੋਗਾ ਕਰ ਦਿਤਾ ਹੈ । ਇਹ ਸਤਿਗੁਰੂ ਜੀ ਦਾ ਪਰਉਪਕਾਰ ਰੂਪੀ ਮਹਾਨ ਕਰਜ ਮੇਰੇ ਸਿਰ ਹੈ, ਜੋ ਮੈਂ ਅਦਾ ਨਹੀਂ ਕਰ ਸਕਦਾ। ਸੋ ਮੈਂ ਸਤਿਗੁਰੂ ਜੀ ਦਾ ਸਦਾ ਲਈ ਲਾਲਾ ਗੋਲਾ ਹਾਂ ਅਤੇ ਮੇਰੇ ਮਸਤਕ ਤੇ ਸਤਿਗੁਰਾਂ ਨੇ ਗੋਲੇ ਹੋਣ ਦਾ ਨੀਸ਼ਾਨ ਪਾ ਦਿਤਾ ਹੋਇਆ ਹੈ।

ਸ੍ਰੀ ਗੁਰੂ ਰਾਮਦਾਸ ਜੀ ਉਪਰੋਕਤ ਪੰਗਤੀਆਂ ਵਿਚ ਗੁਰੂ ਨਾਨਕ ਜੋਤਿ ਦੇ ਤੀਜੇ ਜਾਮੇ ਗੁਰੂ ਅਮਰਦਾਸ ਜੀ ਪ੍ਰਤੀ ਹਲੀਮੀ ਨਾਲ ਆਪਣੀ ਕ੍ਰਿਤਗਿਆਤਾ ਦਾ ਪ੍ਰਗਟਾਵਾ ਕਰ ਰਹੇ ਹਨ। ਪਰ ਅਸਲ ਗੱਲ ਤਾਂ ਇਹ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਜਦੋਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਤਾ ਦੇ ਜੋਗ ਪਹਿਚਾਣ ਲਿਆ ਤਾਂ ਉਹਨਾਂ ਦੇ ਮਸਤਕ ਤੇ ਨੀਸਾਣ ਲਗਾ ਦਿਤਾ। ਵੈਸੇ ਭੀ ਗੁਰੂ-ਘਰ ਵਿਚ ਤਾਂ ਗੁਰਤਾ ਦੀ ਗੱਦੀ ਦੇਣ ਸਮੇਂ ਭਾਈ ਬੁੱਢਾ ਜੀ ਤਿਲਕ ਨਾਲ ਨੀਸਾਣ ਲਗਾਂਦੇ ਸਨ, ਜੋ ਸਭ ਸੰਗਤਾਂ ਨੂੰ ਪ੍ਰਤੱਖ ਦਿਸ ਆਉਂਦਾ ਸੀ, ਪਰ 'ਟਿਕਾ' ਦੇਣ ਤੋਂ ਪਹਿਲਾਂ ਇਕ ਸ਼ਰਤ ਬੜੀ ਲਾਜ਼ਮੀ ਰਹੀ ਹੈ :– **''ਉਤਰ ਅਧਿਕਾਰੀ ਦੀ ਸੋਧ ਸੁਧਾਈ।''**

**ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ।।੪।।** (ਪੰਨਾ ੯੩੭)

ਭਾਵ, ਜਦੋਂ ਸਤਿਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਜੀ ਦੀ ਸੋਧ ਸੁਧਾਈ ਕਰ ਲਈ ਤਾਂ ਭਾਈ ਲਹਿਣਾ ਜੀ ਨੂੰ ਗੁਰੂ ਗੱਦੀ ਦਾ ਨਿਸ਼ਾਨੀ ਟਿੱਕਾ ਦਿੱਤਾ। ਗੁਰੂ ਵਿਅਕਤੀ ਦਾ ਨੀਸ਼ਾਣੀ-ਚਿੰਨ੍ਹ ਲਗਾਣ ਤੋਂ ਪਹਿਲਾ ਸੋਧ-ਸੁਧਾਈ ਲਾਜ਼ਮੀ ਹੁੰਦੀ ਸੀ ਤਾਂ ਗੁਰੂ ਦੇ ਸਿਖ ਦੀ ਸੋਧ-ਸੌਧਾਈ ਭੀ ਤਾਂ ਲਾਜ਼ਮੀ ਹੈ। ਗੁਰਬਾਣੀ ਵਿਚੋ ਭੀ ਸੇਧ ਇਹੋ ਮਿਲਦੀ ਹੈ ਕਿ ਸੱਚੀ ਦਰਗਾਹ ਵੱਲ ਕੋਈ ਭੀ ਜਗਿਆਸੂ ਤਾਂ ਹੀ ਜਾ ਸਕਦਾ ਹੈ ਜੇ ਕਰ ਉਸ ਦੇ ਮਸਤਕ ਤੇ ਨੀਸ਼ਾਣ ਲਗਾ ਹੋਵੇ:–

**ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ।।੨।।੭।।** (ਸੂਹੀ ਮ ੧–੭੩੦)

ਹੁਣ ਦੋ ਪ੍ਰਸ਼ਨ ਉਠਦੇ ਹਨ:–

(ੳ) ਨੀਸਾਣੀ –ਚਿੰਨ੍ਹ ਕਦੋਂ ਲਗਦਾ ਹੈ? ਅਤੇ

(ਅ) ਨੀਸਾਣੀ – ਚਿੰਨ੍ਹ ਦੇ ਲਗਾਣ ਦਾ ਅਧਿਕਾਰੀ ਕੌਣ ਹੈ?

ਇਹਨਾਂ ਦੋਹਾਂ ਪ੍ਰਸ਼ਨਾਂ ਦੇ ਉਤਰ ਭੀ ਗੁਰਬਾਣੀ ਵਿਚੋਂ ਹੀ ਲੱਭ ਪੈਂਦੇ ਹਨ :–

(ੳ) ਨੀਸਾਣੀ – ਚਿੰਨ੍ਹ ਕਦੋਂ ਲਗਦਾ ਹੈ? ਇਸ ਦਾ ਉਤਰ ਤਾਂ ਇਸ ਲੇਖ ਦੇ ਸਿਰਲੇਖ ਵਿਚ ਹੀ ਸਤਿਗੁਰੂ ਜੀ ਨੇ ਦੇ ਦਿੱਤਾ ਹੈ। ਭੱਟ-ਬਾਣੀ ਵਿੱਚ ਭੀ ਸਪਸ਼ਟ ਸੰਕੇਤ ਮਿਲਦਾ ਹੈ:–

**ਤੇਰੇ ਹੁਕਮਿ ਪਵੈ ਤਉ ਕਰਉ ਸਾਹਿਬ ਕੀ ਸੇਵਾ।।**
**ਜਬ ਗੁਰ ਦੇਖੈ ਸੁਭ ਦਿਸਟਿ, ਨਾਮੁ ਕਰਤਾ ਮੁਖਿ ਮੇਵਾ।।੪।।੧੮।।**
(ਪੰਨਾ ੧੩੯੫)

ਲੰਮੀ ਨਦਰੇ ਵੇਖਿਆ ਜਾਏ ਤਾਂ ਕੇਵਲ ਗੁਰਮਤਿ ਨੇ ਹੀ ਨੀਸਾਣ ਦੀ ਸੋਝੀ ਬਖਸ਼ੀ ਹੈ। ਸੰਸਾਰ ਦੇ ਕਿਸੇ ਭੀ ਹੋਰ ਮੱਤ ਨੇ ਨੀਸਾਣ ਬਾਰੇ ਅੱਜ ਤਕ ਕੁਝ ਭੀ ਨਹੀਂ ਕਿਹਾ। ਭਾਰਤੀ ਧਰਮ ਪਰੰਪਰਾ ਵਿੱਚ ਬਾਨਪ੍ਰਸਤ ਆਸ਼ਰਮ ਅਤੇ ਸੰਨਿਆਸ ਧਾਰਨ ਕਰਨ ਵਾਲੇ ਬੜੀਆਂ ਕਰੜੀਆਂ ਘਾਲਣਾ ਘਾਲ ਕੇ ਪਰਮੇਸ਼ਰ ਦੀ ਅਰਾਧਨਾ ਕਰਦੇ ਸੁਣੇ ਹਨ। ਪਰ ਉਹਨਾਂ ਨੂੰ ਕਈ ਪ੍ਰਕਾਰ ਦੀਆਂ ਹੱਠ-ਸਾਧਨਾ ਕਰਨ ਦੇ ਬਾਵਜੂਦ ਨੀਸਾਣਾਂ ਦੀ ਪ੍ਰਾਪਤੀ ਨਹੀਂ ਹੁੰਦੀ, ਕੇਵਲ ਮੰਤ੍ਰ-ਸਿੱਧੀਆਂ ਦੀ ਪ੍ਰਾਪਤੀ ਹੀ ਹੋ ਸਕੀ ਹੈ,


www.AKJ.Org

ਜਿਸ ਨਾਲ ਤਪੀ-ਤਪੀਸਰ ਸੰਤੁਸ਼ਟ ਹੋ ਜਾਂਦੇ ਰਹੇ ਹਨ ਤੇ ਵਰ-ਸਰਾਪ ਦਿੰਦੇ ਰਹੇ ਹਨ।

ਦੂਜਾ ਪ੍ਰਸ਼ਨ ਹੈ ਕਿ ਨੀਸਾਣ-ਚਿੰਨ੍ਹ ਲਗਾਣ ਦਾ ਅਧਿਕਾਰੀ ਕੌਣ ਹੈ? ਗੁਰਮਤਿ ਤੋਂ ਬਿਨਾਂ ਅੱਜ ਦੇ ਜਿਤਨੇ ਭੀ ਸਮਕਾਲੀ ਮੱਤ-ਮਤਾਂਤਰਾਂ ਦੇ ਗੁਰੂ ਹਨ, ਕਿਸੇ ਨੂੰ ਨਾਂ ਤਾਂ ਨੀਸਾਣ ਦੀ ਫਿਲਾਸਫੀ ਦੀ ਸੋਝੀ ਹੈ ਅਤੇ ਨਾਂ ਹੀ ਉਹਨਾਂ ਨੂੰ ਨੀਸਾਣੀ-ਚਿੰਨ੍ਹ ਲਗਾਣ ਦਾ ਕੋਈ ਅਧਿਕਾਰ ਪ੍ਰਾਪਤ ਹੈ। ਨੀਸਾਣੀ-ਚਿੰਨ੍ਹ ਦੇ ਅਧਿਕਾਰੀ ਕੇਵਲ ਸਤਿਗੁਰੂ ਨਾਨਕ ਦੇਵ ਜੀ ਸਨ ਅਤੇ ਹੁਣ ਉਹ ਅਧਿਕਾਰ ਕੇਵਲ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਹੈ। ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਅਤੇ ਨਾਮ ਦੀ ਦਾਤ ਪ੍ਰਾਪਤ ਕਰਕੇ ਗੁਰਮੰਤਰ ਦੀ ਕਮਾਈ ਕਰਨ ਵਾਲੇ ਤੇ ਹੀ ਨੀਸਾਣ ਦੀ ਬਖਸ਼ਸ ਹੋ ਸਕਦੀ ਹੈ।

ਅਨੇਕਾਂ ਦੇਹ-ਧਾਰੀ ਗੁਰੂ ਜਿਥੇ ਜਿਥੇ ਭੀ ਬੈਠੇ ਹਨ, ਆਪੋ ਆਪਣੇ ਦੇਸ਼ ਕਾਲ ਅਤੇ ਸਥਾਨਕ ਪਰੰਪਰਾ ਨੂੰ ਮੁਖ ਰੱਖ ਕੇ ਅਨੇਕਾਂ ਜਗਿਆਸੂਆਂ ਦੀ ਹਿਰਦੇ ਰੂਪੀ ਖੇਤੀ ਨੂੰ ਕੇਵਲ ਸੰਵਾਰਨ ਦਾ ਨਿਰਾਰਥ ਕਾਰਜ ਹੀ ਕਰ ਰਹੇ ਹਨ। ਕੋਈ ਆਪਣੇ ਚੇਲਿਆਂ ਨੂੰ ਵਾਕ ਸਿੱਧੀ ਦੀ ਸ਼ਕਤੀ ਦਾ ਪ੍ਰਦਰਸ਼ਨ ਕਰਕੇ ਆਪਣੇ ਲੜ ਲਗਾ ਰਿਹਾ ਹੈ। ਕੋਈ ਜ਼ਗਿਆਸੂਆਂ ਨੂੰ ਕਹਿੰਦੇ ਹਨ ਕਿ ਅਨਹਦ ਸ਼ਬਦ ਸੁਣ ਲੈਣਾ ਹੀ ਅੰਤਮ ਪੜਾਅ ਹੈ, ਫਿਰ ਕੰਨਾਂ ਵਿਚ ਪੰਚ-ਸ਼ਬਦ ਦੀਆਂ ਆਵਾਜ਼ਾਂ ਆਉਣ ਲੱਗ ਪੈਂਦੀਆਂ ਹਨ। ਇਸ ਨੂੰ ਸੁਣਨ ਲਈ ਜਗਿਆਸੂ ਨੂੰ ਕੁਝ ਮਕੈਨੀਕਲ ਅਭਿਆਸ ਅਤੇ ਜਾਪ ਭੀ ਦਸਿਆ ਜਾਂਦਾ ਹੈ। ਪਰ ਇਹਨਾਂ ਨਾਲ ਮਸਤਕ ਉੱਤੇ ਨੀਸਾਣ ਨਹੀਂ ਪੈਂਦਾ ਅਤੇ ਨਾ ਹੀ ਪੈ ਸਕਦਾ ਹੈ।

ਕਿਸੇ ਨੂੰ ਇਹ ਕਹਿ ਕੇ ਜਗਿਆਸਾ ਵਿਚ ਤੋਰਿਆ ਜਾਂਦਾ ਹੈ ਕਿ ਮਨ ਦੇ ਫੁਰਨੇ ਰੋਕੋ, ਫਿਰ ਪ੍ਰਾਪਤੀ ਹੋਵੇਗੀ। ਮਨ ਦੇ ਫੁਰਨੇ ਕਿਵੇਂ ਰੋਕਣੇ ਹਨ ਇਹ ਆਪਣੇ ਆਪ ਵਿਚ ਇਕ ਬੜੀ ਮੁਸ਼ਕਲ ਖੇਡ ਹੈ। ਜੋਗ-ਮਾਰਗ ਦਾ ਸਾਰਾ ਜ਼ੋਰ ਮਨ ਦੀ ਅਫੁਰ ਅਵਸਥਾ ਪ੍ਰਾਪਤ ਕਰਨ ਤੇ ਹੁੰਦਾ ਹੈ। ਜੋਗੀ ਨੇ ਭਾਵੇਂ ਸੁਆਸ ਭੀ ਦਸਵੇਂ ਦੁਆਰ ਵਿਚ ਅਟਕਾਅ ਲਏ, ਪਰ ਜਦੋਂ ਜੋਗੀ ਫਿਰ ਹੇਠਾਂ ਉੱਤਰ ਕੇ ਆਉਂਦਾ ਹੈ ਤਾਂ ਮਨ ਆਪਣੇ ਸੁਭਾਅ ਅਨੁਸਾਰ ਫੁਰਨੇ ਕਫੁਰਨੇ ਸ਼ੁਰੂ ਕਰ ਦਿੰਦਾ ਹੈ। ਸੋ ਇਹ ਕੇਵਲ ਅਫੁਰ ਅਵਸਥਾ ਵੀ ਨੀਸਾਣਾ-ਪ੍ਰਾਪਤੀ ਲਈ ਠੀਕ ਸਾਧਨ ਸਿੱਧ ਨਹੀਂ ਹੋਇਆ।

**ਕਿੰਕੁਰੀ ਅਨੂਪ ਵਾਜੈ।। ਜੋਗੀਆ ਮਤਵਾਰੋ ਰੇ।।੧।। ਰਹਾਉ।।੧੨।।**
(ਰਾਮਕਲੀ ਮ ੫, ਪੰਨਾ ੮੮੬)

ਭਾਵ, ਬ੍ਰਹਮੰਡ ਵਿਚ ਵਾਹਿਗੁਰੂ ਜੀ ਦੀ ਪੰਚ-ਸ਼ਬਦੀ ਕਿੰਕੁਰੀ ਬੜੀ ਰਸੀਲੀ ਸੁਰ ਵਿਚ ਵੱਜ ਰਹੀ ਹੈ, ਪਰ ਇਸ ਦੇ ਸੁਣਨ ਵਾਲਾ ਜੋਗੀ ਜੋਗ-ਸਾਧਨਾਂ ਵਿਚ ਹੀ ਮਦ-ਮਸਤ ਹੈ, ਉਸ ਨੂੰ ਇਸ ਆਤਮਿਕ ਰਸ ਦੀ ਸੋਝੀ ਹੀ ਨਹੀਂ ਹੋ ਸਕੀ।

ਗੁਰਮਤਿ (ਧਰਮ) ਦੀ ਜਗਿਆਸਾ ਦਾ ਅੰਤਮ ਪੜਾਅ ਨੀਸਾਣੁ ਹੈ। ਨੀਸਾਣੁ ਉਦੋਂ ਲੱਗਦਾ ਹੈ ਜਦੋਂ ਮਨੁੱਖ ਆਪਣੇ ਅੰਦਰੋਂ ਆਪਾ-ਭਾਵ ਮਿਟਾ ਲੈਂਦਾ ਹੈ। ਇਹ ਆਪਾ-ਭਾਵ ਗੁਰੂ ਦੀ ਬਾਣੀ ਅਤੇ ਨਾਮ ਦੇ ਅਭਿਆਸ ਨਾਲ ਗੁਰੂ ਦੀ ਕ੍ਰਿਪਾ ਸਦਕਾ ਸਹਿਜੇ ਸਹਿਜੇ ਮਿਟਦਾ ਹੈ। ਗੁਰਮਤਿ-ਮਾਰਗ ਸਹਿਜ ਦਾ ਮਾਰਗ ਹੈ। ਇਸ ਮਾਰਗ ਵਿਚ ਮਨੁੱਖੀ ਸੰਭਾਵਨਾਵਾਂ ਅੰਦਰ ਰਹਿੰਦੇ ਹੋਇਆਂ ਗੁਰੂ ਦੇ ਉਪਦੇਸ਼ਾਂ ਅਨੁਸਾਰ ਸਹਿਜੇ ਸਹਿਜੇ ਜੀਵਨ ਢਾਲਣਾ ਹੀ ਇੱਕ ਮਹਾਨ ਤਪਾਂ ਸਿਰ ਤਪ ਹੈ, ਮਹਾਨ ਕਰਮਾਂ ਸਿਰ ਕਰਮ ਭੀ ਹੈ:-

**ਹਰਿ ਕੀਰਤਿ ਸਾਧ ਸੰਗਤਿ ਹੈ, ਸਿਰਿ ਕਰਮਨ ਕੈ ਕਰਮਾ।।**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ।।੪।।**
(ਸੋਰਠਿ ਮ ੫, ਪੰਨਾ ੬੪੨)

ਭਾਵ ਸਾਧ ਸੰਗਤ ਵਿਚ ਮਿਲ ਬੈਠ ਕੇ ਹਰਿ ਜਸੁ ਕਰਨਾ ਹੀ ਸਭ ਤੋਂ ਸ੍ਰੇਸ਼ਟ ਕਰਮ ਹੈ ਅਤੇ ਇਹ ਚੰਗੇ ਕੀਤੇ ਕਰਮਾਂ ਕਰਕੇ ਪ੍ਰਾਪਤ ਹੁੰਦਾ ਹੈ। ਗੁਰਬਾਣੀ ਇਹ ਭੀ ਤਾੜਨਾ ਕਰਦੀ ਹੈ ਕਿ ਜੇ ਕੋਈ ਜਗਿਆਸੂ ਆਪਣੀ ਜਗਿਆਸਾ ਦੇ ਹੰਕਾਰ ਵਿਚ ਵਿਚਰਦਾ ਹੈ ਤਾਂ ਉਸ ਦੇ ਮਸਤਕ ਤੇ ਬਖਸ਼ਸ ਦਾ ਇਹ ਨੀਸਾਣੁ ਨਹੀਂ ਪੈ ਸਕਦਾ ਕਿਉਂਕਿ:-

**ਅਹੰ ਬੁਧਿ ਕਰਮ ਕਮਾਵਨੇ।।**
**ਗ੍ਰਿਹ ਬਾਲੂ ਨੀਰਿ ਬਹਾਵਨੇ।।੩।।੧੪੨।।** (ਗਉੜੀ ਮ ੫, ਪੰਨਾ ੨੧੧)

ਹੁਣ ਪ੍ਰਸ਼ਨ ਇਹ ਹੈ ਕਿ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਨੀਸਾਣ ਦੇਣ ਦੇ ਕਿਉਂ ਅਧਿਕਾਰੀ ਹਨ, ਹੋਰ ਕੋਈ ਸਾਧ ਸੰਤ ਜਾਂ ਪੈਗੰਬਰ ਕਿਉਂ ਨਹੀਂ? ਹੋਰ ਹੋਰ ਪੈਗੰਬਰ ਜਾਂ ਅਵਤਾਰ ਤਾਂ ਆਪੋ ਆਪਣੇ ਯੁਗ ਸਮਾਪਤ ਕਰਕੇ ਚਲੇ ਜਾ ਚੁੱਕੇ ਹਨ, ਪਰ ਗੁਰੂ ਨਾਨਕ ਦੇਵ ਜੀ ਆ ਕੇ ਗਏ ਨਹੀਂ। ਹੁਣ ਭੀ ਉਹ ਸੰਸਾਰ ਨੂੰ ਤਾਰਨ ਲਈ ਸ਼ਬਦ-ਸਰੂਪ ਵਿਚ ਪ੍ਰਜਵਲਤ ਹਨ। ਇਹ ਕੇਵਲ ਗੁਰਬਾਣੀ ਹੀ ਹੈ ਜਿਸ ਨੇ ਪਹਿਲੀ ਵਾਰ ਅਕਾਲ ਪੁਰਖ ਅਤੇ ਗੁਰੂ ਦੇ ਕਾਰਜ ਖੇਤਰ ਉੱਤੇ ਚਾਨਣਾ ਪਾਇਆ ਹੈ ਅਤੇ ਦਸਿਆ ਹੈ ਕਿ ਅਕਾਲ ਪੁਰਖ ਨੇ ਇਹ ਧਰਤੀ ਭੁੱਲੇ-ਭਟਕੇ ਮਨੁੱਖ ਦੇ ਬਿਗੜੇ (ਖੋਟੇ) ਰੂਪ ਨੂੰ ਨਾਮ ਦੇ ਲੜ ਲਾ ਕੇ ਸੰਵਾਰਨ ਲਈ ਰਚੀ ਹੈ:-

**ਗੁਰਮੁਖਿ ਧਰਤੀ ਸਾਚੈ ਸਾਜੀ।।੩੯।।** (ਰਾਮਕਲੀ ਮ ੧, ਪੰਨਾ ੯੪੧)
**ਹਰਿ ਸਿਮਰੀ ਧਾਰੀ ਸਭ ਧਰਨਾ।।੮।।੧।।** (ਸੁਖਮਨੀ ਮ ੫, ਪੰਨਾ ੨੬੩)

ਜਿੰਨਾ ਚਿਰ ਮਨੁੱਖ ਆਪਣੀ ਹਉਮੈ ਧਾਰ ਕੇ ਧਰਤੀ ਤੇ ਵਿਚਰਦਾ ਹੈ, ਉਹ ਸੱਚੀ ਦਰਗਾਹੇ ਕਬੂਲ ਪੈਣ ਦੇ ਲਾਇਕ ਨਹੀਂ ਹੋ ਸਕਦਾ। ਉਸ ਨੂੰ ਦਰਗਾਹ ਤੋਂ ਬਾਹਰਵਾਰ ਹੀ ਰੱਖਿਆ ਜਾਂਦਾ ਹੈ। ਉਹ ਖੋਟੇ ਅਤੇ ਮੱਠੇ ਨੂੰ ਹਛਾ ਬਣਾਉਣ ਦਾ ਕੰਮ ਸਤਿਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਵਲੋਂ ਸੌਂਪਿਆਂ ਗਿਆ:-

**ਸਤਿਗੁਰੂ ਖੋਟਿਅਹੁ ਖਰੇ ਕਰੇ; ਸਬਦਿ ਸਵਾਰਣਹਾਰੁ।।੧੨।।**
(ਮਾਝ ਕੀ ਵਾਰ ਮ ੧, ਪੰਨਾ ੧੪੩)

ਅਤੇ ਜਿਸ ਉੱਤੇ ਸਤਿਗੁਰੂ ਸੰਤੁਸ਼ਟ ਹੋ ਜਾਂਦਾ ਹੈ ਤੇ ਉਹ ਵੇਖਦਾ ਹੈ ਕਿ ਜਗਿਆਸੂ ਹਉਮੈ-ਅਹੰਕਾਰ ਤੋਂ ਰਹਿਤ ਹੋ ਚੁੱਕਾ ਹੈ, ਤਾਂ ਉਸ ਦੇ ਮਸਤਕ ਤੇ ਬਖਸ਼ਸ ਦਾ ਨਿਸਾਣ ਲਗਾ ਦਿੰਦਾ ਹੈ। ਫਿਰ ਸਤਿਗੁਰੂ ਜੀ ਦੀ ਬਖਸ਼ਸ਼ ਪ੍ਰਾਪਤ ਹੋਏ ਜਗਿਆਸੂ ਨੂੰ ਦਰਗਾਹ ਵਿਚ ਪਰਵਾਨ ਕਰ ਲਿਆ ਜਾਂਦਾ ਹੈ:-

**ਸਚੀ ਦਰਗਹ, ਮੰਨੀਅਨਿ ਗੁਰ ਕੈ ਪ੍ਰੇਮ ਪਿਆਰ।।**
(ਮਾਝ ਕੀ ਵਾਰ ਮ ੧, ਪੰਨਾ ੧੪੩)

ਗੁਰੂ ਅਮਰਦਾਸ ਜੀ ਵਡਹੰਸ ਕੀ ਵਾਰ ਅੰਦਰ ਇਸੇ ਖਿਆਲ ਨੂੰ ਇਸ ਤਰ੍ਹਾਂ ਦਰਸਾਂਦੇ ਹਨ:-

**ਹਉਮੈ ਅੰਦਰਿ ਖੜਕੁ ਹੈ। ਖੜਕੇ ਖੜਕਿ ਵਿਹਾਇ।।**
**ਹਉਮੈ ਵਡਾ ਰੋਗ ਹੈ, ਮਰਿ ਜੰਮੈ, ਆਵੈ ਜਾਇ।।**

(ਬਾਕੀ ਪੰਨਾ ੧੭ ਤੇ)


www.AKJ.Org

# ਖੇੜਾ

(ਪ੍ਰਿ: ਮੇਹਰ ਸਿੰਘ ਜੀ)

ਜਦ ਮਨੁੱਖ ਸਿਮਰਨ ਅਭਿਆਸ ਕਰਨ ਲਗ ਪੈਂਦਾ ਹੈ ਤਾਂ ਦੁਨੀਆਂ ਦੀਆਂ ਦੂਜੀਆਂ ਚੀਜਾਂ (ਮਾਇਆ ਤੇ ਉਸਦੇ ਕਾਰਿੰਦੇ) ਉਸਨੂੰ ਕਈ ਪਰਕਾਰ ਦੇ ਲਾਲਚ ਦੇ ਕੇ ਆਪਣੀ ਵਲ ਵਧੇਰੀ (Force) ਤਾਕਤ ਨਾਲ ਖਿਚਣਾ ਸ਼ੁਰੂ ਕਰ ਦੇਂਦੀਆ ਹਨ। ਕਿਉਂ ਜੋ ਅਸੀਂ ਸੰਸਾਰੀ ਜੀਵ ਸਾਰੇ ਮਾਇਆ ਦਾ ਸ਼ਿਕਾਰ ਹਾਂ ਤੇ ਦੁਨੀਆ ਵਿਚ ਕੋਈ ਵੀ ਐਸਾ ਨਹੀਂ ਜੋ ਆਪਣਾ ਸ਼ਿਕਾਰ ਆਪਣੇ ਹਥੋਂ ਸੌਖਾ ਛੱਡਣਾ ਪਸੰਦ ਕਰੇ। ਸੋ ਮਾਇਆ ਦੇ ਕਾਰਿੰਦੇ (Staff) ਮਨੁੱਖ ਨੂੰ ਧਨ ਦਾ ਲਾਲਚ, ਪੁੱਤਰ ਦਾ ਲਾਲਚ ਇਤਿਆਦਿ ਦੇ ਕੇ ਫੇਰ ਆਪਣੇ ਜਾਲ ਵਿਚ ਫਸਾ ਲੈਂਦੇ ਹਨ। ਸੋ ਕੁਝ ਚਿਰ ਦਿਲ ਨਾਲ ਸਿਮਰਨ, ਨਾਮ ਬਾਣੀ ਦਵਾਰਾ ਕਰਨ ਕਰਕੇ ਕਈ ਤਾਂ ਛੇਤੀ ਹੀ ਆਪਣੀ ਦੁਨੀਆਵੀ ਆਸਾਂ ਦੀ ਪੂਰਤੀ ਦੇਖਕੇ 'ਦਾਤ ਪਿਆਰੀ ਵਿਸਰਿਆ ਦਾਤਾਰਾ" ਦੇ ਮਹਾਂਵਾਕ ਅਨੁਸਾਰ ਉਸ ਦਾਤੇ ਨੂੰ ਭੁਲ ਜਾਦੇਂ ਹਨ, ਇਉਂ ਕਹੋ ਕਿ ਉਨਾਂ ਤੇ ਮਾਇਆ ਦਾ ਪਰਦਾ ਫੇਰ ਪੈ ਜਾਂਦਾ ਹੈ ਤੇ ਉਨਾਂ ਕੋਲੋਂ ਨਾਮ ਤੇ ਬਾਣੀ ਦਾ (Routine) ਛੁਟ ਜਾਂਦਾ ਹੈ ਭਾਵੇਂ ਐਸੇ ਮਨੁਖ ਸ਼ਰਧਾਵਾਨ ਰਹਿੰਦੇ ਹਨ ਪਰ ਫੇਰ ਵੀ ਉਹ ਸਿਲਸਲਾ ਟੁੱਟ ਜਾਂਦਾ ਹੈ। ਇਹ ਪਹਿਲਾ ਪਹਿਲਾ ਚਾਅ ਖੇੜੇ ਦੀ ਇਕ ਝਲਕ ਜਿਸ ਤੋਂ ਮਗਰੋਂ ਮਨੁੱਖ ਆਪਣੀ ਇਛਾ ਦੀ ਪੂਰਤੀ ਕਰਕੇ ਬਾਹਰ-ਮੁਖੀ ਹੋ ਗਿਆ ਤੇ ਉਹ ਅਸਲੀ ਦਾਤ (ਖੇੜਾ) ਗਵਾ ਬੈਠਾ ਜਿਸਦੀ ਇਸ ਨੂੰ ਆਪ ਕੁਝ ਸੋਝੀ ਹੈ ਹੀ ਨਹੀਂ।

ਮਨੁੱਖ ਦੇ ਜੀਵਨ ਵਿਚ ਇਸ ਤਰਾਂ ਦੇ ਕਈ ਔਸਰ ਐਸੇ ਆਉਂਦੇ ਹਨ ਜਦੋਂ ਕਿ ਉਹ ਬਹੁਤ ਹੀ ਨਿਰਮਾਨ ਹੋ ਕੇ ਸੇਵਾ ਵੀ ਕਰਨ ਲਗ ਪੈਂਦਾਂ ਹੈ ਪਰ , ਮਾਨੁਖ ਕੈ ਕਿਛੁ ਨਾਹੀ ਹਾਥ, ਦੇ ਮਹਾਂਵਾਕਾਨੁਸਾਰ ਉਹ ਫਿਰ ਉਸ ਪਾਉੜੀ ਤੋਂ ਖਿਸਕ ਜਾਂਦਾ ਹੈ ਕਿਉਂ ਜੋ ਉਸਦੀ ਸੇਵਾ ਤੋ ਲਗਨ ਦਾ ਅਸਲੀ ਮੰਤਵ ਸੁਆਰਥ ਯਾ ਦਿਖਾਵਾ ਹੁੰਦਾ ਹੈ। ਇਸੇ ਪ੍ਰਕਾਰ ਹੋਰ ਵੀ ਕਈ ਔਸਰ ਐਸੇ ਆਉਂਦੇ ਹਨ ਜਦੋਂ ਕਿ ਮਨੁਖ ਵਿਚ ਦਿਲੀ ਪ੍ਰੇਮ ਜਾਗਦਾ ਹੈ ਪਰ ਫੇਰ ਇਸੇ ਮਾਇਆ ਦੀ ਪ੍ਰਬਲਤਾ ਹੇਠ ਦਬ ਜਾਂਦਾ ਹੈ ਤੇ ਆਖਨ ਔਖਾ ਸਾਚਾ ਨਾਉ ਵਾਲੀ ਗੱਲ ਉਸ ਨਾਲ ਬਣ ਜਾਂਦੀ ਹੈ।

ਇਸ ਅੰਦਰਲੇ ਹੱਲੇ (ਉਦਮ) ਦਾ ਨਾਉ ਖੇੜਾ ਹੈ। ਇਹ ਕੇਵਲ ਬਾਹਰ ਦੀਆਂ ਗਿਆਨ ਇੰਦਰੀਆ ਦੀ ਇਕ ਝਲਕ ਹੈ। ਮਨੁਖ ਦੀਆ ਅੰਤੀਵੀ ਗਿਆਨ ਇੰਦਰੀਆਂ ਹੋਰ ਚੀਜ਼ਾਂ ਹਨ ਜਿਹੜੀਆਂ ਕਿ ਆਤਮਾ ਨੂੰ ਸਪਰਸ਼ ਕਰਦੀਆਂ ਹਨ। ਆਤਮਾ ਦੀ ਖੁਰਾਕ ਭਜਨ (ਨਾਮ ਸਿਮਰਨ ਤੇ ਗੁਰਬਾਣੀ ਦਾ ਵਿਚਾਰ) ਹੈ। ਜੇ ਇਹ ਹੈ ਤਾਂ ਮਨੁਖ ਸੁਖ ਤੇ ਸਹਿਜ ਨੂੰ ਪ੍ਰਾਪਤ ਕਰ ਸਕਦਾ ਹੈ, ਉਹ ਵੀ ਕੇਵਲ ਗੁਰੂ ਕ੍ਰਿਪਾ ਦੁਵਾਰਾ। ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਹੀ ਆਤਮਾ ਦੇ ਆਨੰਦ ਨੂੰ ਪ੍ਰਾਪਤ ਕਰ ਸਕਦੇ ਹਨ ਤੇ ਇਸ ਆਨੰਦ ਦਾ ਨਾਉਂ ਹੀ ਖੇੜਾ ਹੈ।

ਆਤਮਾ ਦੀ ਆਨੰਮਈ ਟੁੱਭੀ ਉਦੋਂ ਲਗਦੀ ਹੈ ਜਦੋਂ ਮਨੁਖ ਦੀ ਸੁਰਤ ਨਾਮ ਸਿਮਰਨ ਕਰਕੇ ਪ੍ਰਸੰਨਤਾ ਵਿਚ ਖੇਡਦੀ ਹੈ ਤੇ ਫਿਰ ਲੁਕਦੀ ਛਿਪਦੀ ਹੈ, ਫਿਰ ਨੱਚਦੀ ਹੈ, ਫਿਰ ਉਚੀ ਉਠਦੀ ਹੈ ਤੇ ਘੁੰਮਰਾਂ ਪਾਉਂਦੀ ਹੈ। ਇਸ ਹਾਲਤ ਵਿਚ ਮਨੁਖ ਦੀ ਆਤਮਕ ਉਨਤੀ ਹੁੰਦੀ ਹੈ ਤੇ ਖੇੜਾ ਆਉਂਦਾ ਹੈ। ਉਹ ਖੇੜਾ ਕੇ ਵਲ ਉਹ ਹੀ ਜਾਣਦੇ ਹਨ ਜੋ ਕਿ ਅਪਣੀ ਕਮਾਈ ਦੀ ਕਬੂਲੀਅਤ ਦੁਆਰਾ ਗੁਰੂ ਦੀ ਕ੍ਰਿਪਾ ਵਿਚ ਖੇਡਦੇ ਹਨ।

ਉਚੀ ਉਚੀ ਬਿਰਤੀਆਂ ਵਾਲੇ ਗੁਰ ਸਿੱਖਾਂ ਦਾ ਕਥਨ ਹੈ ਕਿ ਮਨੁੱਖ ਦੇ ਪੂਰਬਲੇ ਕਰਮ ਵੀ ਖੁੱਲ੍ਹ ਜਾਂਦੇ ਹਨ ਤੇ ਗੁਰੂ ਕ੍ਰਿਪਾ ਨਾਲ ਉਸ ਨੂੰ ਨਾਮ ਦੀ ਪ੍ਰਾਪਤੀ ਵੀ ਹੋ ਜਾਂਦੀ ਹੈ। ਫਿਰ ਨਾਮ ਜਪਿਆ ਵੀ ਜਾਂਦਾ ਹੈ। ਫੇਰ ਮਨੁੱਖ ਕਮਾਈ ਵੀ ਪੂਰੇ ਯਤਨਾਂ (ਸਾਧ ਸੰਗਤ ਦੇ ਸੰਪਰਕ ਤੇ ਨਿੱਜੀ ਅਧਿਅਨ) ਨਾਲ ਕਰ ਲੈਂਦਾ ਹੈ ਪਰ ਅੰਤ ਵਿੱਚ ਗੱਲ ਕਬੂਲੀਅਤ ਤੇ ਜਾ ਕੇ ਮੁਕਦੀ ਹੈ ਅਰਥਾਤ ਮਨੁੱਖ ਉਤੇ ਉਸ ਦਾਤੇ ਦੀ ਕ੍ਰਿਪਾ ਦ੍ਰਿਸ਼ਟੀ ਹੋ ਗਈ ਤਾਂ ਪੌ ਬਾਰਾਂ, ਨਹੀਂ ਤੇ ਫਿਰ 'ਜੇ ਤਿਸ ਨਦਰ ਨਾ ਆਵਈ ਤਾ ਵਾਤ ਨ ਪੁਛੈ ਕੋਇ' ਅਨੁਸਾਰ ਮਨੁੱਖ ਉਥੇ ਦਾ ਉਥੇ ਹੀ ਰਹਿੰਦਾ ਹੈ, ਆਪਣੇ ਖ਼ਿਆਲ ਮੁਤਾਬਕ ਤਾਂ ਉਸ ਨੇ ਤੇਲੀ ਦੇ ਬੈਲ ਵਾਂਗੂੰ ਬਹੁਤ ਪੈਂਡਾ ਕੀਤਾ ਹੋਇਆ ਹੁੰਦਾ ਹੈ ਪਰ ਉਸੇ ਬੈਲ ਵਾਂਗੂੰ ਜਦੋਂ ਉਸ ਦੀਆਂ ਅੱਖਾਂ ਖੋਲ੍ਹੋ, ਜਿਥੋਂ ਚੱਲਿਆ ਸੀ ਉਹ ਉਥੇ ਹੀ ਖਲੋਤਾ ਹੋਇਆ ਹੁੰਦਾ ਹੈ।

ਸੋ ਆਤਮਾ ਦਾ ਅਨੰਦ ਹੀ ਇਕ ਐਸੀ ਵਸਤੂ ਹੈ ਜੋ ਮਨੁੱਖ ਲਈ ਤਰੱਕੀ ਦਾ ਕਾਰਨ ਹੈ। ਜੇ ਮਨੁੱਖ ਦਾ ਨਾਮ ਸਿਮਰਨ ਤੇ ਗੁਰਬਾਣੀ ਦਾ ਪਾਠ ਕੇਵਲ ਠਫੀ ਅਜਫ (ਸੁੱਕਾ ਰੱਗੜਾ) ਹੀ ਹੈ ਤਾਂ ਫਿਰ ਉਸ ਨਾਲ ਆਤਮਕ ਖੇੜਾ ਨਹੀਂ ਆ ਸਕਦਾ। ਇਹ ਵੀ ਗਲ ਤਜਰਬੇ ਦੀ ਬਿਨਾਅ ਤੇ ਕਹੀ ਜਾ ਸਕਦੀ ਹੈ ਕਿ ਮਨੁੱਖ ਕਿਸੇ ਵੇਲੇ ਸੁਤੇ ਸਭਾ (automatically) ਪ੍ਰਸੰਨਤਾ ਦਾ ਅਨੁਭਵ ਕਰਦਾ ਹੈ ਤੇ ਕਿਸੇ ਵੇਲੇ ਉਹ ਬੇਕਾਰਨ ਹੀ ਦੁੱਖ ਦਾ ਅਨੁਭਵ ਕਰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਮਨੁੱਖ ਦੀਆਂ ਅੰਦਰਲੀਆਂ ਸ਼ਕਤੀਆਂ ਵਿਚ ਕਦੀ ਕਦੀ ਸੰਘਰਸ਼ ਹੁੰਦਾ ਹੈ, ਉਸ ਸੰਘਰਸ਼ ਵਿੱਚ ਕਦੀ ਆਤਮਾ ਵਾਲਾ ਤੇ ਕਦੀ ਮਾਇਆ ਵਾਲਾ ਪਾਸਾ ਭਾਰੀ ਹੋ ਜਾਂਦਾ ਹੈ, ਜਿਸ ਕਰਕੇ ਮਨੁੱਖ ਕਦੀ ਕਦੀ ਆਪ ਮੁਹਾਰਾ ਹੀ ਖੁਸ਼ੀ ਤੇ ਗ਼ਮੀ ਮਹਿਸੂਸ ਕਰਦਾ ਹੈ।

ਪਰ ਜਦੋਂ ਮਨੁੱਖ ਗੁਰਮਤਿ ਅਨੁਸਾਰ ਨਾਮ ਅਭਿਆਸ ਕਮਾਈ ਦੇ ਤੱਤਪਰ ਹੋ ਜਾਂਦਾ ਹੈ ਤਾਂ ਅੰਦਰਲਾ ਸੁਖ ਬਾਹਰ ਵੱਲ ਸਫੁਟ ਹੋਣ ਲੱਗ ਪੈਂਦਾ ਹੈ ਤਾਂ ਮਨੁਖ ਆਪਣੇ ਅੰਦਰ ਹੀ ਅੰਦਰ ਠੰਡ ਜਿਹੀ (inward bliss) ਮਹਸੂਸ ਕਰਦਾ ਹੈ। ਉਹ ਠੰਡ (ਆਤਮਕ ਸੁੱਖ), ਜਦ ਬਹੁਤੀ ਮਾਤਰਾ ਵਿਚ ਹੁੰਦਾਂ ਹੈ ਤਾਂ ਬਾਹਰ ਦੀਆਂ ਗਿਆਨ ਇੰਦਰੀਆਂ ਨੂੰ ਵੀ ਵਿਕਾਸ਼ਮਾਨ (stir up) ਕਰ ਦੇਂਦਾ ਹੈ ਤੇ ਮਨੁਖ ਦਾ ਰੋਮ ਰੋਮ ਖੜ੍ਹਾ ਹੋ ਜਾਂਦਾ ਹੈ, ਚਾਅ ਤੇ ਪ੍ਰਸੰਨਤਾ ਦਾ ਹੜ੍ਹ ਚਲ ਿਦਾ ਹੈ। ਇਸ ਹਾਲਤ ਵਿਚ ਥੋੜ੍ਹਾ ਜਿਹਾ ਵੈਰਾਗ ਦਾ ਮਿਸ਼ਰਨ ਹੁੰਦਾਂ ਹੈ। ਤਾਂ ਫਿਰ : **"ਤੇਰਾ ਜਨ ਨਿਰਤ ਕਰੇ ਗੁਣ ਗਾਵੈ"** ਦੇ ਮਹਾਂਵਾਕ ਅਨੁਸਾਰ ਮਨੁੱਸ਼ ਦੀ ਅੰਦਰਲੀ ਹਾਲਤ ਨ੍ਰਿਤਕਾਰੀ ਦੀ ਹਾਲਤ ਹੋ ਜਾਂਦੀ ਹੈ। ਇਹ ਹੈ 'ਖੇੜਾ' ਜਿਸ ਨੂੰ ਅੰਤ੍ਰੀਵੀ 'ਮਨ ਦਾ ਖਿੜਨਾ' ਕਹਿੰਦੇ ਹਨ।

ਜਦੋਂ ਮਨੁੱਖ ਅੰਮ੍ਰਿਤ ਵੇਲੇ ਉਠੇ ਤੇ ਉਸ ਦਾ ਮਨ ਉਤਸ਼ਾਹ ਤੇ ਪ੍ਰੇਮ ਨਾਲ ਭਰੇ ਹੋਏ ਦਿਲ ਨਾਲ ਕਾਦਰ ਦੀ ਕੁਦਰਤ ਵੱਲ ਵੇਖੇ ਫਿਰ ਉਸ ਦਾ ਦਿਲ ਉਛਾਲੇ ਖਾਕੇ ਉਸ ਦਾਤੇ ਅੱਗੇ ਸ਼ੁਕਰਾਨੇ ਵਾਸਤੇ ਝੁਕੇ ਤਾਂ ਇਹ ਦਸ਼ਾ ਵੀ ਖੇੜੇ ਦੀ ਦਸ਼ਾ ਹੈ।


www.AKJ.Org

ਹੋਰ ਜੇ ਸਿਮਰਨ ਤੋਂ ਮਨੁੱਖ ਥਕਾਵਟ (Fell) ਮਹਿਸੂਸ ਨ ਕਰੇ ਸਗੋਂ ਆਪਣੇ ਆਪਨੂੰ ਹਲਕਾ ਫੁਲਕਾ ਤੇ ਨੀਂਦਰ ਰਹਿਤ ਪਾਵੇ, ਇਹ ਵੀ ਖੇੜੇ ਦੀ ਹਾਲਤ ਹੈ।

ਸਾਧਸੰਗਤਿ ਵਿਚ ਬੇਹਬਲਤਾ ਨਾਲ ਗੁਰਬਾਣੀ ਵਲ ਧਿਆਨ ਦੇਂਦਿਆ ਹੋਇਆ ਖੰਡਾ ਖੜਕਾਈ ਜਾਵੇ ਇਹ ਵੀ ਸ਼ੁਭ ਲੱਛਨ ਹਨ। ਖੇੜਾ ਹਿਰਦੇ ਦਾ ਵਿਸ਼ਾ(subject) ਹੈ, ਇਹ ਅੰਦਰਲੀ ਚੀਜ਼ ਹੈ, ਬਹਾਰਲੀ ਨਹੀ । ਇਹ ਉਸ ਦਾਤੇ ਦੀ ਆਪਾਰ ਕ੍ਰਿਪਾ ਦਾ ਸਬੂਤ ਹੈ। ਮਨੁੱਖ ਦਾਤੇ ਦੀ ਦਾਤ ਦੇ ਸਮੇਂ ਨੂੰ ਨਹੀ ਜਾਨ ਸਕਦਾ । ਸੋ ਮਨੁੱਖ ਨਹੀ ਕਹਿ ਸਕਦਾ ਕਿ ਇਹ ਬਖਸਿਸ਼ ਉਸਨੂੰ ਕਦੋ ਤੇ ਕਿਸਤ੍ਰਾਂ ਹੋ ਜਾਵੇ। ਉਹ ਆਸ਼ਾਵਾਦੀ ਰਹੇ ਤਾਂ ਦਾਤਾ ,ਦਾਤੇ ਦਾਤ ਰਖੀ ਹਥ ਆਪਣੇ ਜਿਸ ਭਾਵੈ ਤਿਸ ਤਿਸ ਦੇਹਿ ਦੇ ਮਹਾਂਵਕਾਨੁਸਾਰ ਕਦੀ ਜਰੂਰ ਬਖਸ਼ਿਸ ਦਾ ਦਰ ਮਨੁੱਖ ਤੇ ਖੋਲ੍ਹੇਗਾ। ਆਮ ਤੌਰ ਤੇ ਇਹ ਖੇੜਾ ਪਹਿਲੋਂ ਪਹਿਲੋਂ ਤਾਂ ਲਗਾਤਾਰ ( constant) ਨਹੀਂ ਰਹਿੰਦਾ ਇਸ ਵਿਚ ਤੋਟਾ ਜ਼ਰੂਰ ਆ ਜਾਂਦਾ ਹੈ । ਪਰ ਗੁਰਸਿਖ ਅਪਣੇ ਧੁਰੇ ਤੋਂ ਨਾ ਉਖੜੇ ਤੇ ਇਹ ਸਮਝੇ ਕਿ ਤੋਟੇ ਵਾਲਾ ਸਮਾਂ ਖਤਮ ਹੋਣ ਤੇ ਜ਼ਰੂਰ ਬਖ਼ਸ਼ਿਸ਼ ਹੋਵੇਗੀ ਤਾਂ ਉਸ ਦੀ ਆਸ ਦਾਤਾ ਪੂਰੀ ਕਰੇਗਾ ਤੇ ਉਹ ਖੇੜੇ ਨਾਲ ਨਿਹਾਲ ਹੋਵੇਗਾ, ਇਹ 'ਖੇੜਾ' ਇਕ ਅੰਮ੍ਰਿਤਧਾਰੀ ਗੁਰਸਿਖ ਦੀ ਸਿੱਖੀ ਦੇ ਬੂਟੇ ਦਾ ਇਕ ਸੁੰਦਰ ਫਲ ਹੈ। ਪਰ ਯਾਦ ਰਹੇ ਅਸਾਂ ਫਲ ਵਲ ਹੀ ਧਿਆਨ ਰੱਖ ਕੇ ਤੇ ਇਸਦੀ ਉਡੀਕ ਕਰ ਕਰਕੇ ਇਥੇ ਹੀ ਨਹੀਂ ਰੁਕੇ ਰਹਿਣਾ, ਫਲ ਪੈਦਾ ਕਰਨ ਵਾਲੇ ਵਲ ਪਹਿਲੋਂ ਖਿਆਲ ਰੱਖਣਾ ਹੈ ਤੇ ਸਦੈਵ ਉਸਦਾ ਹੀ ਧੰਨਵਾਦ ਕਰਨਾ ਹੈ ਮਹਾਂਵਾਕ ਅਨੁਸਾਰ:-

**'ਕਿਆ ਉਠਿ ਉਠਿ ਦੇਖੈਹੁ ਬਪੁੜੇ, ਇਸੁ ਮੇਘੈ ਹਥਿ ਕਿਛੁ ਨਾਹਿ।**
**ਜਿਨਿ ਏਹੁ ਮੇਘੁ ਪਠਾਇਆ, ਤਿਸੁ ਰਾਖਹੁ ਮਨਿ ਮਾਹਿ।'**(੧੨੮੦)

ਅਸਾਡਾ ਲਖਸ਼ ਉਹ ਦਾਤਾ ਹੀ ਹੈ, ਪਰ ਚੂੰਕਿ ਇਹ ਖੇੜਾ ਇਕ ਐਸੀ ਚੀਜ਼ ਹੈ ਜੋ ਸਿੱਖ ਦੀ ਚੜ੍ਹਦੀ ਕਲਾ ਦਾ ਸਬੂਤ ਹੈ, ਅਸਾਂ.ਇਸਦਾ ਇਹ ਖਿਆਲ ਰੱਖਣਾ ਹੈ ਕਿ ਇਹ ਲਗਾਤਾਰ (Continuess) ਰਹੇ। ਸੋ ਅਸੀਂ ਆਪਣੇ ਮਨ, ਬਚ ਕਰਮ ਦਵਾਰਾ ਆਪਣੇ ਆਪ ਨੂੰ ਸ਼ੁਧ ਰਖੀਏ। ਨਾਮ ਸਿਮਰਨ, ਰਹਿਤਾਂ ਤੇ ਸ਼ੁੱਧ ਕਮਾਈ ਹੀ ਤਿੰਨੇ ਐਸੇ ਥੰਮ ਹਨ ਜੋ ਖੇੜੇ ਦੇ ਮਹਿਲ ਨੂੰ ਕਾਇਮ ਰਖਦੇ ਹਨ। ਸੋ ਇਹਨਾਂ ਵਿਚ ਢਿੱਲ ਨ ਦੇਈਏ।

ਕਈ ਸਿੰਘ ਇਹ ਪੁੱਛਦੇ ਹਨ ਕਿ ਖੇੜਾ ਕਦੋਂ ਆਉਂਦਾ ਹੈ ਤੇ ਇਸ ਦੀ ਕੀ ਪਹਿਚਾਨ ਹੈ? ਯਾਦ ਰਹੇ ਕਿ ਪੁੱਤ ਜੰਮੇ ਤੇ ਚੰਨ ਚੜ੍ਹੇ ਕਦੇ ਗੁਝੇ ਨਹੀਂ ਰਹਿੰਦੇ। ਜੇ ਸਿੱਖ ਖੇੜੇ ਦੇ ਤਿੰਨੇ ਥੰਮ ਕਾਇਮ ਹਨ ਤਾਂ ਉਹ ਦਾਤੇ ਦੀ ਕ੍ਰਿਪਾ ਤੇ ਭਰੋਸਾ ਰੱਖੇ। ਗੁਰੂ ਨੂੰ ਗੁਰਸਿਖ ਨਾਲੋਂ ਵਧ ਕੇ ਦੁਨੀਆਂ ਵਿਚ ਹੋਰ ਕੋਈ ਚੀਜ਼ ਪਿਆਰੀ ਨਹੀਂ। ਇਹ ਦਾਤਾ ਮਹਾਂਵਾਕ ਅਨੁਸਾਰ '**ਨਵ ਨਿਧਾਨ ਦਸ ਅਸਟ ਸਿਧਾਨ ਠਾਕਰ ਕਰ ਤਲਿ ਧਰਿਆ**' ਆਪਣੀ ਤਲੀ ਤੇ ਰਖ ਕੇ ਸਿਖ ਨੂੰ ਦੇਣ ਵਾਸਤੇ ਹਰ ਵਕਤ ਤਿਆਰ ਖੜੋਤਾ ਹੋਇਆ ਹੈ, ਕੇਵਲ ਸਿਖ ਵਿਚ ਲੈਣ ਦੀ ਯੋਗਤਾ (deservedness) ਹੋਣੀ ਚਾਹੀਦੀ ਹੈ।

ਖੇੜੇ ਵਾਲਾ ਸਿੰਘ 'ਜਿਸ ਠਾਕਰ ਕੋ ਸੁਨਤ ਅਗਾਧ ਬੋਧ ਸੋ ਰਿਦੈ ਗੁਰ ਦੀਆ' ਪੜ੍ਹ ਪੜ੍ਹ ਕੇ ਵਿਸਮਾਦ ਦੀ ਹਾਲਤ ਵਿਚ ਕਲੋਲ ਕਰਦਾ ਰਹਿੰਦਾ ਹੈ। ਸਿਆਣਿਆਂ ਕਿਹਾ ਹੈ ' ਲੋਹੇ ਨੂੰ ਤਤਿਆਂ ਤਤਿਆਂ ਹੀ ਸੱਟ ਮਾਰ ਲਵੋ। ਸੋ ਜਦੋਂ ਖੇੜਾ ਆਵੇ ਉਤੋਂ ਦਬ ਕੇ ਖੰਡਾ ਖੜਕਾਉ, ਸ਼ੁਕਰਾਨਾ ਕਰੋ ਤੇ ਨਿਰਮਾਣਤਾ ਅਖ਼ਤਿਆਰ ਕਰੋ, ਇਹ ਕਹੋ:-

**ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ।।**
**ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ।।**

ਦੀ ਦਸ਼ਾ ਵਿਚ ਸਿਫਤੋਂ-ਸਲਾਹ ਤੇ ਸ਼ੁਕਰਾਨਾ ਹੀ ਐਸੀਆਂ ਚੀਜ਼ਾਂ ਹਨ ਜੋ ਮਨੁੱਖ ਨੂੰ ਗੁਰਮਤਿ ਸੜਕ ਤੋਂ ਉਖੜਨ ਨਹੀਂ ਦੇ 'ਦੀਆਂ। ਹੋਰ ਇਕ ਗੱਲ ਸੁਣੋ ਉਹ ਇਹ ਕਿ ਖੇੜਾ ਕਿਸੇ ਵੇਲੇ ਆਪਣਾ ਰੂਪ ਵਟਾ ਕੇ ਵੀ ਆਉਂਦਾ ਹੈ ਜੋ ਆਮ ਸਿੱਖ ਸਮਝ ਹੀ ਨਹੀਂ ਸਕਦੇ। ਇਹ ਵੈਰਾਗ ਰੂਪ ਧਾਰਨ ਕਰਕੇ ਵੀ ਆਉਂਦਾ ਹੈ। ਜਦੋਂ ਗੁਰ-ਸਿਖ ਸਿਮਰਨ ਦੀ ਆਖਰੀ ਪੌੜੀ ਵਿਚ ਵੇਖੇ ਕਿ ਉਸਦਾ ਦਿਲ ਸਿਮਰਨ ਛਡਣ ਤੇ ਨਹੀਂ ਕਰਦਾ, ਸਿਮਰਨ ਛਡਣ ਵੇਲੇ ਕੁਝ ਮਿਠਾ ਮਿਠਾ ਦੁਖ ਜਿਹਾ ਮਹਿਸੂਸ ਹੁੰਦਾ ਹੋਵੇ, ਇਵੇਂ ਜਿਵੇਂ ਬਾਲਕ ਦੇ ਮੂੰਹ ਵਿਚੋਂ ਮਾਤਾ ਦੇ ਥਨ ਕੱਢਣ ਵੇਲੇ ਬਾਲਕ ਦੁਖ ਮਹਿਸੂਸ ਕਰਦਾ ਹੋਇਆ ਰੋਂਦਾ ਹੈ ਤਾਂ ਇਹ ਦਸ਼ਾ ਵੀ ਖੇੜੇ ਦੀ ਦਸ਼ਾ ਹੈ। ਇਸ ਦਸ਼ਾ ਦੀ (Climax) ਸਭ ਤੋਂ ਉੱਚੀ ਹਾਲਤ ਉਦੋਂ ਹੁੰਦੀ ਹੈ ਜਦੋਂ ਗੁਰਸਿਖ ਸਵੇਰੇ ਉਠਦਿਆਂ ਸਾਰ ਹੀ ਸਿਮਰਨ ਤੇ ਬੈਠਨ ਤੋਂ ਪਹਿਲੋਂ ਯਾ ਸਿਮਰਨ ਦੇ ਅੰਤ ਵਿਚ ਯਾ ਸਿਮਰਨ ਦੇ ਅੰਤ ਵਿਚ ਐਸ ਕਲੇਜੇ ਦਾ ਧੁਖਨਾ ਮਹਿਸੂਸ ਕਰੇ ਜਿਵੇਂ ਕਿ ਉਹ ਕਦੀ ਕਦੀ ਕਿਸੇ ਇਸ਼ਕ ਮਿਜ਼ਾਜ਼ੀ ਵਿਚ ਹਿਜਰ ਦੀਆਂ ਰਾਤਾਂ ਵਿਚ ਮਹਿਸੂਸ ਕਰਦਾ ਹੁੰਦਾ ਸੀ ਤਾਂ ਫੇਰ ਉਹ ਸਮਝੇ ਕਿ ਹੁਣ ਉਸਦੀ ਮੰਦ ਬੁਧੀ ਇਸ਼ਕ ਮਿਜ਼ਾਜ਼ੀ ਵਾਲੀ, ਇਸ਼ਕ ਹਕੀਕੀ ਵਿਚ ਠੀਕ (Chanalise) ਮੁਹਾਰ ਮੋੜ ਗਈ ਹੈ। ਇਹ ਵੀ ਖੇੜਾ ਹੀ ਹੈ ਪਰ ਇਸ ਸਮੇਂ ਇਹ ਕੌੜੀ ਦਵਾਈ ਵਾਂਗੂੰ ਮਨੁੱਖ ਦੇ ਮਨ ਤੇ ਠੀਕ ਠੀਕ ਅਸਰ ਕਰਨ ਵਾਲੀ ਚੀਜ਼ ਹੈ। ਇਸਨੂੰ ਸਮਝਣ ਦੀ ਲੋੜ ਹੈ। ਇਸ ਹਾਲਤ ਨੂੰ ਕੇਵਲ ਵੈਰਾਗ ਦੀ ਹਾਲਤ ਹੀ ਨਹੀਂ ਸਮਝਣਾ, ਇਹ 'ਖੇੜਾ' ਹੀ ਹੈ ਕਿ ਮਨੁੱਖ ਨੂੰ ਆਪਣੇ ਧੁਰੇ ਤੇ ਕਾਇਮ ਰਹਿਣ ਲਈ ਸਹਾਇਤਾ ਦੇਂਦਾ ਹੈ। ਇਹ ਵੈਰਾਗ ਨਹੀਂ ਹੈ। ਵੈਰਾਗ ਵਿਚ ਬਿਹਬਲਤਾ ਹੁੰਦੀ ਹੈ ਤੇ ਮਿੱਠਾ ਮਿੱਠਾ ਆਤਮ ਦਰਦ ਵੀ ਹੁੰਦਾ ਹੈ। ਵੈਰਾਗ ਵਿਚ ਮਨੁੱਖ ਆਪੇ ਤੋਂ ਬਾਹਰ ਵੀ ਹੋ ਕੇ ਉੱਚੀ ਉੱਚੀ ਰੌਲਾ ਪਾਉਣ ਲੱਗ ਪੈਂਦਾ ਹੈ ਪਰ ਇਸ ਵਿਚ ਗੁਰਸਿਖ ਮਿੱਠਾ ਮਿੱਠਾ ਦੁਖ ਹੀ ਸਹਿਨ ਕਰਕੇ ਬਸ ਫਿਰ ਸ਼ਾਂਤ ਹੋ ਜਾਂਦਾ ਹੈ। ਸੋ ਖੇੜੇ ਦਾ ਅੰਤ ਸ਼ਾਂਤ ਹੈ ਤੇ ਵੈਰਾਗ ਦਾ ਅੰਦਰਲਾ ਉਬਾਲ ਬਾਹਰ ਕਢਣਾ ਹੈ ਤੇ ਕਦੀ ਕਦੀ ਬੇਕਾਬੂ ਹੋਣ ਵਾਲੀ ਹਾਲਤ ਵੀ ਹੈ। ਜੇ ਇਸ ਕਿਸਮ ਦੀ ਦਸ਼ਾ ਦਾ, ਜਿਸਦਾ ਵਰਨਣ ਉਤੇ ਕੀਤਾ ਗਿਆ ਹੈ, ਸਮਝ ਨ ਲੱਗੇ ਤਾਂ ਇੰਨਾ ਹੀ ਸਮਝ ਲਵੇ ਕਿ ਇਹ ਹਾਲਤ ਸੁਲੱਖਣੀ ਹੈ। ਸਿਖ ਇਸਤੋਂ ਮਗਰੋਂ ਸੇਵਾ ਨੂੰ ਅਪਨਾਏ। ਸਭ ਕੁਝ ਠੀਕ ਹੋ ਜਾਏਗਾ। ਉਸਦਾ ਸ਼ੁਕਰਾਨਾ ਕਰੇ, ਇਹ ਸ਼ੁਕਰਾਨਾ ਹੀ ਸਭ ਇਲਾਜਾਂ ਦਾ ਇਲਾਜ ਹੈ। ਹਾਸਾ ਬਾਹਰਲੀਆਂ ਗਿਆਨ ਇੰਦਰੀਆਂ ਦੀ ਵਿਕਾਸਮਈ ਹਾਲਤ ਦਾ ਨਾਉਂ ਹੈ। ਖੇੜਾ ਅੰਦਰਲੀਆਂ ਅੱਖਾਂ ਦੇ ਪ੍ਰਕਾਸ਼ਮਾਨ ਹੋਣ ਦਾ ਸਬੂਤ ਹੈ।

# ਤੰਬੂ ਤੋਂ ਤੰਬੂ ਤੱਕ

(ਡਾ. ਕੁਲਦੀਪ ਕੌਰ)

ਮੱਝੀਆਂ ਦਾ ਛੇੜੂ ਬਾਬਾ ਨਾਨਕ, ਸੱਚਾ ਸੌਦਾ ਕਰਨ ਵਾਲਾ ਵਪਾਰੀ। ਪਾਂਧੀਆਂ ਤੇ ਮੌਲਵੀਆਂ ਨੂੰ ਸੱਚ ਦੀਆਂ ਪੱਟੀਆ ਲਿਖਕੇ ਵਿਖਾਉਣ ਵਾਲਾ ਵਿਦਿਆਰਥੀ-ਉਸਤਾਦ, ਮੋਦੀ ਖਾਨੇ ਦਾ ਮੋਦੀ ਨਾਨਕ 'ਤੇਰਾ ਤੇਰਾ' ਦੀ ਧੁਨੀ ਲਾਉਂਦਾ, ਰਸਲੀਨ ਹੋ ਪਰਮੇਸ਼ਰ ਦੀ ਅਦ੍ਰਿਸ਼ਟ ਸੱਤਾ ਦਾ ਖਿੱਚਿਆ ਜਾ ਵਾੜਿਆ ਵੇਈਂ ਨਦੀ ਵਿੱਚ, ਪਾਣੀ ਦੇ ਤੰਬੂ ਵਿੱਚ। ਲੋਕਾਂ ਭਾਣੇ ਮੋਦੀ ਨਾਨਕ ਇਸ਼ਨਾਨ ਕਰਨ ਲਈ ਵੇਈਂ ਵਿੱਚ ਉਤਰਿਆ। ਕੌਣ ਜਾਣੇ ਇਹ ਇਸ਼ਨਾਨ ਕਿਹੋ ਜਿਹਾ ਸੀ। ਇਹ ਤਾਂ ਸਮੇਂ ਦੀ ਸੀਮਾ ਤੋਂ ਮੁਕਤ ਦਰਸ਼ਨ ਇਸ਼ਨਾਨ ਸੀ, ਸ਼ਬਦ-ਇਸ਼ਨਾਨ ਸੀ, ਅਕਾਲ ਪੁਰਖ ਦੀ ਦਰਗਾਹ ਦੇ ਹੁਕਮ ਦਾ ਇਸ਼ਨਾਨ ਸੀ। ਇਹ ਇਸ਼ਨਾਨ ਤਨ ਦੀ ਮੈਲ ਉਤਾਰਨ ਵਾਲਾ ਇਸ਼ਨਾਨ ਨਹੀਂ ਸੀ, ਇਹ ਤਾਂ ਸੰਸਾਰ ਦੀ ਮੈਲ ਹਰਨ ਲਈ ਆਗਿਆ ਅਤੇ ਬਖਸ਼ਿਸ਼ ਪ੍ਰਾਪਤ ਕਰਨ ਵਾਲਾ ਇਸ਼ਨਾਨ ਸੀ। ਕਾਫ਼ੀ ਸਮਾਂ ਬੀਤਣ ਤੇ ਵੀ ਮੋਦੀ ਨਾਨਕ ਬਾਹਰ ਨਾ ਆਇਆ। ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਕਿੱਥੇ ਕੀ ਹੋ ਰਿਹਾ ਹੈ। ਸਭ ਕਿਆਸ ਅਰਾਈਆਂ, ਆਪਣੀ ਆਪਣੀ ਮਤ ਅਨੁਸਾਰ ਕਈ ਤਰ੍ਹਾਂ ਦੇ ਅਨੁਮਾਨ । ਤਿੰਨ ਦਿਨ ਪਿੱਛੋਂ ਬਾਬਾ ਵੇਈਂ ਵਿਚੋਂ ਬਾਹਰ ਨਿਕਲਿਆ। ਵੇਈ ਦੀ ਪੂਰੀ ਛਾਣਬੀਣ ਪਿਛੋਂ ਨਿਰਾਸ ਹੋਏ ਲੋਕਾਂ ਨੂੰ ਮੋਦੀ ਨਾਨਕ ਦੇ ਅਚਨਚੇਤ ਦਰਸ਼ਨ ਹੋਏ। ਬਾਬਾ ਆਇਆ ਪਰਮੇਸ਼ਰ ਦਾ ਰੂਪ ਹੋ, ਪਰਮੇਸ਼ਰ ਦਾ ਸੰਦੇਸ਼ ਲੈ, ਸਤਿਨਾਮ ਦਾ ਜਾਪ ਕਰਾਉਣ। ਪਾਰਬ੍ਰਹਮ ਪਰਮੇਸ਼ਰ ਨਾਲ ਇਕ ਰੂਪਤਾ ਬਖਸ਼ਿਸ਼ ਨਾਲ ਗੁਰ ਪਰਮੇਸ਼ਰ ਦਾ ਪਦ ਪ੍ਰਾਪਤ, ਸੰਸਾਰ ਉਧਾਰਣ ਹਿਤ ਸਤਿਨਾਮ ਦਾ ਜਾਪ ਕਰਾਉਣ ਦਾ ਹੁਕਮ ਪਾਰਬ੍ਰਹਮ ਦਾ ਵਿਲੱਖਣ ਸਿੱਖ ਨਾਨਕ, ਵਿਲੱਖਣ ਵਿਧੀ ਨਾਲ ਸਚਖੰਡ ਪਹੁੰਚਿਆ, ਬਖਸ਼ਿਸ਼ ਦਾ ਵਿਲੱਖਣ ਸਰੂਪ, ਸਿੱਖੀ ਤੋਂ ਵਿਲੱਖਣ ਗੁਰੂ ਪਦ ਦੀ ਪ੍ਰਾਪਤੀ। ਅਸੀਸ ਮਿਲੀ:-

**ਨਾਨਕ, ਜਿਸ ਉਪਰਿ ਤੇਰੀ ਨਦਰਿ, ਤਿਸੁ ਉਪਰਿ ਮੇਰੀ ਨਦਰਿ,**
**ਜਿਸ ਉਪਰਿ ਤੇਰਾ ਕਰਮ, ਤਿਸ ਉਪਰਿ ਮੇਰਾ ਕਰਮ। .**
**ਮੇਰਾ ਨਾਉ ਪਾਰਬ੍ਰਹਮ ਪਰਮੇਸ਼ਰ, ਤੇਰਾ ਨਾਉ ਗੁਰ ਪਰਮੇਸ਼ਰ।**

(ਪੁਰਾਤਨ ਜਨਮ ਸਾਖੀ)

ਸੱਚੇ ਦੀ ਸੱਚੀ ਦਰਗਾਹ ਵਿਚੋਂ ਬਖਸ਼ਿਸ਼ ਭਰਿਆ ਫੁਰਮਾਨ ਲੈ ਸੱਚੇ ਨਾਮ ਦਾ ਪਿਆਲਾ ਪੀ, ਨਾਮ ਨਾਲ ਝੋਲੀਆਂ ਭਰ, ਸੱਚੇ ਸ਼ਬਦ ਦੇ ਸਨਮੁਖ ਆਪਣੀ 'ਸੁਰਤਿ ਧੁਨਿ' ਨੂੰ ਚੇਲਾ ਬਣਾ, ਪਾਰਬ੍ਰਹਮ ਪਰਮੇਸ਼ਰ ਦੇ ਸ਼ਬਦ ਸਰੂਪ ਨਾਲ ਅਭੇਦ ਤੋਂ ਬਾਹਰ ਨਿਕਲਿਆ ਬਾਬਾ ਨਾਨਕ। ਸਭ ਨੂੰ ਅਚੰਭੇ ਵਿਚ ਪਾ ਦਿੱਤਾ। ਹੁਣ ਨਾਨਕ ਸੁਲਤਾਨਪੁਰ ਦੇ ਨਵਾਬ ਦਾ ਮੋਦੀ ਨਹੀਂ ਸੀ। ਸੱਚੀ ਦਰਗਾਹ ਦੇ ਖਜ਼ਾਨੇ ਦਾ ਮੋਦੀ ਬਣ ਆਇਆ ਸੀ। ਸੰਸਾਰ ਦੇ ਪਦਾਰਥ ਤੋਲ ਤੋਲ ਕੇ, ਗਿਣ ਗਿਣ ਕੇ ਵੇਚਣ ਲਈ ਨਹੀਂ। ਨਾਮ ਦੀਆਂ ਅਣਮੁੱਲੀਆਂ, ਅਣਗਿਣਤੀਆਂ ਦਾਤਾਂ ਦਾ ਖੁੱਲ੍ਹਾ ਲੰਗਰ ਲਾਉਣ ਲਈ। 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਇਨਕਲਾਬੀ ਨਾਅਰਾ ਲਾ ਕੇ, ਮਨੁੱਖਤਾ ਨੂੰ ਇੱਕ ਲੜੀ ਵਿਚ ਪਰੋ, ਧਰਤ ਲੁਕਾਈ ਨੂੰ ਸੋਧਣ ਲਈ ਚੜ੍ਹ ਪਿਆ ਲੰਮੇ ਰਾਹੀਂ ਅਤੇ ਜਗਤ ਉਧਾਰਣ ਹਿਤ ਸਤਿਨਾਮ ਦਾ ਚੱਕਰ ਚਲਾਉਣਾ ਆਰੰਭਿਆ। ਭਾਈ ਗੁਰਦਾਸ ਜੀ ਲਿਖਦੇ ਹਨ:-

**ਪਹਿਲਾਂ ਬਾਬੇ ਪਾਇਆ ਬਖਸੁ ਦਰਿ ਪਿਛੋਦੇ ਫਿਰ ਘਾਲਿ ਕਮਾਈ।**
**ਰੇਤੁ ਅਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ।**
**ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ।**
**ਬਾਬਾ ਪੈਧਾ ਸਚਿਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।**
**ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭ ਪ੍ਰਿਥਵੀ ਦਿਸਿ ਆਈ।**
**ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ।**
**ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤ ਚਲਾਈ।**
**ਚੜ੍ਹਿਆ ਸੋਧਣ ਧਰਤਿ ਲੁਕਾਈ।੨੪।** (ਵਾਰ ਪਹਿਲੀ ਪਉੜੀ ੨੪)

ਵੇਈ ਵਿਚੋਂ ਸਿਰ ਤੇ ਖੱਫਣ ਬੰਨ੍ਹ ਕੇ ਸੱਚ ਦਾ ਢੰਡੋਰਾ ਦੇਣ ਲਈ ਬਾਹਰ ਆਇਆ ਬਾਬਾ ਨਾਨਕ ਅਤੇ ਪਾਰਬ੍ਰਹਮ ਦੇ ਨਾਮ ਨੂੰ ਜੀਵਨ ਆਧਾਰ ਬਣਾਕੇ, ਸੁਰਤਿ ਧੁਨਿ ਚੇਲਾ ਬਣਾਉਣ ਦੀ ਸੋਝੀ ਬਖਸ਼ਣ ਲੱਗਾ। 'ਸੱਚ ਕੀ ਬੇਲਾ' ਸੱਚ ਸੁਨਾਉਣ ਵਾਲੇ ਨੂੰ ਸਿਰ ਤੇ ਖੱਫਣ ਬੰਨ੍ਹਣਾ ਹੀ ਪੈਂਦਾ ਹੈ। 'ਖੰਨਿਅਹੁ ਤਿੱਖੀ' ਤੇ 'ਵਾਲਹੁ ਨਿਕੀ' ਸਿੱਖੀ ਦਾ ਮੁੱਢ ਬੰਨ੍ਹਣ ਲਈ ਅਤੇ ਪ੍ਰਭੂ ਪ੍ਰੇਮ ਦੀ ਬਿਖਮ ਕਾਰ ਪੂਰਤੀ ਲਈ ਸਿਰ ਤਲੀ ਤੇ ਰੱਖਣਾ ਜ਼ਰੂਰੀ ਸੀ। ਗੁਰ ਪਰਮੇਸ਼ਰ ਨੇ ਨਵੇਂ ਧਰਮ ਦਾ ਹੀ ਮੁੱਢ ਨਹੀਂ ਸੀ ਬੰਨ੍ਹਿਆ ਸਗੋਂ ਇਕ ਸਿਰਲੱਥ ਕੌਮ ਦੀ ਸਿਰਜਨਾ ਆਰੰਭ ਕੀਤੀ ਸੀ ਜਿਸ ਕੌਮ ਦੇ ਯੋਧਿਆਂ ਨੇ 'ਖੰਡੇ ਧਾਰ ਗਲੀ ਅਤਿ ਭੀੜੀ' ਵਿਚੋਂ ਲੰਘਣਾ ਆਰੰਭਿਆ। ਕੌਮ ਦੀ ਆਰੰਭਤਾ ਅਤਿਅੰਤ ਵਿਸਮਾਦ ਜਨਕ ਸੀ। ਆਰੰਭ ਵਿਚੋਂ ਸਿਖਰ ਝਲਕਾਂ ਮਾਰਦਾ ਸੀ। ਆਰੰਭ ਤੋਂ ਹੀ ਸਿੱਖੀ ਮਰਜੀਵੜਿਆ ਦੀ ਕੌਮ ਦੇ ਰੂਪ ਵਿਚ ਪ੍ਰਗਟ ਹੋ ਰਹੀ ਸੀ।

ਪਰਮ ਸ਼ਕਤੀਵਾਨ ਪਾਰਬ੍ਰਹਮ ਪਰਮੇਸ਼ਰ ਕੋਲੋਂ ਆਈ ਸਿੱਖੀ ਜਿੱਥੇ ਸ਼ਾਂਤ ਸਰੂਪ ਸਮਾਧੀ ਦੀ ਅਵਸਥਾ ਵਿਚ ਪ੍ਰਭੂ-ਮੇਲ ਦਾ ਆਨੰਦ ਮਾਣਦੀ ਸੀ ਉੱਥੇ ਸੰਸਾਰ ਦੀਆਂ ਜ਼ਾਲਮ ਤੇ ਅਨਿਆਈ ਸ਼ਕਤੀਆਂ ਨਾਲ ਟੱਕਰ ਵੀ ਲੈਂਦੀ ਰਹੀ। ਗੁਰਮਤਿ ਗਾਡੀ ਰਾਹ ਦੀਆਂ ਪੈੜਾਂ ਪਾਉਂਦੀ ਹੋਈ ਸਿੱਖੀ ਨੇ ਬਾਬਰ ਜਾਬਰ ਦਾ ਸ਼ਾਤਮਈ ਵਿਰੋਧ ਕਰਦਿਆਂ ਜੇਲ੍ਹ ਵਿਚ ਚੱਕੀਆਂ ਪੀਸੀਆਂ। ਹਮਾਯੂੰ ਦੀ ਉਲਰੀ ਤਲਵਾਰ ਸਾਹਮਣੇ ਗੁਰਸਿੱਖੀ ਦੇ ਸ਼ਾਤ ਮੁੱਖ ਵਿਚੋਂ ਨਿਕਲੇ ਬੋਲਾਂ ਨੇ ਤਲਵਾਰ ਦੀ ਧਾਰ ਖੁੰਢੀ ਕਰ ਦਿੱਤੀ। ਗੁਰਸਿੱਖੀ ਦੇ ਪ੍ਰਭਾਵ ਹੇਠ ਅਕਬਰ ਜਿਹਾ ਬਾਦਸ਼ਾਹ ਨਿਮਾਣਾ ਨਿਤਾਣਾ ਹੋ ਪੰਗਤ ਵਿਚ ਬੈਠ ਕੇ ਲੰਗਰ ਛੱਕਣ ਲਈ ਤਿਆਰ ਹੋਇਆ। ਜਹਾਂਗੀਰ ਜਿਹੇ ਜ਼ਾਲਮ ਨੇ ਤੱਤੀਆਂ ਤਵੀਆਂ, ਸੜਦੀਆਂ ਰੇਤਾਂ ਅਤੇ ਉਬਲਦੀਆਂ ਦੇਗਾਂ ਰਾਹੀਂ ਗੁਰਸਿੱਖੀ ਦੀ ਪਰੀਖਿਆ ਲਈ ਜਿਸ ਵਿਚੋਂ ਸਿੱਖੀ ਕੁੰਦਨ ਵਾਂਗ ਨਿੱਖਰ ਕੇ ਸਾਮ੍ਹਣੇ ਆਈ। ਔਰੰਗਜ਼ੇਬ ਦੇ ਹੁਕਮ ਨਾਲ ਸਿੱਖੀ ਨੂੰ ਜਿਉਂਦੇ ਜੀਅ ਸਾੜਿਆ ਗਿਆ। ਆਰਿਆਂ ਨਾਲ ਚੀਰਿਆ ਗਿਆ, ਦੇਗਾਂ ਵਿਚ ਉਬਾਲਿਆਂ ਗਿਆ। ਪਰੰਤੂ ਪਾਰਬ੍ਰਹਮ ਪਰਮੇਸ਼ਰ ਦੇ ਸਤਿਨਾਮ ਵਿਚੋਂ ਉਪਜੀ ਸਿੱਖੀ ਨੂੰ ਮਾਰ ਮੁਕਾਉਣ ਦੀ ਸਮਰਥਾ ਕਿਸ ਵਿਚ ਹੋ ਸਕਦੀ ਹੈ? ਗੁਰ ਪਰਮੇਸ਼ਰ ਦੀ ਸਿੱਖੀ ਵਿਚ ਹੋਰ ਹੀ ਹੋਰ ਨਿਖਾਰ ਆਉਂਦਾ ਗਿਆ। ਇਸ ਵਿਚੋਂ ਮੀਰੀ ਪੀਰੀ ਦੀਆਂ


www.AKJ.Org

ਤਲਵਾਰਾਂ ਦੀ ਸਿਰਜਨਾ ਹੋਈ, ਕਿਲ੍ਹੇ ਉਸਾਰੇ ਗਏ, ਸਿੱਖੀ ਦਾ ਤਿਆਗ ਤੇਗ ਦੀ ਬਹਾਦਰੀ ਵਿਚ ਪ੍ਰਗਟ ਹੋਇਆ। ਸਿੱਖੀ ਦੇ ਗੁਰੂ ਬਣੇ ਬਾਲ ਸਰੂਪ ਦੇ ਦਰ ਤੇ ਸ਼ਹਿਨਸ਼ਾਹਿ ਆਲਮਗੀਰ ਅਖਵਾਉਣ ਵਾਲਾ ਆਪ ਭਿਖਾਰੀ ਬਣ ਕੇ ਖੜ੍ਹਾ ਰਿਹਾ ਪਰ ਗੁਰੂ ਤੇ ਗੁਰੂ ਦੀ ਸਿੱਖੀ ਨੂੰ ਝੁਕਾ ਨਾ ਸਕਿਆ।

ਗੁਰ ਪਰਮੇਸ਼ਰ ਕੋਲ ਆਈ ਨਾਨਕ ਜੋਤ ਨੇ ਲੁਕਾਈ ਦੀਆਂ ਅੱਖਾਂ ਤੋਂ ਅਗਿਆਨ ਦਾ ਜਾਲਾ ਲਾਹ ਕੇ, ਗਿਆਨ ਦਾ ਪ੍ਰਕਾਸ਼ ਫੈਲਾਉਣ ਲਈ ਦਸ ਜਾਮੇ ਧਾਰਨ ਕੀਤੇ। ਨਿਮਾਣੇ, ਨਿਤਾਣੇ ਹੋ ਸੇਵਾ ਕਰਨ ਦੀ ਜੁਗਤਿ ਸਿਖਾਈ, ਬਿਨਾਂ ਹੀਲ ਹੁੱਜਤ ਆਪਾ ਸਮਰਪਣ ਕਰਕੇ 'ਹੁਕਮ ਮੰਨਿਐ ਹੋਵੈ ਪਰਵਾਣ' ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ। ਸਿੱਖੀ ਦਾ ਮਾਰਗ 'ਗੁਰੂ ਸਿੱਖ, ਸਿੱਖ ਗੁਰੂ' ਹੈ ਦਾ ਅਨੋਖਾ ਮਾਰਗ ਸੰਸਾਰ ਲਈ ਚਾਨਣ ਮੁਨਾਰਾ ਬਣਿਆ। ਆਦਰਸ਼ਾਂ ਦੀ ਸਾਕਾਰਤਾ ਮਾਨਤਾ ਤੋਂ ਪਿਛੋਂ ਲੋੜ ਸੀ ਸਿੱਖ ਨੂੰ ਸਾਕਾਰ ਰੂਪ ਦੇ ਕੇ ਸਿੱਖੀ ਦੇ ਕੌਮੀ ਮਹਲ ਦੀ ਸਿਰਜਨਾ ਕਰਨੀ। ਜੱਥੇਬੰਦੀ ਦੇ ਰੂਪ ਵਿਚ ਸਿੱਖੀ ਦਾ ਪ੍ਰਕਾਸ਼ ਕਰਨਾ ਤਾਂ ਜੋ ਆਦਰਸ਼ਾਂ ਲਈ ਮਰ ਮਿਟਣ ਦੀ ਤਮੰਨਾ ਨੂੰ ਜਥੇਬੰਦਕ ਰੂਪ ਵਿੱਚ ਪੂਰਾ ਕੀਤਾ ਜਾ ਸਕੇ। ਸੇਵਾ, ਸਿਮਰਨ, ਸਤਿਸੰਗ ਦੇ ਨਾਲ ਯੁਧ ਦਾ ਵੀ ਜਥੇਬੰਦਕ ਸਰੂਪ, ਪਾਣੀ ਦੇ ਤੰਬੂ ਵਿਚੋਂ ਪ੍ਰਕਾਸ਼ਿਤ ਹੋਈ ਗੁਰੂ ਜੋਤ ਅਤੇ ਗੁਰ ਸਿਖੀ ਅਨੇਕਾਂ ਰੰਗਾਂ ਰੂਪਾਂ ਵਿਚੋਂ ਹੁੰਦੀ ਹੋਈ ਅਜਿਹੇ ਪੜਾਅ ਤੇ ਪਹੁੰਚੀ ਜਿੱਥੇ ਸਿੱਖੀ ਨੂੰ ਕੌਮ ਦੇ ਰੂਪ ਵਿਚ ਜਥੇਬੰਦ ਕੀਤਾ ਜਾਣਾ ਸੀ। ਗੁਰੂ ਨਾਨਕ ਜੋਤ ਨੇ ਦਸ ਜਾਮਿਆਂ ਵਿਚ ਹੀ ਪ੍ਰਵੇਸ਼ ਕਰਨਾ ਸੀ, ਸੋ ਦਸਮੇਂ ਜਾਮੇ ਪਿਛੋਂ ਸਿੱਖੀ ਅਤੇ ਗੁਰਿਆਈ ਦੋਹਾਂ ਨੂੰ ਜਥੇਬੰਦਕ ਰੂਪ ਦੇਣ ਲਈ ਕਿਸੇ ਅਸਚਰਜ ਕੌਤਕ ਦੀ ਲੋੜ ਸੀ। ਸ਼ਹੀਦ ਗੁਰੂਆਂ ਅਤੇ ਸ਼ਹੀਦ ਸਿੱਖਾਂ ਦੇ ਲਹੂ ਨਾਲ ਉਸਾਰੇ ਮਹਲ ਨੂੰ ਅੰਤਿਮ ਛੋਹਾਂ ਦੇਣ ਲਈ "ਖੰਡੇ ਧਾਰ ਗਲੀ ਅਤਿ ਭੀੜੀ" ਵਿਚੋਂ ਲੰਘਣ ਵਾਲੇ ਸੂਰਮਿਆਂ ਦੀ ਲੋੜ ਸੀ। ਲੋੜ ਸੀ ਉਨ੍ਹਾਂ ਦੀ ਜੋ ਸਹੀ ਅਰਥਾਂ ਵਿਚ ਸੂਰਮੇ ਸਿੱਧ ਹੋਣ।

**ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ।।**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।।**

( ਸਲੋਕ ਕਬੀਰ, ਪੰਨਾ ੧੧੦੫)

ਪਰ ਨਿਰੇ ਯੋਧੇ ਨਹੀ ਸਨ ਚਾਹੀਦੇ। ਲੜਾਕੂ ਪ੍ਰਵਿਰਤੀ ਤਾਂ ਜ਼ੁਲਮ ਵੱਲ ਧਕੇਲ ਦੇਦੀਂ ਹੈ। ਸੂਰਮੇ ਦੀ ਪਰਖ ਲਈ ਤਾਂ ਗੁਰ ਹੁਕਮ ਹੈ: **ਜਾ ਕਉ ਹਰਿ ਰੰਗ ਲਾਗੋ ਇਸੁ ਜੁਗ ਮਾਹਿ**
**ਸੋ ਕਹੀਅਤ ਹੈ ਸੂਰਾ।।** ( ਧਨਾਸਰੀ ਮਹੱਲਾ ੫-ਪੰਨਾ ੬੭੯ )

ਹਰ ਰੰਗ ਵਿਚ ਰੰਗਿਆ ਸਿੱਖ ਇਹ ਅਰਦਾਸ ਕਰਦਾ ਹੈ:

**ਦੇਹ ਸਿਵਾ ਬਰ ਮੋਹਿ ਇਹੈ**
**ਸੁਭ ਕਰਮਨ ਤੇ ਕਬਹੂੰ ਨ ਟਰੋ।।**
**ਨ ਡਰੋ ਅਰਿ ਸੋ ਜਬ ਜਾਇ ਲਰੋ।**
**ਨਿਸਚੈ ਕਰ ਆਪਨੀ ਜੀਤ ਕਰੋ।।**
**ਅਰੁ ਸਿਖ ਹੋ ਅਪਨੇ ਹੀ ਮਨ ਕੌ**
**ਇਹ ਲਾਲਚ ਹਉ ਗੁਨ ਤਉ ਉਚਰੋ।।**
**ਜਬ ਆਵ ਕੀ ਅਉਧ ਨਿਧਾਨ ਬਨੈ**
**ਅਤਿ ਹੀ ਰਣ ਮੈ ਤਬ ਜੂਝ ਮਰੋ।।** ( ਚੰਡੀ ਚਰਿਤ੍ਰ )

ਇਨ੍ਹਾਂ ਗੁਣਾਂ ਵਾਲੇ ਸਿਖਾਂ ਨੂੰ ਕੌਮ ਦੇ ਰੂਪ ਵਿਚ ਜਥੇਬੰਦ ਕਰਨ ਲਈ ਅਲੌਕਿਕ ਚਮਤਕਾਰ ਵਿਖਾਇਆ ਦਸਮ ਪਿਤਾ ਨੇ ਜੋ ਦ੍ਵੈ ਤੇ ਏਕ ਰੂਪ ਹੋ ਜਾਣ ਪਿਛੋਂ 'ਪੰਥ ਪ੍ਰਚੁਰ ਕਰਬੇ ਕੋ ਸਾਜਾ' ਦਾ ਆਦਰਸ਼ ਪੂਰਾ ਕਰਨ ਲਈ ਅਕਾਲ ਪੁਰਖ ਦਾ ਵਿਸ਼ੇਸ ਹੁਕਮ ਲੈ ਕੇ ਸੰਸਾਰ ਵਿਚ ਪਧਾਰੇ ਸਨ।

ਉਚਿਤ ਸਮੇਂ ਫਿਰ ਤੰਬੂ ਦੀ ਸਥਾਪਨਾ ਹੋਈ । ਪਾਣੀ ਦੇ ਤੰਬੂ ਦੀ ਤਾਂ ਕਿਸੇ ਨੂੰ ਜਾਣਕਾਰੀ ਨਹੀ ਸੀ ਪਰ ਇਹ ਤੰਬੂ ਸਥੂਲ ਰੂਪ ਵਿਚ ਸਾਮ੍ਹਣੇ ਸੀ । ਪਹਿਲੇ ਤੰਬੂ ਵਿਚੋਂ ਮੋਦੀ ਨਾਨਕ ਪੂਰਨ ਤੋਰ ਤੇ ਪਰਿਵਰਤਿਤ ਰੂਪ ਵਿਚੋਂ ਗੁਰ ਪਰਮੇਸ਼ਰ ਹੋ ਬਾਹਰ ਨਿਕਲਿਆ ਸੀ। ਦੂਸਰੇ ਤੰਬੂ ਵਿਚੋ ਸੀਸ ਭੇਟ ਕਰਨ ਵਾਲੇ ਸਿਖ 'ਖਾਲਸਾ' ਬਣ ਗੁਰੂ ਰੂਪ ਵਿਚ ਬਾਹਰ ਆਏ । ਖੰਡੇ ਦੀ ਪਾਹੁਲ ਦੇ ਨਾਲ ਨਾਮ ਦੀ ਦ੍ਰਿੜਤਾ ਨੇ ਸਿਖ ਦੀ ਪਦਵੀ ਉਚੀ ਕਰ ਦਿੱਤੀ। ਗੁਰੂ ਤੇ ਸਿੱਖ ਦੀ ਪਹਿਚਾਣ ਮਿਟ ਗਈ, ਕੋਈ ਅੰਤਰ ਨਾ ਰਿਹਾ। ਮੈਕਾਲਿਫ਼ ਲਿਖਦਾ ਹੈ ਕਿ ਜਦੋਂ ਪੰਜ ਸਿੰਘ ਆਪਣੇ ਗੁਰੂ ਦੇ ਨਾਲ ਤੰਬੂ ਵਿੱਚੋਂ ਬਾਹਰ ਆਏ ਤਾਂ ਉਹ ਸਾਰੇ ਇਕ ਰੂਪ ਹੀ ਦਿਸਦੇ ਸਨ, ਪਛਾਣ ਨਹੀਂ ਸੀ ਹੋ ਸਕਦੀ ਕਿ ਗੁਰੂ ਕੌਣ ਹੈ ਅਤੇ ਸਿੰਘ ਕੌਣ। 'ਗੁਰੂ ਸਿਖ' ਅਤੇ 'ਸਿਖ ਗੁਰੂ' ਪ੍ਰਤੱਖ ਸਾਮ੍ਹਣੇ ਸਨ। ਨਵ ਜੀਵਨ ਦੇਣ ਵਾਲੇ ਗੁਰੂ ਨੇ ਆਪਣੇ ਸਿੱਖਾਂ ਕੋਲੋਂ ਆਪ ਅੰਮ੍ਰਿਤ ਛਕ ਕੇ ਇਸ ਸਿਧਾਂਤ ਉਪਰ ਮੋਹਰ ਲਾ ਦਿੱਤੀ। ਗੁਰੂ ਜੋਤ, ਸੀਸ ਭੇਟ ਕਰਨ ਵਾਲੇ ਪੰਜ ਸਿੰਘਾਂ ਵਿੱਚ ਵਿਦਮਾਨ ਹੋ ਗਈ। ਭਵਿੱਖ ਵਿੱਚ, ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਆਪਾ ਸਮਰਪਿਤ, ਰਹਿਤ ਬਹਿਤ ਵਿਚ ਪੂਰੇ ਅਤੇ ਕਥਨੀ ਤੇ ਕਰਨੀ ਦੇ ਸੂਰੇ ਪੰਜ ਸਿੰਘ ਗੁਰੂ ਹੋ ਨਿਬੜੇ। ਸੀਸ ਭੇਟ ਕਰਨ ਉਪਰੰਤ ਖੰਡੇ ਦੀ ਪਾਹੁਲ ਛਕਣ ਵਾਲੇ ਖ਼ਾਲਸਾ ਅਖਵਾਏ ਅਤੇ –

**ਖ਼ਾਲਸਾ ਅਕਾਲ ਪੁਰਖ ਕੀ ਫ਼ੌਜ।।**
**ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।।**

ਦਸਵੀਂ ਗੁਰੂ ਨਾਨਕ ਜੋਤ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਖ਼ਾਲਸਾ ਫੌਜ ਦੀ ਸਿਰਜਨਾ ਕੀਤੀ ਅਤੇ ਗੁਰੂ ਜੋਤ ਦਾ ਪ੍ਰਵੇਸ਼ ਪੰਥ ਖ਼ਾਲਸਾ ਅਤੇ ਗੁਰੂ ਗ੍ਰੰਥ ਵਿਚ ਕਰਾ, ਦਸਾਂ ਜਾਮਿਆਂ ਪਿਛੋਂ ਗੁਰੂ ਦੇ ਵਿਅਕਤੀ ਰੂਪ ਵਿਚ ਪੰਜ ਭੌਤਿਕ ਜਾਮੇ ਦੀ ਲੋੜ ਖ਼ਤਮ ਕਰ ਦਿੱਤੀ। ਇਸ ਤਰ੍ਹਾਂ ਗੁਰੂ ਜੀ ਦੇ ਸਾਜੇ ਕੁਰਬਾਨੀ ਦੇ ਤੰਬੂ ਵਿੱਚੋਂ ਖ਼ਾਲਸੇ ਦਾ ਜਨਮ ਹੋਇਆ। ਕਬੀਰ ਜੀ ਨੇ ਵੀ ਗੁਰੂ ਸਮ੍ਰਪਿਤ ਮਨੁਖ ਲਈ 'ਖ਼ਾਲਸਾ' ਸ਼ਬਦ ਦੀ ਵਰਤੋਂ ਕੀਤੀ ਸੀ:

**ਕਹੁ ਕਬੀਰ ਜਨ ਭਏ ਖ਼ਾਲਸੇ ਪ੍ਰੇਮ ਭਗਤਿ ਜਿਹ ਜਾਨੀ।।**

(ਰਾਗ ਸੋਰਠਿ-ਪੰਨਾ ੬੫੫)

ਖ਼ਾਲਸਾ ਉਹ ਹੈ ਜਿਸ ਦਾ ਸਿੱਧਾ ਸੰਬੰਧ ਪਾਰਬ੍ਰਹਮ ਪਰਮੇਸ਼ਰ ਨਾਲ ਜੁੜਿਆ ਹੋਵੇ ਅਤੇ ਕਿਸੇ ਵਿਚ ਵਿਚੋਲੇ ਦੀ ਲੋੜ ਨਾ ਰਹੇ। ਮੁਗਲਾਂ ਦੇ ਸਮੇਂ ਖ਼ਾਲਸਾ ਉਸ ਜ਼ਾਗੀਰ ਨੂੰ ਆਖਿਆ ਜਾਂਦਾ ਸੀ ਜੋ ਸਿੱਧੀ ਬਾਦਸ਼ਾਹ ਦੀ ਨਿਗਰਾਨੀ ਹੇਠ ਹੁੰਦੀ ਸੀ। ਪਟਵਾਰੀ, ਦਰੋਗੇ, ਸੂਬੇਦਾਰ ਜਾਂ ਕਿਸੇ ਹੋਰ ਕਰਮਚਾਰੀ ਦੀ ਵਿਚੋਲਗੀ ਤੋਂ ਸੁਤੰਤਰ ਹੁੰਦੀ ਸੀ। ਪਰਮਾਤਮਾ ਦੀ ਮੌਜ਼ ਨਾਲ ਪ੍ਰਗਟ ਹੋਈ ਖ਼ਾਲਸਾ ਫ਼ੌਜ ਨੂੰ ਭਲਾ ਕਿਸੇ ਵਿਚੋਲੇ ਦੀ ਲੋੜ ਕਿਉਂ ਹੋਵੇ? ਕਰਮ ਭੂਮੀ ਵਿਚ ਵਿਚਰਦਿਆਂ ਖ਼ਾਲਸੇ ਲਈ:

**'ਪੋਥੀ ਪਰਮੇਸ਼ਰ ਕਾ ਥਾਨ'** ਸਾਰੰਗ ਮਹੱਲਾ ੫-(੧੨੨੬)
**'ਬਾਣੀ ਗੁਰੂ ਗੁਰੂ ਹੈ ਬਾਣੀ'** (੯੮੨)
**'ਗੁਰ ਪਰਮੇਸ਼ਰ ਏਕੋ ਜਾਣ'** ਗੋਂਡ ਮਹੱਲਾ ੫-(੮੬੪)

ਜੁਗੋ ਜੁਗ ਅਟੱਲ ਜਾਗਤ ਜੋਤ ਦੇ ਸਿਧਾਂਤ ਅਨੁਸਾਰ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਖ਼ਾਲਸੇ ਦਾ ਸਿੱਧਾ ਸੰਬੰਧ ਵਾਹਿਗੁਰੂ ਨਾਲ ਹੈ, ਪਾਰਬ੍ਰਹਮ ਪਰਮੇਸ਼ਰ ਨਾਲ ਹੈ। ਖ਼ਾਲਸਾ ਹੈ ਹੀ ਵਾਹਿਗੁਰੂ ਦਾ, ਇਸ ਲਈ ਇਸ ਦਾ ਆਪਣਾ ਕੁਝ ਵੀ ਨਹੀਂ, ਸਭ ਕੁਝ ਵਾਹਿਗੁਰੂ ਦਾ ਹੀ ਹੈ। ਖ਼ਾਲਸਾ ਵੀ ਵਾਹਿਗੁਰੂ ਦਾ ਅਤੇ ਫ਼ਤਹਿ ਵੀ ਵਾਹਿਗੁਰੂ ਦੀ। ਖ਼ਾਲਸਾ ਕਿਧਰੇ ਵੀ ਹੋਵੇ, ਵਾਹਿਗੁਰੂ ਦਾ ਹੈ ਅਤੇ ਵਾਹਿਗੁਰੂ ਦੀ ਬਖ਼ਸ਼ੀ ਹੋਈ ਫ਼ਤਹਿ ਇਸ ਦੇ ਪਰਵਾਣ ਹੋਏ ਸੀਸ ਉਤੇ ਸੋਭਦੀ ਹੈ। ਹਾਰ ਨੂੰ ਇਸ ਨੇ ਕਦੇ ਚਿੱਤ ਵਿਚ ਨਹੀਂ ਲਿਆਂਦਾ ਅਤੇ ਇਹ ਕਦੇ ਭੁਲਾਇਆ ਨਹੀਂ :

**ਭਈ ਜੀਤ ਮੇਰੀ। ਕ੍ਰਿਪਾ ਕਾਲ ਤੇਰੀ।**

ਇਹ ਹੈ ਆਤਮ ਸਮਰਪਣ ਤੇ ਚੜ੍ਹਦੀ ਕਲਾ ਦਾ ਸਰੂਪ। ਮੈਦਾਨਿ ਜੰਗ ਵਿੱਚ ਵੈਰੀ ਦੇ ਵਾਰ ਨਾਲ ਸ਼ਹਾਦਤ ਦਾ ਜਾਮ ਪੀਣ ਸਮੇਂ ਵੀ ਉਸ ਦੀ ਰਸਨਾ ਉਚਾਰਣ ਕਰਦੀ ਹੈ:

**ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਹਿ।**

ਅਜਿਹਾ ਹੋਵੇ ਵੀ ਕਿਉਂ ਨਾ! ਪਾਰਬ੍ਰਹਮ ਪ੍ਰਮੇਸ਼ਰ ਦੀ ਅਸੀਸ ਜੋ ਨਾਲ ਹੈ -

**ਨਾਨਕ ! ਜਿਸ ਉਪਰ ਤੇਰੀ ਨਦਰ, ਤਿਸ ਉਪਰ ਮੇਰੀ ਨਦਰ।**

## ਸਿੱਖ ਕੌਣ ਹੈ?

ਪ੍ਰੋ ਅਮਰਜੀਤ ਕੌਰ

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ।।**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।।**
**ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ।।੧।।**

(ਸੋਰਠਿ ਮ: ੩, ਪੰਨਾ ੬੦੧-੨)

ਸੋ ਸਿੱਖ ਕੌਣ ਹੈ ? ਜੋ 'ਗੁਰ ਕੇ ਭਾਣੇ ਵਿਚਿ ਆਵੈ' ਜੋ ਹੁਕਮ-ਰਜ਼ਾਈ ਚਲਦਾ ਹੋਇਆ, ਸਿੱਖ ਮੱਤ ਨੂੰ ਧਾਰਨ ਕਰ ਕੇ , ਸਤਿਗੁਰ ਦਾ ਹੁਕਮੀ ਬੰਦਾ ਬਣ ਕੇ ਆਪਣਾ ਜੀਵਨ ਬਤੀਤ ਕਰੇ। ਪਰ ਇਸ ਦੇ ਉਲਟ ਜੋ ਗੁਰੂ ਦੇ ਭਾਣੇ ਨੂੰ ਛੱਡ ਆਪਣੇ ਭਾਣੇ ਚਲਦਾ ਹੈ, ਆਪਣੇ ਮਨ ਦੀ ਮੱਤ ਅਨੁਸਾਰ ਜੀਵਨ ਬਤੀਤ ਕਰਦਾ ਹੈ, ਉਹ ਸਤਿਗੁਰ ਤੋਂ ਵਿਛੜਿਆ ਹੋਇਆ ਹੈ, ਅਤੇ ਕਦਾਚਿਤ ਸਿੱਖ ਨਹੀਂ ਅਖਵਾ ਸਕਦਾ। ਉਸ ਨੂੰ ਹੀ ਮਨਮੁਖ ਨਾਮ ਨਾਲ ਸੰਬੋਧਨ ਕਰਦਿਆਂ ਹੁਕਮਾਇਆ ਗਿਆ ਹੈ:

**ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ।** (੮੩੧)

ਉਹ ਮਨਮੁਖ ਹੈ, ਨਿਗੁਰਾ ਹੈ।

**ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ।।੨।।**

(ਮਾਝ ਮ: ੩, ਪੰਨਾ ੧੧੭)

ਅਤੇ ਨਾਲ ਹੀ

**ਸਤਿਗੁਰ ਬਾਝਹੁ ਗੁਰੁ ਨਹੀ ਕੋਈ, ਨਿਗੁਰੇ ਕਾ ਹੈ ਨਾਉ ਬੁਰਾ।।੧੩।।**

(ਆਸਾ ਮ: ੩ ਪਟੀ, ਪੰਨਾ ੪੩੫)

(ਪੰਨਾ ੧੨ ਦਾ ਬਾਕੀ)

**ਜਿਨ ਕਉ ਪੂਰਬਿ ਲਿਖਿਆ**
**ਤਿਨਾ ਸਤਿਗੁਰੂ ਮਿਲਿਆ ਪ੍ਰਭ ਆਇ।।੨।।੧੬।।**

(ਮ: ੩, ਪੰਨਾ ੫੯੨)

ਅਤੇ

**ਜਿਨ ਕੰਉ ਸਤਿਗੁਰੁ ਭੇਟਿਆ ਸੇ ਹਰਿ ਕੀਰਤਿ ਸਦਾ ਕਮਾਇ।।**
**ਅਚਿੰਤੁ ਹਰਿਨਾਮੁ ਤਿਨ ਕੈ ਮਨਿ ਵਸਿਆ, ਸਚੈ ਸ਼ਬਦਿ ਸਮਾਹਿ।।**
**ਕੁਲੁ ਉਧਾਰਹਿ ਆਪਣਾ, ਮੋਖ ਪਦਵੀ ਆਪੇ ਪਾਹਿ।।**
**ਪਾਰਬ੍ਰਹਮੁ ਤਿਨ ਕਉ ਸੰਤੁਸ਼ਟੁ ਭਇਆ ਜੋ ਗੁਰ ਚਰਨੀ ਜਨ ਪਾਹਿ।।**
**ਜਨੁ ਨਾਨਕ ਹਰਿ ਕਾ ਦਾਸੁ ਹੈ,**
**ਕਰਿ ਕਿਰਪਾ ਹਰਿ ਲਾਜ ਰਖਾਹਿ।।੧।।੧੬।।** (ਪੰਨਾ ੫੯੨)

ਸਵਾਲ ਇਹ ਸੀ ਕਿ ਨੀਸਾਣੀ-ਚਿੰਨ੍ਹ ਦੇਣ ਦਾ ਅਧਿਕਾਰੀ ਕੌਣ ਹੈ ? ਗੁਰਬਾਣੀ ਦੀਆਂ ਉਪਰੋਕਤ ਪੰਕਤੀਆਂ ਅਤੇ ਇਹੋ ਜਿਹੇ ਅਨੇਕਾਂ ਹੋਰ ਪ੍ਰਮਾਣ ਇਹ ਸੰਕੇਤ ਕਰਦੇ ਹਨ ਕਿ ਨੀਸਾਣੀ-ਚਿੰਨ੍ਹ ਦੇਣ ਦਾ ਅਧਿਕਾਰੀ ਪ੍ਰਾਰਬ੍ਰਹਮ ਆਪ ਹੈ ਜਾਂ ਉਹਨਾਂ ਦੁਆਰਾ ਨਿਯੁਕਤ ਕੀਤਾ ਗਿਆ ਸਤਿਗੁਰੂ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਸਮੂਹ ਉਤਰ ਅਧਿਕਾਰੀ ਗੁਰੂ ਸਾਹਿਬਾਨ ਸਮੇਂ ਸਮੇਂ ਨਿਸ਼ਨਾਵਾਨ ਸਿੱਖਾਂ ਦੇ ਮਸਤਕ ਤੇ ਨੀਸਾਣੁ ਦੀ ਬਖਸ਼ਸ਼ ਕਰਦੇ ਆਏ ਹਨ। ਮੌਜੂਦਾ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੇ ਸਿਦਕੀ ਸੇਵਕਾਂ ਤੇ ਉਹੀ ਬਖਸ਼ਸ਼ ਕਰ ਰਹੇ ਹਨ।

ਸਿੱਖ ਧਰਮ ਵਿਚ, ਦਸਵੇਂ ਪਾਤਸ਼ਾਹ ਨੇ ਦੇਹ-ਧਾਰੀ ਗੁਰੂ ਦੀ ਪਰੰਪਰਾ ਨੂੰ ਸਦਾ ਲਈ ਸਮਾਪਤ ਕਰਕੇ ਗੁਰਬਾਣੀ ਨੂੰ ਗੁਰੂ ਦਾ ਦਰਜਾ ਦੇ ਕੇ ਗੁਰਤਾ ਜੋਤਿ ਦੇ ਸਮੁੱਚੇ ਫ਼ਰਜ਼ ਅਤੇ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਦਿੱਤੇ। ਗੁਰਮਤੀ ਕਦਰਾਂ ਦੇ ਸੰਦਰਭ ਵਿਚ 'ਨੀਸਾਣੁ' ਵਰਗੀ ਦਾਤ ਦਾ ਕਿਸੇ ਦੇਹ-ਧਾਰੀ ਗੁਰੂ ਨੂੰ ਨਾ ਤਾਂ ਪਤਾ ਹੈ ਅਤੇ ਨਾ ਹੀ ਦੇਣ ਦਾ ਅਧਿਕਾਰ। ਨੀਸਾਣੁ ਦੀ ਦਾਤ ਪ੍ਰਾਪਤ ਕਰਨ ਲਈ ਦਸ਼ਮੇਸ਼ ਪਿਤਾ ਵਲੋਂ ਚਲਾਈ ਮਰਯਾਦਾ ਹੀ ਧਾਰਨ ਕਰਨੀ ਬਣਦੀ ਹੈ। ਦਰਗਾਹ ਵਿਚ ਪਰਵਾਨ ਪੈ ਜਾਈਦਾ ਹੈ ਅਤੇ ਕੀਤੇ ਕਰਮਾਂ ਦੀ ਅਗੋ ਕੋਈ ਪੁਛ-ਪੜਤਾਲ ਨਹੀਂ ਹੁੰਦੀ ।

**ਅਗੈ ਪੁਛ ਨ ਹੋਵਈ, ਜੇ ਸਣੁ ਨੀਸਾਣੈ ਜਾਇ।।੨।।੭।।**

(ਸੂਹੀ ਮ: ੧, ਪੰਨਾ ੭੩੦)

ਵਿਦੇਸ਼ਾਂ ਵਿਚ ਰਹਿੰਦੇ ਵੀਰ, ਭੈਣਾਂ ਜੋ ਆਪਣੇ ਪਰਿਵਾਰ ਨੂੰ ਗੁਰਮਤਿ ਨਾਲ ਜੋੜਨਾ ਚਾਹੁੰਦੇ ਹਨ ਅਤੇ "ਸੂਰਾ" ਮਾਸਿਕ ਪੱਤਰ ਪੜ੍ਹਨ ਪੜ੍ਹਾਉਣ ਵਿਚ ਰੁਚੀ ਰੱਖਦੇ ਹਨ, ਹੇਠਲੇ ਪਤੇ ਤੇ ਆਪਣਾ ਐਡਰੈੱਸ (ਪਤਾ) ਲਿਖ ਕੇ ਭੇਜਣ, ਉਹਨਾਂ ਨੂੰ "ਸੂਰਾ" ਹਰ ਮਹੀਨੇ ਮੋਖ ਰਹਿਤ ਪਹੁੰਚਦਾ ਰਹੇਗਾ।

ਦਾਸਨ ਦਾਸ,
ਭਾਈ ਜੀਵਨ ਸਿੰਘ,
੧੦੩੦, ਹੈਮਿਲਟਨ ਰੋਡ, ਵੈਨਕੂਵਰ (ਕੈਨੇਡਾ)
Canada (B.C.) V6 - B2 - R - 9
Tel : 18006 30224


www.AKJ.Org

# ਕੇਸ ਤੇ ਮਾਨਸਿਕ ਸਤੁੰਲਨ

(ਸੁਸ਼ੀਲ ਕੌਰ)

ਟੀਰ ਮਾਰਦੀ ਬੱਚੀ ਦੀਆਂ ਅੱਖੀਆਂ ਅਤੇ ਉਸਦੇ ਸਿਰ ਦੇ ਅਗਲੇ ਹਿੱਸੇ ਦੇ ਵਾਲ ਕੱਟ ਕੇ ਮੱਥੇ ਉੱਤੇ ਵਿਛਾਈ ਹੋਈ ਝਾਲਰ ਨੂੰ ਦੇਖ ਕੇ ਸਿਆਣੇ ਡਾਕਟਰ ਨੇ ਕਿਹਾ ਕਿ ਮੱਥੇ ਉੱਤੇ ਇਸ ਤਰ੍ਹਾਂ ਵਾਲ ਖਲਾਰਨ ਨਾਲ ਬੱਚੇ ਅਜੀਬ ਤਰੀਕੇ ਨਾਲ ਮੱਥੇ ਉੱਤੇ ਲਟਕ ਰਹੇ ਵਾਲਾਂ ਵੱਲ ਦੇਖਦੇ ਰਹਿੰਦੇ ਹਨ। ਇਸ ਤਰ੍ਹਾਂ ਉਲਟਾ ਪੁਲਟਾ ਦੇਖਣ ਨਾਲ ਕਈ ਵਾਰੀ ਬੱਚਿਆਂ ਦੀਆਂ ਸੋਹਲ ਅੱਖੀਆਂ ਵਿਚ ਟੀਰ ਪੈਦਾ ਹੋ ਜਾਂਦਾ ਹੈ। ਡਾਕਟਰ ਦੀ ਇਸ ਗੱਲ ਨੂੰ ਗਹਿਰਾਈ ਨਾਲ ਸੋਚਦੀ ਹੋਈ ਮੈਂ ਹਸਪਤਾਲ ਤੋਂ ਬਾਹਰ ਨਿਕਲੀ ਤਾਂ ਸੜਕ ਉੱਤੇ ਜਵਾਨੀ ਦੇ ਨਸ਼ੇ ਵਿਚ ਝੂਮਦੇ ਕਈ ਲੜਕੇ ਤੇ ਲੜਕੀਆਂ ਦਿਖਾਈ ਦਿਤੇ ਜਿਨ੍ਹਾਂ ਦੇ ਵਾਲ ਕੱਟੇ ਹੋਏ ਸਨ ਅਤੇ ਉਹਨਾਂ ਨੇ ਆਪਣੀ ਅਲੱਗ ਪਛਾਣ ਬਣਾਉਣ ਲਈ ਆਪਣੇ ਵਾਲਾਂ ਨੂੰ ਅਜੀਬ ਤਰ੍ਹਾਂ ਦੀਆਂ ਜ਼ੁਲਫਾਂ ਨਾਲ ਸਜਾਉਣ ਦੀ ਕੋਸ਼ਿਸ਼ ਕੀਤੀ ਹੋਈ ਸੀ। ਇਹ ਗੱਲ ਮੈਨੂੰ ਸਾਫ਼ ਤੌਰ ਉੱਤੇ ਸਮਝ ਆਉਣ ਲੱਗੀ ਕਿ ਏਧਰ ਓਧਰ ਖਿੰਡ ਰਹੀਆਂ ਵਾਲਾਂ ਦੀਆਂ ਲਿਟਾਂ ਨਾਲ ਉਨ੍ਹਾਂ ਦਾ ਮਾਨਸਿਕ ਸੰਤੁਲਨ ਵੀ ਖਿੰਡਦਾ ਹੋਏਗਾ। ਕਈਆਂ ਨੂੰ ਆਦਤ ਪੈ ਜਾਂਦੀ ਹੈ ਕਿ ਉਹ ਆਪਣਾ ਸਿਰ ਘੁਮਾ ਘੁਮਾ ਕੇ ਵਾਲ ਉਲਾਰ ਉਲਾਰ ਕੇ ਘੁਮਾਉਂਦੇ ਰਹਿੰਦੇ ਹਨ। ਅਜਿਹੇ ਲੋਕੀਂ ਕੀ ਕਦੀ ਬਿਰਤੀ ਟਿਕਾ ਸਕਦੇ ਹਨ?

ਥੋੜ੍ਹਾ ਅੱਗੇ ਗਈ ਤਾਂ ਤਿੰਨ ਜਵਾਨ ਕੁੜੀਆਂ ਜਿਨ੍ਹਾਂ ਨੇ ਆਪਣੇ ਕੱਟੇ ਹੋਏ ਵਾਲ ਕੁਝ ਲੰਬੇ ਕਰਕੇ ਖਲਾਰੇ ਹੋਏ ਸਨ, ਕਦੀ ਸੱਜੇ ਪਾਸੇ ਵਾਲਾਂ ਨੂੰ ਭੁੰਆ ਕੇ ਸੁੱਟ ਲੈਂਦੀਆਂ ਤੇ ਕਦੀ ਖੱਬੇ ਪਾਸੇ ਵਾਲਾਂ ਨੂੰ ਭੁੰਆ ਕੇ ਵਾਲਾਂ ਵਿਚ ਹੱਥ ਫੇਰਨ ਲੱਗ ਪੈਂਦੀਆਂ। ਉਹਨਾਂ ਦਾ ਸਾਰਾ ਧਿਆਨ ਵਾਲਾਂ ਵਿਚ ਹੀ ਫਸਿਆਂ ਹੋਇਆ ਸੀ। ਕਈ ਅਜਿਹੇ ਲੜਕੇ ਲੜਕੀਆਂ ਦੀਆਂ ਹਰਕਤਾਂ ਦੇਖਣ ਪਿੱਛੋਂ ਇਹ ਗੱਲ ਬਿਲਕੁੱਲ ਸਾਹਮਣੇ ਆ ਗਈ ਕਿ ਮਾਨਸਿਕ ਸੰਤੁਲਨ ਲਈ ਜ਼ੁਲਫਾਂ ਖਲਾਰਨੀਆਂ ਬਹੁਤ ਭੈੜੀਆਂ ਹਨ। ਦਸਤਾਰ ਸਜਾਉਣ ਨਾਲ ਮਾਨਸਿਕ ਸਤੁੰਲਨ ਠੀਕ ਰੱਖਣ ਵਿਚ ਮੱਦਦ ਮਿਲਦੀ ਹੈ, ਬੰਦੇ ਦਾ ਮਨ ਜ਼ੁਲਫਾਂ ਦੇ ਹੁਲਾਰਿਆਂ ਨਾਲ ਏਧਰ ਓਧਰ ਨਹੀਂ ਭੱਜਦਾ, ਸਗੋਂ ਮਾਨਸਿਕ ਉਡਾਰੀਆਂ ਚੜ੍ਹਦੀ ਕਲਾ ਵਿਚ ਲੈ ਜਾਂਦੀਆਂ ਹਨ।

ਸਿਰਜਣਹਾਰ ਵਾਹਿਗੁਰੂ ਜੀ ਨੇ ਅਤਿ ਸੂਖਮ ਅਤੇ ਅਤਿ ਸੁੰਦਰ ਨਾੜੀਆਂ ਦਾ ਵਿਸ਼ਾਲ ਤਾਣਾ ਬਾਣਾ ਸਜਾ ਕੇ ਦਸਮ ਦੁਆਰ ਦੇ ਰਸ, ਇਲਾਹੀ ਪ੍ਰਕਾਸ਼ ਅਤੇ ਅਨਹਦ ਧੁਨ ਦੇ ਫੁੱਟਣ ਲਈ ਯੋਗ ਥਾਂ ਬਣਾਉਣ ਲਈ ਦਿਮਾਗ ਦੀ ਸਿਰਜਨਾ ਕਰਨ ਲੱਗਿਆਂ ਸੁੰਦਰਤਾ ਦੇ ਢੇਰ ਲਗਾ ਦਿਤੇ। ਸਾਡਾ ਇੱਕ ਇੱਕ ਵਾਲ ਦਿਮਾਗ ਦੀਆਂ ਨਾੜੀਆਂ ਨਾਲ ਸੰਬੰਧ ਰੱਖਦਾ ਹੈ। ਦਿਮਾਗ ਦਾ ਸੁੰਦਰ ਖਜਾਨਾ ਸਾਡੇ ਕੇਸਾਂ ਤੋਂ ਕੋਈ ਮੰਗ ਕਰਦਾ ਹੈ। ਕੇਸਾਂ ਦੀ ਸੇਵਾ ਸੰਭਾਲ ਸਾਨੂੰ ਦਸਮ ਦੁਆਰ ਦੇ ਦਰਸ਼ਨਾਂ ਲਈ ਉਕਸਾਉਂਦੀ ਰਹਿੰਦੀ ਹੈ। ਜ਼ਿੰਦਗੀ ਦੀ ਬਾਜ਼ੀ ਜਿੱਤਣੀ ਤਾਂ ਉਦੋਂ ਹੀ ਹੈ ਜਦੋਂ

ਬਾਕੀ ਪੰਨਾ ੪੦ ਤੇ

# ਕੇਸਾਂ ਦਾ ਨੰਗੇ ਸਿਰ ਰੱਖਣਾ ਗੁਰਮਤਿ ਪ੍ਰਤਿਕੂਲ

(ਪ੍ਰੋ. ਅਮਰਜੀਤ ਕੌਰ)

ਕੇਸਕੀ ਬਿਹੂਨ ਰਹਿਤ ਬਹਿਤ ਵਾਲੇ ਇੱਕ ਸਿੰਘ ਸੁਜਾਨ ਦੇ ਦਰਸ਼ਨ ਕਰੋ। ਅੰਮ੍ਰਿਤ ਵੇਲੇ ਸਿੰਘ ਜੀ ਸੈਰ ਨੂੰ ਨਿਕਲੇ ਹਨ ਤੇ ਸਾਨੂੰ ਦਰਸ਼ਨਾਂ ਦਾ ਅਉਸਰ ਪ੍ਰਾਪਤ ਹੋਇਆ ਹੈ। ਉਹਨਾਂ ਦੇ ਗਾਤਰੇ ਕਿਰਪਾਨ, ਤੇੜ ਕਛਿਹਰਾ, ਕਲਾਈ ਵਿੱਚ ਕੜਾ ਅਤੇ ਕੇਸਾਂ ਵਿੱਚ ਕੰਘਾ ਹੈ, 'ਪੰਜ ਕਕਾਰਾਂ' ਵਾਲੇ ਸਿੰਘ ਜੀ ਆ ਰਹੇ ਹਨ। ਤੁਹਾਡਾ ਮਨ ਕੀ ਮਹਿਸੂਸ ਕਰ ਰਿਹਾ ਹੈ ਦਰਸ਼ਨ ਕਰਕੇ? ਸਿਰੋਂ ਨੰਗੇ ਸਿੰਘ ਨੂੰ ਇਹਨਾਂ ਸਾਰੇ ਕਕਾਰਾਂ ਦੇ ਹੁੰਦਿਆਂ ਹੋਇਆਂ ਵੀ ਆਪ ਰਹਿਤਵਾਨ ਤੇ ਗੁਰਮਤਿ ਅਨੁਕੂਲ ਨਹੀਂ ਆਖੋਗੇ? ਨੰਗੇ ਸਿਰ ਫਿਰਨ ਨੂੰ ਬਹੁਤ ਅਯੋਗ ਤੇ ਕੇਸਾਂ ਦੀ ਬੇਅਦਬੀ ਸਮਝਿਆ ਜਾਂਦਾ ਹੈ, ਇਥੇ ਹੀ ਬੱਸ ਨਹੀਂ, ਜਦੋਂ ਕਿਸੇ ਗੁਰਸਿੱਖ ਦੀ ਗੁਰਮਤਿ ਰਹਿਣੀ ਦੀ ਸ਼ਲਾਘਾ ਕਰਨੀ ਹੋਵੇ, ਤਾਂ ਉਸ ਨੂੰ ਦੂਹਰੀ ਦਸਤਾਰ ਵਾਲੇ ਦੇ ਵਿਸ਼ੇਸ਼ਣ ਨਾਲ ਆਮ ਸਨਮਾਨਿਆਂ ਜਾਂਦਾ ਹੈ। ਇਹ ਕਿਉਂ? ਇਸ ਲਈ ਕਿ ਪੰਜ ਕਕਾਰਾਂ ਦੇ ਧਾਰਨੀ ਸਿੰਘ ਲਈ ਕੇਸਕੀ ਦੀ ਹਰ ਵਕਤ ਵਰਤੋਂ ਪੰਜਵੀਂ ਰਹਿਤ ਸਮਝ ਕੇ ਕਰਨੀ ਜ਼ਰੂਰੀ ਹੈ। ਕੇਸਕੀ ਤੋਂ ਬਿਨਾਂ ਹਰ ਵਕਤ ਕੇਸ ਢਕੇ ਰਹਿ ਹੀ ਨਹੀਂ ਸਕਦੇ ਅਤੇ ਕੇਸਾਂ ਨੂੰ ਨੰਗੇ ਰੱਖਣ ਦਾ ਹੁਕਮ ਸਿਖ ਸਿਖਣੀਆਂ ਨੂੰ ਗੁਰੂ ਸਾਹਿਬ ਆਪ ਦੇ ਚੁੱਕੇ ਹਨ।

ਕੇਸਾਂ ਨੂੰ ਨੰਗੇ ਨਾ ਰੱਖਣਾ ਅਤੇ ਹਰ ਸਮੇਂ ਦਸਤਾਰ ਸਜਾਈ ਰੱਖਣ ਸੰਬੰਧੀ ਗੁਰੂ ਸਾਹਿਬ ਦੇ ਬੜੇ ਸਖਤ ਹੁਕਮ, ਹੁਕਮਨਾਮਿਆਂ ਵਿਚੋਂ ਪ੍ਰਗਟ ਹੁੰਦੇ ਹਨ। ਇਹਨਾਂ ਵਿਚੋਂ ਕੁੱਝ ਕੁ ਹਵਾਲੇ ਇਥੇ ਦਿੱਤੇ ਜਾਂਦੇ ਹਨ–

**ਨਗਨ ਹੋਏ ਬਾਹਰ ਫਿਰੈ, ਨਗਨ ਸੀਸ ਜੋ ਖਾਇ।**
**ਨਗਨ ਪ੍ਰਸਾਦਿ ਜੋ ਬਾਂਟਈ, ਤਨਖਾਹੀ ਬਡੋ ਕਹਾਇ।**
**ਪਾਗ ਉਤਾਰ ਪ੍ਰਸਾਦਿ ਜੋ ਖਾਵੈ, ਸੋ ਸਿਖ ਕੁੰਭੀ ਨਰਕ ਸਿਧਾਵੈ।**
**ਕੰਘਾ ਦੋਨੋ ਵਕਤ ਕਰ, ਪਾਗ ਚੁਨੇ ਕਰ ਬਾਂਧਈ।**
**ਦਾਤਨ ਨੀਤ ਕਰੇ, ਨਾ ਦੁੱਖ ਪਾਵੇ ਲਾਲ ਜੀ।**

(ਉੱਤਰ ਪ੍ਰਸ਼ਨ ਭਾਈ ਨੰਦ ਲਾਲ ਜੀ)

ਵਾਹਿਗੁਰੂ ਜੀ ਕਾ ਖਾਲਸਾ ਸਾਬਤ ਕੇਸ, ਸਿਧਾ ਦਾੜ੍ਹਾ, ਸਿਧਾ ਦਸਤਾਰਾ ਰੱਖੇ, ਜੋ ਪਾਪ ਕਰਮਾਂ ਤੋਂ ਬਚਾਉਂਦਾ ਹੈ।

........ ਤਾਂ ਸਿੰਘ ਨੇ ਅਰਜ਼ ਕੀਤੀ, ਜੀ ਸੱਚੇ ਪਾਤਸ਼ਾਹ! ਜਿਹੜੇ ਅੰਮ੍ਰਿਤ ਛੱਕ ਕੇ ਕੇਸ ਮਨਾਂਵਦੇ ਹਨ ਯਾ ਕੇਸ ਨੰਗੇ ਰੱਖਦੇ ਹਨ ਉਹਨਾ ਦਾ ਕੀ ਹਾਲ ਹੋਵੇਗਾ। ਬਚਨ ਹੋਇਆ, ਉਹਨਾਂ ਦੀ ਮੱਤ ਮਾਰੀ ਜਾਂਦੀ ਹੈ।

'......ਕੇਸ ਨੰਗੇ ਰੱਖਣੇ ਦੋਸ਼ ਹੈ। ਦੋ ਪੱਗਾਂ ਰੱਖਣੇ ਚਾਹੀਏ। ਜੇ ਵਡੀ ਲਹਿ ਜਾਵੇ ਤਾਂ ਛੋਟੀ ਰਹੇ, ਨਿੱਕੀ ਪੱਗ ਨਾ) (ਲਾਹਵਣੀ' (ਖ਼ਿਜ਼ੇ ਮੁਕਤ ਧਰਮ ਸ਼ਾਸਤ੍ਰ ਸਾਖੀ ੮)

'ਵਾਹਿਗੁਰੂ ਜੀ ਕਾ ਖਾਲਸਾ ਕੇਸਾਂ ਨੂੰ ਸਾਫ ਰੱਖੇ, ਦੋਏ ਵੇਲੇ ਕੰਘਾ ਕਰੇ ਦਸਤਾਰ ਸਜਾਏ।' (ਰਹਿਤਨਾਮਿਆਂ ਦਾ ਸਾਰ–ਅਮਰ ਕੌਰ)

'ਕੇਸਾਂ ਵਿਖੇ ਜਲ ਪਾਉ, ਪੱਗ ਦਸਤਾਰ ਜ਼ਮੀਨ ਪਰ ਨਹੀਂ ਰੱਖਣੀ, ਅਦਬ ਨਾਲ ਰੱਖਣੀ, ਨੰਗੇ ਸੀਸ ਪ੍ਰਸਾਦਿ ਨਾ ਛੱਕੋ।

(ਖ਼ਿਜ਼ੇ ਮੁਕਤ, ਧਰਮ ਸ਼ਾਸਤ੍ਰ, ਸਾਖੀ ੧੦)

ਬਾਕੀ ਪੰਨਾ ੪੦ ਤੇ



www.AKJ.Org

# ਧਰਮ ਤੇ ਪਾਖੰਡ ਅਤੇ ਸਤਿਨਾਮ ਦੀ ਮਹੱਤਤਾ

ਭਾਈ ਰਾਮ ਸਿੰਘ, ਗਰੇਵਜ਼ੈਂਡ (ਯੂ. ਕੇ.)

ਧਰਮ ਇਕ ਬਹੁਤ ਗੰਭੀਰ ਵਿਸ਼ਾ ਹੈ, ਜਿਸ ਰਾਹੀਂ ਅਗੰਮ, ਅਗੋਚਰ ਤੇ ਬੇਅੰਤ ਪ੍ਰਮਾਤਮਾ ਦੀ ਨੇੜਤਾ ਦਾ ਸੁਭਾਗ ਮਾਨਣ ਦਾ ਉਪਰਾਲਾ ਬੰਦਾ ਆਪਣੀ ਇਸ ਧਰਤੀ ਤੇ ਹੋਂਦ ਦੇ ਸਮੇ ਤੋਂ ਹੀ ਕਰਦਾ ਆ ਰਿਹਾ ਹੈ। ਸੱਚੇ ਸੁੱਚੇ ਧਰਮੀ ਬੰਦਿਆਂ ਨੇ ਸਮੇ ਸਮੇਂ ਪ੍ਰਮਾਤਮਾ ਦੀ ਜਿੰਨੀ-ਜਿੰਨੀ ਨੇੜਤਾ ਦਾ ਅਨੰਦ ਮਾਣਿਆਂ ਉਨਾਂ-ਓਸ ਦੀ ਸ਼ਕਤੀ ਆਦਿ ਬਾਰੇ ਦੱਸਣ ਦੀ ਕੋਸ਼ਿਸ਼ ਕੀਤੀ ਤੇ ਕਈਆਂ ਨੇ ਸਿਰਫ ਗੂੰਗੇ ਦੀ ਮਠਿਆਈ ਵਾਂਗ ਚੁੱਪ ਹੀ ਧਾਰ ਲਈ, ਭਾਵ ਉਹ ਉਸਦੀ ਨੇੜਤਾ ਤੇ ਇਤਨੇ ਮਸਤ ਹੋ ਗਏ ਕਿ ਉਹ ਕੁਝ ਬੋਲਣ ਦੀ ਥਾਂ ਆਪਣੇ ਅਨੰਦ ਵਿਚ ਹੀ ਮਸਤ ਹੋ ਗਏ

ਪਰ ਕੁਝ ਐਸੇ ਬੰਦੇ ਭੀ ਅੱਗੇ ਆਏ ਜਿਹਨਾਂ ਨੇ ਇਹਨਾਂ ਪ੍ਰਮਾਤਮਾ ਦੀ ਨੇੜਤਾ ਦਾ ਆਨੰਦ ਮਾਨਣ ਬਾਰੇ ਸਿਰਫ਼ ਸੁਣਿਆ ਹੀ ਪਰ ਆਪ ਨੂੰ ਉਸ ਨੇੜਤਾ ਦੇ ਆਨੰਦ ਦੀ ਕੋਈ ਸੋਝੀ ਭੀ ਨਹੀਂ ਹੋਈ ਪਰ ਕਿਉਂਕਿ ਉਹਨਾਂ ਸੱਚੇ-ਸੁੱਚੇ ਧਰਮੀ ਬੰਦਿਆਂ ਦੀਆਂ ਲਿਖਤਾਂ ਤੇ ਬੋਲ ਇਤਨੇ ਅਰਥਦਾਇਕ ਤੇ ਪ੍ਰਭਾਵਸ਼ਾਲੀ ਸਨ ਕਿ ਇਹ ਸੁਣਨ ਤੇ ਪੜ੍ਹਨ ਵਾਲੇ ਬੜੇ ਬੜੇ ਵਿਦਵਾਨਾਂ ਦਾ ਰੂਪ ਧਾਰ ਕੇ ਜਾਂ ਤੇ ਡੇਰੇਦਾਰ ਬਣ ਗਏ ਜਾਂ ਹੋਰ ਉੱਚੀਆਂ ਡਿੱਗਰੀਆਂ ਪ੍ਰਾਪਤ ਕਰਕੇ ਪ੍ਰਚਾਰਕ, ਲਿਖਾਰੀ ਆਦਿ ਬਣ ਗਏ ਤੇ ਧਰਮ ਦੀ ਕਈ ਤਰ੍ਹਾਂ ਨਾਲ ਵਿਆਖਿਆ ਸ਼ੁਰੂ ਹੋ ਗਈ।

ਧਰਮ ਦੀ ਇਸ ਵਿਆਖਿਆ ਨੇ ਅਸਲੀ ਧਰਮ ਤੇ ਬਿਲਕੁਲ ਪੜਦਾ ਪਾ ਕੇ ਧਰਮ ਵਿਚ ਐਸੇ ਕਰਮ ਕਾਂਡ ਪਾਏ ਕਿ ਹਰ ਇੱਕ ਧਰਮ ਆਪਣੇ-ਆਪਣੇ ਰੂਪ ਵਿੱਚ ਉਹਨਾਂ ਕਰਮ-ਕਾਂਡਾਂ ਰਾਹੀਂ ਸੱਚਾ ਸੁੱਚਾ ਬਣਨ ਦਾ ਦਾਅਵੇਦਾਰ ਬਣ ਗਿਆ। ਇਸ ਚੀਜ਼ ਨੇ ਐਸੀ ਖਤਰਨਾਕ ਸ਼ਕਲ ਧਾਰਨ ਕੀਤੀ ਕਿ ਇੱਕ ਧਰਮ ਨੇ ਦੂਸਰੇ ਧਰਮ ਤੇ ਕਈ ਵਾਰ ਆਪਸ ਵਿਚ ਇਕੋ ਧਰਮ ਦੇ ਪੈਰੋਕਾਰਾਂ ਨੇ ਸੱਚ ਤੇ ਪਾਖੰਡ ਦੇ ਨਿਰਨੇ ਲਈ, ਇਕ ਦੂਜੇ ਦੇ ਗੱਲ ਵਿਚ ਗੂਠੇ ਦੇਣਾ ਐਸਾ ਅਰੰਭਿਆ ਕਿ ਧਰਮ ਦੇ ਨਾਂ ਤੇ ਉਹ ਉਹ ਜ਼ੁਲਮ ਤੇ ਕਤਲੋਗਾਰਤ ਹੋਈ ਕਿ ਅਧਰਮੀਆਂ ਵਲੋਂ ਦੁਨੀਆਂ ਵਿੱਚ ਕੀਤੇ ਜ਼ੁਲਮਾਂ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ ਤੇ ਜੋ ਧਰਮ ਦੇ ਬੁਰਕੇ ਪਾ ਕੇ ਧਰਮ ਦੇ ਠੇਕੇਦਾਰਾਂ ਵਲੋਂ ਆਮ ਲੋਕਾਂ ਨੂੰ ਵਹਿਮਾਂ, ਭਰਮਾਂ ਵਿਚ ਲੁੱਟ-ਖਸੁੱਟ ਕੀਤੀ ਗਈ ਜਾਂ ਹੋ ਰਹੀ ਹੈ ਉਸਨੇ ਇੱਕ ਪੜ੍ਹੀ ਲਿਖੀ ਨੌਂਜਵਾਨ ਪੀੜ੍ਹੀ ਨੂੰ ਧਰਮ ਤੋਂ ਪਰ੍ਹਾਂ ਧਕੇਲ ਦਿੱਤਾ ਤੇ ਦੂਸਰੇ ਕਮਿਊਨਿਜ਼ਮ ਦਾ ਜਨਮ ਭੀ ਖਾਸ ਕਰਕੇ 'ਧਰਮ ਗਰੀਬਾਂ ਲਈ ਅਫੀਮ' ਵਜੋਂ ਵਰਤੇ ਜਾਣ ਦੇ ਵਿਚਾਰ ਨੂੰ ਮੁੱਖ ਰੱਖਕੇ ਹੋਇਆ ਸੀ, ਜੋ ਕਾਫ਼ੀ ਹੱਦ ਤੱਕ ਠੀਕ ਸੀ ਜੇ ਉਸ ਵਿਚ ਅਸਲੀ ਧਰਮ ਦੀ ਕੁੱਝ ਲੋਸ ਹੁੰਦੀ।

ਇਸ ਸਾਰੇ ਦਾ ਭਾਵ ਇਹ ਹੈ ਕਿ ਧਰਮ ਦੀ ਗਲਤ ਵਰਤੋਂ ਨੇ ਜਿੱਥੇ ਆਮ ਲੋਕਾਂ ਦਾ ਉਹਨਾਂ ਨੂੰ ਵਹਿਮਾਂ ਭਰਮਾਂ ਵਿੱਚ ਪਾਕੇ ਖ਼ੂਨ ਚੂਸਿਆ ਤੇ ਗਲਤ ਅਗਵਾਈ ਕੀਤੀ ਤੇ ਲੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਉੱਥੇ ਧਰਮ ਦਾ ਅਸਲੀ ਰਾਹ ਦਿਖਾਉਣ ਵਾਲਿਆਂ ਤੇ ਰੱਬ ਜੀ ਦੇ ਬਹੁਤ ਨੇੜਤਾ ਵਾਲੇ ਸੱਚੇ ਸੁੱਚੇ ਬੰਦਿਆਂ ਨੂੰ ਜ਼ਹਿਰ ਦੇ ਪਿਆਲੇ ਪਿਲਾ ਦਿੱਤੇ, ਪੁੱਠੀਆਂ ਖੱਲਾਂ ਲੁਹਾ ਦਿੱਤੀਆਂ, ਸੂਲੀਆਂ ਤੇ ਟੰਗ ਦਿੱਤਾ, ਬੰਦ-ਬੰਦ ਕੱਟ ਦਿੱਤੇ ਤੇ ਹੋਰ ਕਈ ਅਸਹਿ ਤੇ ਅਕਹਿ ਕਸ਼ਟ ਦਿੱਤੇ ਜਿਹਨਾਂ ਦੇ ਸਿਰਫ਼ ਸੁਣਨ ਨਾਲ ਹੀ ਦਿਲ ਕੰਬ ਜਾਂਦਾ ਹੈ। ਪਰ ਇਹਨਾਂ ਧਰਮ ਦੇ ਬੁਰਕਾ ਪਾ ਕੇ ਇਹ ਕੁੱਝ ਕਰਨ ਵਾਲਿਆਂ ਨੂੰ ਜਿਵੇਂ ਕੋਈ ਖੁਸ਼ੀ ਪ੍ਰਾਪਤ ਹੁੰਦੀ ਹੈ। ਕਿਤਨਾ ਸੱਚੇ ਸੁੱਚੇ ਪਰੇਮੀਆਂ ਤੇ ਪਾਖੰਡੀਆਂ ਦਾ ਫ਼ਰਕ ਹੈ ਕੋਈ ਮਾਪ ਤੋਲ ਨਹੀਂ ਜਿਸ ਰਾਹੀਂ ਦੱਸਿਆ ਜਾ ਸਕੇ!!

ਇਥੇ ਹੁਣ ਸੱਚੇ ਸੁੱਚੇ ਧਰਮੀ ਬੰਦੇ ਬਾਰੇ ਦੇਖਣਾ ਹੋਵੇਗਾ ਕਿ ਧਰਮ ਦਾ ਐਸੇ ਬੰਦੇ ਦੇ ਜੀਵਨ ਵਿੱਚ ਕੀ ਭਾਗ ਹੈ ਤੇ ਉਹ ਕੀ ਧਰਮ ਹੈ ਜਿਸਤੇ ਚਲ ਕੇ ਉਹ ਰੱਬ ਜੀ ਦੀ ਨੇੜਤਾ ਪ੍ਰਾਪਤ ਕਰਦੇ ਹਨ। ਅਸਲੀ ਧਰਮ ਹੈ 'ਸੱਚ'। ਸੱਚ ਹੀ ਪ੍ਰਮਾਤਮਾ ਹੈ ਤੇ ਜੋ ਸੱਚ ਕਰਕੇ ਨਿਰਭਉ ਤੇ ਨਿਰਵੈਰ ਹੈ। ਸੋ ਅਸਲੀ ਧਰਮੀ ਬੰਦੇ ਨੂੰ ਨਿਰਭਉ ਤੇ ਨਿਰਵੈਰ ਬਣਨਾ ਸਿਖਾਉਂਦਾ ਹੈ। ਇਸਦਾ ਭਾਵ ਕਿ ਜਿਥੇ ਕਿਸੇ ਹੋਰ ਸ਼ਕਤੀ ਆਦਿ ਤੋਂ ਡਰਨਾ ਨਹੀਂ ਉਥੇ ਕਿਸੇ ਨੂੰ ਡਰਾਉਂਦਾ ਵੀ ਨਹੀਂ। ਦੂਸਰੇ ਲਫ਼ਜ਼ਾਂ ਵਿੱਚ ਕਿਸੇ ਚੀਜ਼ ਜਾਂ ਰੱਬ ਜੀ ਤੋਂ ਬਿਨਾਂ ਕਿਸੇ ਹੋਰ ਸ਼ਕਤੀ ਤੋਂ ਡਰਕੇ ਉਸ ਅੱਗੇ ਸੁੱਖਾਂ ਸੁੱਖ ਕੇ ਉਸਦੀ ਪੂਜਾ ਸ਼ੁਰੂ ਕਰਕੇ ਵਹਿਮਾਂ ਭਰਮਾਂ ਆਦਿ ਦੇ ਜਾਲ ਵਿੱਚ ਫ਼ਸ ਕੇ ਅਸਲੀ ਰਾਹ ਤੋਂ ਕੁਰਾਹੇ ਨਹੀਂ ਪੈ ਜਾਣਾ, ਜਾਂ ਇਸੇ ਤਰ੍ਹਾਂ ਧਰਮ ਦਾ ਬੁਰਕਾ ਪਾ ਕੇ ਆਮ ਲੋਕਾਂ ਨੂੰ ਹੋਰ ਚੀਜ਼ਾਂ ਤੇ ਸ਼ਕਤੀਆਂ ਤੋਂ ਡਰਾ ਕੇ ਉਹਨਾਂ ਦੀ ਪੂਜਾ ਅਤੇ ਵਹਿਮਾਂ ਭਰਮਾਂ ਵਿੱਚ ਨਹੀਂ ਪਾ ਦੇਣਾ। ਕਿਉਂਕਿ ਜਦ ਇਹ ਵਰਤਾਰਾ ਵਰਤਣ ਲੱਗ ਪੈਂਦਾ ਹੈ ਤਾਂ ਕਰਮ ਕਾਂਡ ਸ਼ੁਰੂ ਹੋ ਜਾਂਦੇ ਹਨ ਜੋ ਆਪਣੇ ਆਪ ਨੂੰ ਅਸਲੀ ਧਰਮ ਨੂੰ ਮੰਨਣ ਦੇ ਦਾਅਵੇਦਾਰ ਬਣਾਕੇ ਆਮ ਲੋਕਾਂ ਵਿੱਚ ਕਾਫ਼ੀ ਮਸ਼ਹੂਰ ਹੋ ਜਾਂਦੇ ਹਨ ਤੇ ਸਰਕਾਰੇ ਦਰਬਾਰੇ ਭੀ ਇਹਨਾਂ ਦਾ ਬੋਲ-ਬਾਲਾ ਹੋ ਜਾਂਦਾ ਹੈ, ਕਿਉਂਕਿ ਸਰਕਾਰਾਂ ਨੂੰ ਐਸੇ ਬੰਦਿਆਂ ਦੀ ਸਦਾ ਹੀ ਲੋੜ ਹੁੰਦੀ ਹੈ।

ਪਰ ਅਸਲੀਅਤ ਦਾ ਕਦੇ ਖਾਤਮਾ ਨਹੀਂ ਹੁੰਦਾ। ਅਸਲੀ ਨਿਰਭਉ ਤੇ ਨਿਰਵੈਰ ਧਰਮੀ ਬੰਦੇ ਸਦਾ ਹੀ ਦੁਨੀਆਂ ਵਿੱਚ ਮੌਜੂਦ ਹੁੰਦੇ ਹਨ। ਪਰ ਉਹ ਕਿਸ ਪੱਧਰ ਅਤੇ ਤੱਲ ਤੇ ਖੜ੍ਹੇ ਹੁੰਦੇ ਹਨ, ਇਹ ਉਹਨਾ ਦੀ ਪ੍ਰਮਾਤਮਾ ਦੀ ਨੇੜਤਾ ਤੇ ਨਿਰਭਰ ਕਰਦਾ ਹੈ। ਭਾਵ ਉਹ ਧਰਮੀ ਬੰਦੇ ਰੱਬ ਜੀ ਦੇ ਕਿੰਨਾ ਨੇੜੇ ਹਨ, ਜਿੰਨਾ ਉਹ ਨੇੜੇ ਹੋਣਗੇ ਉਨਾਂ ਹੀ ਜ਼ਬਰ ਤੇ ਜ਼ੁਲਮ ਸਹਿਣ ਤੇ ਜ਼ੁਲਮ ਤੇ ਜ਼ਬਰ ਦੇ ਖਿਲਾਫ਼ ਆਵਾਜ਼ ਉਠਾਉਣ ਦੀ ਸ਼ਕਤੀ ਰੱਖਦੇ ਹੋਣਗੇ, ਕਿਉਂਕਿ ਧਰਮੀ ਬੰਦਾ ਹੀ ਲੋਕਾਂ ਦੇ ਦਰਦ ਦਾ ਅਹਿਸਾਸ ਕਰਕੇ ਉਹਨਾਂ ਦੇ ਹੱਕ ਵਿੱਚ ਨਿਰਭੈ ਹੋ ਕੇ ਆਵਾਜ਼ ਉਠਾ ਸਕਦਾ ਹੈ ਤੇ ਕੁਰਬਾਨੀ ਕਰ ਸਕਦਾ ਹੈ ਬਿਨਾਂ ਲਾਲਚ। ਇਹ ਨੇੜਤਾ ਬਹੁਤ ਹੀ ਜ਼ਰੂਰੀ ਨੁਕਤਾ ਹੈ ਕਿਉਂਕਿ ਇਸ ਤੋਂ ਬਿਨਾਂ ਬੰਦੇ ਵਿੱਚ ਨਿਰਭੈਤਾ ਤੇ ਨਿਰਵੈਰਤਾ ਵਾਲੇ ਉੱਚੇ ਗੁਣ ਪੈਦਾ ਹੋਣੇ ਅਸੰਭਵ ਹਨ (ਹਠ ਹੋਰ ਚੀਜ਼ ਹੈ)। ਅਤੇ ਅੰਡੋਲਤਾ ਆਉਣੀ ਬੜੀ ਮੁਸ਼ਕਲ ਹੈ। ਅਡੋਲਤਾ ਤੋਂ ਬਿਨਾਂ ਨਾ ਹੀ ਜ਼ੁਲਮ ਜਬਰ



www.AKJ.Org

ਸਹਾਰਿਆ ਜਾ ਸਕਦਾ ਹੈ ਤੇ ਨਾ ਹੀ ਇਸਦਾ ਟਾਕਰਾ ਕੀਤਾ ਜਾ ਸਕਦਾ ਹੈ। ਦੁਨੀਆਂ ਦੇ ਇਤਿਹਾਸ ਵਿਚ ਬਹੁਤ ਧਰਮੀ ਬੰਦੇ ਸਤਾਰਿਆਂ ਵਾਂਗ ਚਮਕਦੇ ਨਜ਼ਰ ਆਉਂਦੇ ਹਨ। ਉਹਨਾਂ ਵਿਚੋਂ ਕਈ ਚੁੱਪ ਚਾਪ ਜ਼ੁਲਮ ਸਹਾਰਦੇ, ਕਈ ਜ਼ੁਲਮ ਦੇ ਖਿਲਾਫ਼ ਲੋਹਾ ਲੈਂਦੇ, ਕਈ ਆਮ ਲੋਕਾਂ ਨੂੰ ਵਹਿਮ ਭਰਮ ਵਿਚੋਂ ਕੱਢ ਕੇ, ਕਰੌਤੀ ਤੇ ਦੰਭੀ ਠੇਕੇਦਾਰਾਂ ਦੇ ਪਾਜ ਉਘੇੜਦੇ ਤੇ ਜ਼ਾਲਮ ਹਾਕਮ ਨੂੰ ਅਸਲੀਅਤ ਤੋਂ ਜਾਣੂ ਕਰਾਉਂਦੇ ਤੇ ਇਤਿਹਾਸ ਤੱਕ ਨੂੰ ਬਦਲਦੇ ਨਜ਼ਰ ਆਉਂਦੇ ਹਨ।

'ਨਿਰਭੈਤਾ ਤੇ ਨਿਰਵੈਰਤਾ' ਦੇ ਸ਼ਬਦ ਖਾਸ ਅਹਿਮੀਅਤ ਰੱਖਦੇ ਹਨ। ਇਹ ਦੋ ਮਹਾਨ ਗੁਣ ਅਸਲੀ ਧਰਮੀ ਬੰਦੇ ਦਾ ਸ਼ਿੰਗਾਰ ਹਨ। ਇਹਨਾਂ ਤੋਂ ਬਿਨਾਂ ਜੇ ਕੋਈ ਆਪਣੇ ਆਪ ਨੂੰ ਸੱਚਾ ਸੁੱਚਾ ਧਰਮੀ ਕਹਾਉਂਦਾ ਹੈ ਤਾਂ ਉਹ ਸਿਰਫ਼ ਹਉਮੈ ਦਾ ਗ੍ਰਸਿਆ ਤਾਂ ਹੋ ਸਕਦਾ ਹੈ, ਸੱਚਾ ਸੁੱਚਾ ਧਰਮੀ ਨਹੀਂ।। ਇਹ ਦੋਨੋਂ ਗੁਣ ਬੰਦੇ ਵਿਚ ਉਤਪਨ ਕਿਵੇਂ ਹੁੰਦੇ ਹਨ? ਇਹ ਬਹੁਤ ਜ਼ਰੂਰੀ ਨੁਕਤਾ ਹੈ। ਇਹ ਸਿਰਫ਼ ਉਸ ਪ੍ਰਮਾਤਮਾ ਦੀ ਯਾਦ ਵਿਚ ਸਿਮਰਨ ਕਰਕੇ ਹੀ ਪ੍ਰਾਪਤ ਹੋ ਸਕਦੇ ਹਨ। ਪਰ ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪ੍ਰਮਾਤਮਾ ਨੂੰ ਕਿਸ ਨਾਮ ਨਾਲ ਸੰਬੋਧਨ ਕਰਕੇ ਉਸਦੀ ਯਾਦ ਵਿਚ ਸਿਮਰਨ ਕੀਤਾ ਜਾਵੇ? ਇਸ ਉੱਚੇ ਸੁੱਚੇ ਕੰਮ ਲਈ ਇਸ ਰਾਹ ਤੇ ਤੁਰਨ ਵਾਲੇ ਹਰ ਧਰਮੀ ਬੰਦੇ ਨੂੰ ਕਿਸੇ ਨਾਮ ਦੀ ਓਟ ਜ਼ਰੂਰ ਲੈਣੀ ਪਈ ਤੇ ਉਹ ਭੀ ਜੋ ਉਸਦੇ ਉਸਤਾਦ ਜਾਂ ਗੁਰੂ ਨੇ ਉਸਨੂੰ ਨਾਮ ਸਿਮਰਨ ਕਰਨ ਲਈ ਦਿੱਤਾ। ਕਿਉਂਕਿ ਗੁਰੂ ਹੀ ਨਾਮ ਦਾ ਦਾਤਾ ਹੈ, ਹਰ ਧਰਮ ਵਿਚ। ਗੁਰੂ ਨਾਨਕ ਦੇਵ ਜੀ ਨੇ ਗੁਰੂ ਤੋਂ ਬਿਨਾਂ ਦੁਨੀਆਂ ਨੂੰ 'ਘੋਰ ਅੰਧਾਰ' ਦੱਸਿਆ ਹੈ। ਸੋ ਗੁਰੂ ਤੋਂ ਨਾਮ ਪ੍ਰਾਪਤ ਕਰਕੇ ਉਸਦੀ ਕਮਾਈ ਦੁਆਰਾ ਪ੍ਰਮਾਤਮਾ ਦੀ ਨੇੜਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਹੁਣ ਇਹ ਦੇਖਣਾ ਹੈ ਕਿ ਜੋ ਨਾਮ ਕੋਈ ਬੰਦਾ ਜਪਦਾ ਹੈ ਉਹ ਉਸ ਬੰਦੇ ਨੂੰ ਪ੍ਰਮਾਤਮਾ ਦੇ ਕਿੰਨਾ ਕੁ ਨੇੜੇ ਲੈ ਜਾ ਸਕਦਾ ਹੈ।

ਇਥੇ ਮੁੜ ਕੇ ਫਿਰ ਇਹ ਦੁਹਰਾਉਣਾ ਜ਼ਰੂਰੀ ਹੈ ਕਿ ਧਰਮ ਇਕ ਗੰਭੀਰ ਵਿਸ਼ਾ ਹੈ। ਪਰ ਇਸਦੀ ਵਿਆਖਿਆ ਤੇ ਪੜਚੋਲ ਕਈ ਵਾਰ ਗੰਭੀਰਤਾ ਨਾਲ ਤੇ ਕਈ ਵਾਰ ਚੁਟਕਲਿਆਂ ਰਾਹੀਂ ਵੀ ਕੀਤੀ ਜਾ ਸਕਦੀ ਹੈ। ਜਦੋਂ ਇਹ ਚੁਟਕਲਿਆਂ ਦਾ ਵਿਸ਼ਾ ਬਣ ਜਾਂਦਾ ਹੈ ਤਾਂ ਧਰਮ ਨਿਆਣਿਆਂ ਦਾ ਖੇਲ ਹੀ ਸਮਝ ਲਿਆ ਜਾਂਦਾ ਹੈ। ਉਸ ਵੇਲੇ ਪ੍ਰਮਾਤਮਾ ਨੂੰ ਯਾਦ ਕਰਨ ਲਈ ਕਿਸੇ ਖਾਸ ਨਾਮ ਦੀ ਲੋੜ ਨੂੰ ਐਨ ਅੱਖੋਂ ਓਹਲੇ ਕਰਕੇ ਕੋਈ ਕਹਿੰਦਾ ਹੈ ਕਿ 'ਕਿਸੇ ਖ਼ਾਸ ਨਾਂ ਦੀ ਥਾਂ 'ਪੱਥਰ, ਪੱਥਰ' ਹੀ ਜਪਿਆ ਜਾਵੇ ਤਾਂ ਪ੍ਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ, ਜਿਵੇਂ ਕਿ ਕਿਸੇ ਸਮੇਂ ਸ੍ਰ: ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਲਿਖਿਆ ਸੀ ਕਿ 'ਢੱਬੂ ਜੀ, ਢੱਬੂ ਜੀ' ਜਾਂ ਕਿਸੇ ਬੰਦੇ ਦਾ ਨਾ ਜਿਵੇਂ 'ਟੈਨੀਸਨ, ਟੈਨੀਸਨ' ਜਪਕੇ ਰੱਬ ਦੀ ਨੇੜਤਾ ਪ੍ਰਾਪਤ ਹੋ ਸਕਦੀ ਹੈ, ਜਿਵੇਂ ਕਿ ਆਬਿਦ ਸੁਰਤੀ ਨੇ ਆਪਣੇ ਲੇਖ 'ਇਬਾਦਤ ਅਤੇ ਪ੍ਰਾਰਥਨਾ ਦੇ ਰੂਬਰੂ' ਵਿਚ ਲਿਖਿਆ ਹੈ। ਠੀਕ ਹੈ ਇਹ ਨਾਮ ਜਪਕੇ ਬੰਦੇ ਨੂੰ ਕੁਝ ਪ੍ਰਾਪਤੀ ਤਾਂ ਹੋ ਸਕਦੀ ਹੈ, ਰੱਬ ਜੀ ਦੀ ਕੁਝ ਨੇੜਤਾ ਵੀ ਪ੍ਰਾਪਤ ਹੋ ਸਕਦੀ ਹੈ, ਕਿਉਂਕਿ ਇਨ੍ਹਾਂ ਨਾਵਾਂ ਨੂੰ ਰੱਬ ਸਮਝ ਕੇ ਹੀ ਜਪਿਆ ਜਾਣਾ ਹੈ ਤੇ ਪ੍ਰਮਾਤਮਾ ਆਪਣੀ ਯਾਦ ਵਿਚ ਗੁਜ਼ਾਰਿਆ ਹੋਇਆ ਕੋਈ ਭੀ ਕਿਸੇ ਦਾ ਸਮਾਂ ਤੇ ਕਮਾਈ ਅਜਾਈਂ ਨਹੀਂ ਜਾਣ ਦਿੰਦਾ, ਉਸਦਾ ਫ਼ਲ ਜ਼ਰੂਰ ਦਿੰਦਾ ਹੈ। ਪਰ ਉਸ ਨਾਮ ਦੀ ਕੀ 'ਹੱਦਬੰਦੀ' ਹੈ, ਫ਼ਲ ਉਸ ਹੱਦ ਤੱਕ ਹੀ ਮਿਲਣਾ ਹੈ। ਭਾਵ ਇਹ ਕਿ ਸਾਰੇ ਨਾਮ ਜਾਂ ਤਾਂ ਕਿਸੇ ਬੰਦੇ ਜਾਂ ਕਿਸੇ ਚੀਜ਼ ਜਾਂ ਪ੍ਰਮਾਤਮਾ ਦੇ ਕਿਸੇ ਇਕ ਗੁਣ ਦੇ ਲਖਾਇਕ ਹਨ ਤੇ ਕਿਰਤਮ ਨਾਮ ਹੋਣ ਕਰਕੇ ਇਹਨਾਂ ਵਿਚ ਪ੍ਰਮਾਤਮਾ ਦੇ ਕਿਸੇ ਛੋਟੀ ਜਿਹੀ ਅੰਸ਼ ਦੀ ਮੌਜੂਦਗੀ ਕਰਕੇ ਉਤਨੀ ਹੀ ਪ੍ਰਾਪਤੀ ਹੋਵੇਗੀ ਭਾਵ ਪ੍ਰਮਾਤਮਾ ਦੇ ਇਕ ਅੱਧ ਗੁਣ ਦੀ ਹੀ, ਜ਼ਿਆਦਾ ਨਹੀਂ, ਕਿਉਂਕਿ '**ਕਿਰਤਮ ਨਾਮ ਕਥੇ ਤੇਰੇ ਜਿਹਬਾ। ਸਤਿਨਾਮੁ ਤੇਰਾ ਪਰਾ ਪੂਰਬਲਾ।**' (ਪੰਨਾ ੧੦੮੩)। ਸੋ ਅਸਲੀ ਸੱਚੇ ਨਾਮ ਦੇ ਜੱਪਣ ਨਾਲ ਜੋ ਪ੍ਰਾਪਤੀ ਹੁੰਦੀ ਹੈ ਉਹ ਕਿਰਤਮ ਨਾਮ ਜਪਣ ਨਾਲ ਨਹੀਂ ਹੋ ਸਕਦੀ। ਬੜੇ ਬੜੇ ਭਗਤਾਂ ਤੇ ਮਹਾਂਪੁਰਸ਼ਾਂ ਨੇ 'ਪੱਥਰ' ਢੱਬੂ ਆਦਿ ਨਾਵਾਂ ਤੋਂ ਬਹੁਤ ਉੱਚਾ ਤੇ ਸੁੱਚਾ ਨਾਮ ਜੱਪਕੇ ਬੜੀਆਂ ਪ੍ਰਾਪਤੀਆਂ ਕੀਤੀਆਂ, ਪਰ ਉਹ ਵੀ ਕਿਸੇ ਹੱਦ ਅੰਦਰ ਜਿਵੇਂ ਸੁਕਰਾਤ, ਮੀਰਾਂ ਬਾਈ, ਰਾਬੀਆ, ਤਬਰੇਜ਼, ਮਨਸੂਰ ਆਦਿ ਨੇ ਤੇ ਖਿੜੇ ਮੱਥੇ ਜ਼ੁਲਮ ਤੇ ਜਬਰ ਸਹਿਣ ਤੇ ਉਸਦੇ ਖਿਲਾਫ਼ ਆਵਾਜ਼ ਭੀ ਉਠਾਉਣ ਦੀ ਸ਼ਕਤੀ ਪ੍ਰਾਪਤ ਕੀਤੀ ਜੋ ਇਕ ਸੱਚੇ –ਧਰਮੀ ਬੰਦੇ ਵਿਚ ਹੋਣੀ ਜ਼ਰੂਰੀ ਹੈ।

ਇਥੇ ਸਾਨੂੰ ਐਸੀ ਸ਼ਖਸ਼ੀਅਤ ਮਿਲਦੀ ਹੈ ਜੋ ਉੱਚੀ ਜ਼ਾਤ ਵਿਚ ਪੈਦਾ ਹੋ ਕੇ ਭੀ ਆਪਣੇ ਆਪ ਨੂੰ '**ਨੀਚਾ ਅੰਦਿਰ ਨੀਚ ਜਾਤਿ ਨੀਚੀ ਹੂ ਅਤਿ ਨੀਚੁ**' (ਪੰਨਾ ੧੫) ਕਹਿੰਦੀ ਹੋਈ 'ਸੰਸਾਰ ਰੋਗੀ' ਦੇਖ ਕੇ, ਭਾਵ ਛੋਟੇ ਗਰੀਬ ਕਿਰਤੀ ਤੋਂ ਲੈ ਕੇ ਧਰਮੀ ਠੇਕੇਦਾਰਾਂ, ਅਮੀਰਾਂ ਵਜ਼ੀਰਾਂ ਤੇ ਹੁਕਮਰਾਨਾਂ ਤੱਕ ਸਭ ਨੂੰ ਰੋਗੀ ਦੇਖ ਕੇ ਸਭ ਨੂੰ ਖ਼ਾਸ ਦਾਰੂ ਦੇ ਕੇ ਰੱਬ ਜੀ ਦੀ ਨੇੜਤਾ ਦਾ ਪਾਤਰ ਬਣਾਉਣਾ ਚਾਹੀਦਾ ਹੈ, ਨਾ ਕਿ ਆਪਣੇ ਲਈ ਜਾਂ ਖ਼ਾਸ ਬੰਦਿਆਂ ਜਾਂ ਆਪਣੇ ਪੈਰੋਕਾਰਾਂ ਲਈ ਇਹ ਬਖ਼ਸ਼ਿਸ਼ ਚਾਹੁੰਦੇ ਸਨ। "**ਖੱਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਂਝਾ। ਗੁਰਮੁਖਿ ਨਾਮੁ ਜਪੈ ਸੁ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ**" (ਪੰਨਾ ੭੪੭) ਇਸ ਲਈ ਜੋ ਉਹਨਾਂ ਨੇ ਪਹਿਲਾਂ ਉਸ ਨਾਮ ਰਾਹੀਂ ਪ੍ਰਾਪਤੀ ਕੀਤੀ ਉਹ ਕਿਸੇ ਕੋਲੋਂ ਲੁਕੀ ਛਿਪੀ ਨਹੀਂ ਤੇ ਜੋ ਬਿਲਕੁਲ ਸਾਇੰਸ ਦੀ ਕਸੌਟੀ ਉਪਰ ਪੂਰੀ ਉਤਰਦੀ ਹੈ। ਉਹਨਾਂ ਨੇ ਪ੍ਰਮਾਤਮਾ ਦੀਆਂ ਇਕ ਜਾਂ ਦੋ ਝਲਕਾਂ ਦੇਖ ਕੇ ਹੀ ਨਹੀਂ ਕਹਿ ਦਿੱਤਾ ਕਿ ਪ੍ਰਮਾਤਮਾ ਦਾ ਗਿਆਨ ਜਾਂ ਪ੍ਰਾਪਤੀ ਹੋ ਗਈ ਹੈ। ਉਹ ਪ੍ਰਮਾਤਮਾ ਦਾ ਅਨੰਤ ਤੱਕ ਦੇਖਕੇ ਐਸਾ ਵਿਸਮਾਦ ਵਿਚ ਆਏ ਕਿ ਜਿਥੇ ਉਹਨਾਂ ਨੇ ਇਹਨਾਂ ਸਾਇੰਸਦਾਨਾਂ ਦੀ ਖੋਜ ਤੋਂ ਕਾਫੀ ਪਹਿਲਾਂ ਲੱਖਾਂ ਪਾਤਾਲਾਂ ਤੇ ਆਕਾਸ਼ਾਂ, ਕਿਤਨੇ ਹੀ ਚੰਦਾਂ, ਸੂਰਜਾਂ, ਮੰਡਲਾਂ ਤੇ ਉਹਨਾਂ ਸੱਭ ਦਾ ਪ੍ਰਮਾਤਮਾ ਦੇ ਭੈ, ਹੁਕਮ ਵਿਚ ਕੋਹਾਂ ਕਰੋੜੀਂ ਮੀਲਾਂ ਘੁੰਮਦੇ ਫਿਰਨਾ ਦੱਸਿਆ, ਉਥੇ ਪ੍ਰਮਾਤਮਾ ਵਲੋਂ ਪਹਿਲਾਂ ਗੈਸ ਪੈਦਾ ਕਰਨਾ, ਫਿਰ ਪਾਣੀ ਤੇ ਸਾਰੇ ਸੰਸਾਰ ਦੀ ਉਤਪਤੀ ਕਰਕੇ ਉਸ ਵਿਚ ਆਪਣੀ ਜੋਤ ਰੱਖਣ ਬਾਰੇ ਦੱਸ ਕੇ (Evolution Theory) ਬਾਰੇ ਦੱਸਿਆ ਪਰ ਧਰਮ ਤੇ ਨਿਰਭਰ ਸਿਧਾਂਤ ਮੁਤਾਬਕ, ਭਾਵ ਜਿਦਾਂ ਦੇ ਬੰਦਾ ਕੰਮ ਕਰੇਗਾ, ਉਸ ਤਰ੍ਹਾਂ ਮਾੜੀ ਜਾਂ ਚੰਗੀ ਤੇ ਨੀਵੀਂ ਜੂਨ ਵਿਚ ਜੰਮੇ ਗਾ ਤੇ ਕੀੜੇ ਮਕੌੜੇ ਆਦਿ ਦੀਆਂ ਜੂਨਾਂ ਭੋਗਦਾ ਹੌਲੀ ਹੌਲੀ ਬੰਦੇ ਦੀ ਜੂਨ ਵਿਚ ਆਉਣ ਦਾ ਸੁਭਾਗ ਪ੍ਰਾਪਤ ਕਰੇਗਾ– ਭਾਵ ਕਰਨੀ


www.AKJ.Org

ਪ੍ਰਧਾਨ ਹੈ, ਸੱਭ ਲਈ।

ਇਥੇ ਹੀ ਬੱਸ ਨਹੀਂ, ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਦੀਆਂ ਅਨੇਕਾਂ ਸ਼ਕਤੀਆਂ, ਗੁਣਾਂ, ਕੌਤਕਾਂ ਆਦਿ ਰਾਹੀਂ ਪ੍ਰਮਾਤਮਾ ਦੀ ਇਕਮਿਕਤਾ ਵਾਲੀ ਨੇੜਤਾ ਪ੍ਰਾਪਤ ਕਰ ਲਈ ਤਾਂ ਉਹ ਅਸਚਰਜ ਤੇ ਵਿਸਮਾਦ ਵਿਚ ਆ ਕੇ ਪੁਕਾਰ ਉਠੇ 'ਵਾਹ ਖਸਮ ਤੂੰ ਵਾਹ।' ਕਿਉਂਕਿ ਪ੍ਰਮਾਤਮਾ ਐਸੀ ਚੀਜ਼ ਨਹੀਂ ਜਿਸਨੂੰ ਸਾਰੇ ਦਾ ਸਾਰਾ ਜਾਣਿਆਂ ਜਾ ਸਕਦਾ ਹੈ। ਜਿਸ ਚੀਜ਼ ਨੂੰ ਅਸੀਂ ਸਾਰੀ ਜਾਣ ਲਵਾਂਗੇ ਉਹ ਤਾਂ ਸਾਥੋਂ ਛੋਟੀ ਹੋ ਗਈ ਪਰ ਉਹ ਤਾਂ 'ਬਹੁਤਾ ਕਹੀਏ ਬਹੁਤਾ ਹੋਏ' ਵਾਂਗ ਹੈ। ਸੋ ਗੁਰੂ ਨਾਨਕ ਨੇ ਪ੍ਰਮਾਤਮਾ ਨੂੰ ਖਸਮ, ਮਾਲਕ, ਕਰਕੇ ਜੋ ਉਹਨਾਂ ਦਾ ਗੁਰੂ ਸੀ '**ਆਦਿ ਅੰਤ ਏਕੈ ਅਵਤਾਰਾ – ਸੋਇ ਗੁਰੂ ਸਮਝੀਓ ਹਮਾਰਾ।**' ਵਾਹਿ, ਵਾਹਿ ਕਹਿ ਕੇ ਪੁਕਾਰਿਆ।' ਭਾਵ ਹੇ ਮੇਰੇ ਮਾਲਕ ਗੁਰੂ ਤੂੰ ਵਾਹਿ ਹੈਂ' ਤੇ ਗੁਰਮੰਤਰ ਵਾਹਿਗੁਰੂ ਦੀ ਆਪ ਪ੍ਰਾਪਤੀ ਕਰਕੇ ਸਭ ਨੂੰ ਇਸ ਗੁਰਮੰਤਰ ਨਾਲ ਜੋੜਨ ਲਈ ਬੜੀ ਉੱਚੀ ਹੋਕਾ ਦਿੱਤਾ ਤਾਂ ਜੋ ਰੋਗੀ ਸੰਸਾਰ ਦਾ ਇਸ ਗੁਰਮੰਤਰ ਰਾਹੀਂ ਹਰ ਤਰ੍ਹਾਂ ਦਾ ਰੋਗ ਦੂਰ ਹੋ ਸਕੇ।

ਗੁਰੂ ਜੀ ਇਹ 'ਵਾਹਿਗੁਰੂ' ਨਾਮ ਦੇ ਸਿਮਰਨ ਨਾਲ ਐਸੇ ਵਿਸਮਾਦੀ ਰੂਪ ਰਾਹੀਂ ਪ੍ਰਮਾਤਮਾ , ਗੋਬਿੰਦ ਰੂਪ ਹੀ ਹੋ ਗਏ। ਸਿਰਫ਼ ਆਪ ਹੀ ਨਹੀਂ ਜਿਹੜਾ ਵੀ ਦਿਲੋਂ ਕਰਕੇ ਗੁਰੂ ਨਾਨਕ ਦੇਵ ਜੀ ਦੇ ਗੁਰਮੰਤਰ ਨਾਲ ਜੁੜ ਗਿਆ, ਉਸ ਨੂੰ ਭੀ ਗੁਰੂ ਸਾਹਿਬ ਨੇ ਆਪਣਾ ਰੂਪ ਬਣਾ ਲਿਆ ਜਿਵੇਂ, ਭਾਈ ਮਰਦਾਨਾ, ਭਾਈ ਲਾਲੋ, ਸ੍ਰੀ ਲਹਿਣਾ ਜੀ, ਇਹ ਹੀ ਨਹੀਂ ਸੱਜਣ ਠੱਗ, ਕੌਡੇ ਰਾਕਸ਼ ਵਰਗੇ ਭੀ ਇਹ ਰੂਪ ਹੀ ਹੋ ਗਏ ਤੇ ਉਹਨਾਂ ਵਿਚੋਂ ਸ੍ਰੀ ਲਹਿਣਾ ਜੀ ਨੂੰ ਆਖਰ ਆਪਣਾ ਅਸਲੀ ਰੂਪ ਦੇ ਕੇ ਉਸ ਦੇ ਪੈਰਾਂ ਤੇ ਆਪਣਾ ਸਿਰ ਰੱਖ ਦਿੱਤਾ ਅਤੇ ਗੁਰੂ ਬਣਾ ਦਿੱਤਾ ਤੇ ਇਸ ਤਰ੍ਹਾਂ ਇਹ ਦਸਵੇ ਨਾਨਕ ਗੁਰੂ ਗੋਬਿੰਦ ਸਿੰਘ ਜੀ ਤੱਕ ਚਲਦਾ ਰਿਹਾ ਜਦ ਕਿ ਉਹਨਾਂ ਨੇ ਫਿਰ ਇਕ ਦੀ ਥਾਂ ਆਪਾ ਭਾਵ ਮਿਟਾਉਣ ਵਾਲੇ ਪੰਜਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਬਿਆ ਉਹੀ ਜੋਤਿ ਰੱਖ ਦਿੱਤੀ ਤੇ ਇਸ 'ਵਾਹਿਗੁਰੂ' ਨਾਮ ਨਾਲ ਜੁੜਾ ਕੇ ਇਸ ਦੀ ਕਮਾਈ ਕਰਨ ਵਾਲੇ ਖ਼ਾਲਸੇ ਨੂੰ ਜ਼ੁਲਮ ਜਬਰ ਦਾ ਟਾਕਰਾ ਕਰਨ ਤੇ ਸੰਤ ਰੂਪ ਸਹਿਨਸ਼ੀਲਤਾ ਧਾਰ ਕੇ ਪ੍ਰਮਾਤਮਾ ਦੇ ਚਰਨ ਕਮਲਾਂ ਦੇ ਭੌਰੇ ਬਣਾ ਦਿੱਤਾ।

ਠੀਕ ਹੈ, ਮੀਰਾਂ ਬਾਈ, ਬੀਬੀ ਰਾਬੀਆ, ਸ਼ਾਹ ਤਬਰੇਜ਼, ਮਨਸੂਰ ਆਦਿ ਬੜੇ ਬਜ਼ੁਰਗ ਮਹਾਂਪੁਰਖ ਹੋਏ ਹਨ ਜਿਹਨਾਂ ਨੂੰ ਪ੍ਰਮਾਤਮਾ ਦੀ ਕਾਫ਼ੀ ਨੇੜਤਾ ਪ੍ਰਾਪਤ ਸੀ ਪਰ ਉਹਨਾਂ ਵਿਚੋਂ ਆਪਾ ਭਾਵ ਸਾਰੇ ਦਾ ਸਾਰਾ ਨਹੀਂ ਮਿੱਟ ਸਕਿਆ ਜਿਸ ਕਰਕੇ ਉਹ ਆਪਣੇ ਵਰਗੇ ਹੋਰ ਅਗਾਂਹ ਗੁਰੂ ਸਾਹਿਬਾਨ ਵਾਂਗ ਨਹੀਂ ਬਣਾ ਸਕੇ, ਕਿਉਂਕਿ ਪ੍ਰਮਾਤਮਾ ਦਾ ਲਖਾਇਕ ਕੋਈ ਖ਼ਾਸ ਨਾਮ ਹੋਣਾ ਚਾਹੀਦਾ ਹੈ ਜਿਸ ਵਿਚ ਉਹ ਸ਼ਕਤੀ ਜਿਸ ਦੇ ਜੱਪਣ ਨਾਲ ਸਿਰਫ਼ ਪ੍ਰਮਾਤਮਾ ਤੱਕ ਪਹੁੰਚ ਹੀ ਨਹੀਂ, ਸਗੋਂ ਉਸ ਤੋਂ ਅੱਗੇ ਹੋਰ ਭੀ ਉਸ ਤਰ੍ਹਾਂ ਦੇ ਗੁਰਮੁਖ ਤੇ ਮਹਾਂਪੁਰਖ ਪੈਦਾ ਹੁੰਦੇ ਰਹਿਣ। ਗੁਰੂ ਨਾਨਕ ਦੇਵ ਜੀ ਦਾ ਬਖ਼ਸ਼ਿਆ ਇਹ ਖਾਸ ਨਾਮ ਉਦੋਂ ਤੋਂ ਲੈ ਕੇ ਇਹ ਕੁਝ ਕਰਦਾ ਆ ਰਿਹਾ ਹੈ ਤੇ ਕਰਦਾ ਰਹੇਗਾ ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਸਿਰਫ ਇਕ ਫਿਰਕੇ ਲਈ ਹੀ ਨਹੀਂ ਚੌਹਾਂ ਵਰਨਾਂ ਨੂੰ ਸਾਂਝਾ ਉਦੇਸ਼ ਦੇ ਕੇ ਸੱਭ ਲਈ ਉੱਚੀ ਤੋਂ ਉੱਚੀ ਪ੍ਰਾਪਤੀ ਕਰਨ ਦਾ ਦਰ ਖੋਲ੍ਹ ਦਿੱਤਾ। ਇਸ ਵਿਸਮਾਦੀ ਸਤਿਨਾਮ ਤੋਂ ਕੋਈ ਭੀ ਆਪਣੇ ਧਰਮ ਵਿਚ ਰਹਿੰਦਾ ਹੋਇਆ ਭੀ ਲਾਭ ਉਠਾਉਂਦਾ ਰਿਹਾ ਹੈ ਤੇ ਉਠਾ ਸਕਦਾ ਹੈ। ਸਿੱਖ ਇਤਿਹਾਸ ਵਿਚ ਸਿੱਖਾਂ ਤੋਂ ਇਲਾਵਾ ਕਈ ਹਿੰਦੂ, ਮੁਸਲਮਾਨ ਸ਼ਰਧਾਲੂ ਵੀ ਹੋਏ ਹਨ ਜਿਹਨਾਂ ਨੇ ਇਸ ਨਾਮ ਦੀ ਬਰਕਤ ਗੁਰੂ ਸਾਹਿਬਾਂ ਦੀਆਂ ਖੁਸ਼ੀਆਂ ਰਾਹੀਂ ਰੱਬ ਜੀ ਦੀ ਨੇੜਤਾ ਮਾਣਦੇ ਹੋਏ ਮਾਨਵਤਾ ਤੋਂ ਆਪਣਾ ਆਪ ਨਿਛਾਵਰ ਤੱਕ ਵੀ ਕਰ ਦਿੱਤਾ ਤੇ ਕਈ ਗੁਣੀ ਗਿਆਨੀ ਇਸ ਨਾਮ ਦੀਆਂ ਬਰਕਤਾਂ ਦਾ ਫਾਇਦਾ ਉਠਾਉਂਦੇ ਮਿਲਦੇ ਹਨ ਜਿਹਨਾਂ ਇਹਨਾਂ ਦਿਨਾਂ ਵਿੱਚ ਅਡੋਲ ਰਹਿ ਕੇ ਰੱਬ ਜੀ ਨੂੰ ਹਾਜ਼ਰ ਨਾਜ਼ਰ ਸਮਝਕੇ ਅੱਖਾਂ ਤਕ ਕਢਵਾ ਲਈਆਂ, ਜ਼ੰਬੂਰਾਂ ਨਾਲ ਸਰੀਰ ਨੁਚਵਾ ਲਏ, ਅੰਗ ਅੰਗ ਕਟਵਾ ਲਏ ਆਦਿ।

ਪਰ ਇਹ ਸਭ ਕੁਛ ਕਿਉਂ, ਸਿਰਫ਼ ਪ੍ਰਮਾਤਮਾ ਦੀ ਨੇੜਤਾ ਹਾਸਲ ਕਰਨ ਲਈ ਨਹੀਂ। ਨਹੀਂ ਨਹੀਂ, ਇਸ ਨੇੜਤਾ ਤੇ ਟਿਕੇ ਰਹਿਣ, ਇਸ ਦੀ ਰਾਖੀ ਕਰਨ, ਇਸ ਨੇੜਤਾ ਨੂੰ ਭੰਗ ਕਰਨ ਵਾਲਿਆਂ ਦੇ ਨਕ ਨਕੇਲ ਪਾਕੇ ਜ਼ੋਰ ਜ਼ਬਰ ਦੀ ਥਾਂ ਆਮ ਖ਼ਲਕਤ ਨੂੰ ਰੱਬ ਜੀ ਦੀ ਪਿਆਰ ਨਾਲ ਪੈਦਾ ਕੀਤੀ ਫੁਲਵਾੜੀ ਸਮਝਕੇ ਇਸ ਦੀ ਰਾਖੀ ਕਰਨ ਦਾ ਰਾਹ ਵਿਖਾਲਣ ਤੇ ਵਹਿਮਾਂ ਭਰਮਾਂ ਵਿਚੋਂ ਕੱਢਕੇ ਅਸਲੀ ਧਰਮ ਦੀ ਪਗਡੰਡੀ ਤੇ ਚਲਕੇ "ਇਸ ਜੱਗ ਨੂੰ ਜੋ ਸੱਚੇ ਦੀ ਕੋਠੜੀ ਹੈ" ਸਵਰਗ ਆਪਣੇ ਲਈ ਤੇ ਹੋਰਨਾਂ ਲਈ ਬਣਾਉਣ ਲਈ।

---

# ਗੁਰੂ ਕੇ ਲੰਗਰ ਦੀ ਸੇਵਾ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪਣੀ ਪੁਸਤਕ 'ਗੁਰਮਤਿ ਬਿਬੇਕ' ਵਿੱਚ ਲਿਖਦੇ ਹਨ ਕਿ ਅੰਮ੍ਰਿਤਧਾਰੀ ਨਾਮ-ਰਸੀਆਂ ਦਾ ਸਜਾਇਆ ਲੰਗਰ ਹੀ ਗੁਰੂ ਕਾ ਲੰਗਰ ਹੈ। ਗੁਰੂ ਘਰ ਵਿਖੇ ਜਨਮ ਲੈਣ (ਅੰਮ੍ਰਿਤ ਛਕਣ) ਸਮੇਂ ਦੇ ਦ੍ਰਿੜ੍ਹਾਏ ਹੁਕਮਾਂ ਦੀ ਕਮਾਈ ਵਾਲੀ ਰਹਿਤ ਰਹਿਣੀ ਤੋਂ ਰਹੇ ਹੋਏ (ਡਿੱਗੇ ਹੋਏ) ਤਨਖਾਹੀਆਂ ਨੂੰ ਗੁਰੂ ਕੇ ਲੰਗਰ ਦੀ ਸੇਵਾ ਦਾ ਅਧਿਕਾਰ ਨਹੀਂ ਜਦ ਤੀਕ ਉਹ ਤਨਖਾਹ ਨਾ ਬਖ਼ਸ਼ਾ ਲੈਣ ਅਤੇ ਉਹਨਾਂ ਦੀ ਲੰਗਰ ਦੀ ਸੇਵਾ ਹਿੱਤ ਤਿਆਰ-ਬਰ-ਤਿਆਰੀ ਦਾ ਅਰਦਾਸਾ ਨਾ ਸੁੱਧ ਜਾਵੇ।

"**ਲੰਗਰ ਚਲੈ ਗੁਰ ਸ਼ਬਦਿ**" (ਪੰਨਾ ੯੬੬)

ਨੂੰ ਮੁੱਖ ਰੱਖਦਿਆਂ ਸੰਗਤ ਵਿੱਚ ਪਾਠ, ਕਥਾ, ਕੀਰਤਨ ਆਦਿ ਅਰਥਾਤ ਗੁਰ-ਸ਼ਬਦ ਦਾ ਲੰਗਰ ਵਰਤਾਉਣ ਦਾ ਅਧਿਕਾਰੀ ਵੀ ਤਿਆਰ-ਬਰ-ਤਿਆਰ ਰਹਿਤ-ਰਹਿਣੀ ਵਿੱਚ ਪਰਪੱਕ ਗੁਰੂ ਕਾ ਸਿੱਖ ਹੀ ਹੈ। ਢਿੱਲੜ ਤੇ ਕੁਰਹਿਤੀਏ ਸਿੱਖ ਨੂੰ ਕੋਈ ਹੱਕ ਨਹੀਂ ਕਿ ਉਹ ਗੁਰ-ਸ਼ਬਦਿ ਦਾ ਲੰਗਰ ਭੁੰਚਾਉਣ ਦੀ ਸੇਵਾ ਕਰੇ

"ਜੋ ਪੂਰਨਿ ਧਰਮੀ ਗੁਰਮਤਿ-ਧਾਰੀ ਗੁਰੂ ਕਾ ਆਗਿਆਕਾਰੀ ਸਿੰਘ-ਸੁਜਾਨ ਹੋਵੇ ਸੋ ਕਰੇ ਗੁਰੂ ਕੇ ਲੰਗਰ ਦੀ ਸੇਵਾ।"

(ਪੰਨਾ ੧੬੪, ਗੁਰਮਤਿ ਬਿਬੇਕ)



www.AKJ.Org

# ਸੰਗਤ ਕੀਨੀ ਖਾਲਸਾ

(ਪ੍ਰੋ: ਜੋਗਿੰਦਰ ਸਿੰਘ, ਮੈਂਬਰ – ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ)

ਭਾਈ ਗੁਰਦਾਸ ਸਿੰਘ , ਗੁਰੂ ਗੋਬਿੰਦ ਸਿੰਘ, ਜੀ ਦੀ ਉਪਮਾ ਵਿੱਚ ਵਾਰ ,'ਵਾਰ ਸ੍ਰੀ ਭਗਾਉਤੀ ਜੀ ਕੀ ਪਾਤਸਾਹੀ 10', ਵਿਚ ਜਦੋਂ ਖਾਲਸੇ ਦੀ ਮਹਿਮਾ, ਖਾਲਸੇ ਦੇ ਤੇਜ–ਬੱਲ ਤੇ ਖਾਲਸੇ ਦੇ ਗੌਰਵ ਬਾਰੇ ਆਪਣੇ ਵਿਚਾਰ – ਅਨੁਭਵ ਪ੍ਰਗਟਾਂਦੇ ਹਨ, ਤਾਂ ਉਹ ਇਹ ਵੀ ਤੱਥ ਮੂਰਤੀਮਾਨ ਕਰ ਜਾਂਦੇ ਹਨ,ਕਿ ਦਸਮ ਪਾਤਸ਼ਾਹ ਨੇ ਜਿਸ ਨੂੰ 'ਖਾਲਸਾ' ਆਖਿਆ ਹੈ, ਉਹ 'ਸੰਗਤ' ਦਾ ਹੀ ਵਟਿਆ ਤੇ ਵਿਗਸਿਆ ਹੋਇਆ ਰੂਪ ਹੈ। ਸੰਗਤ ਤੇ ਖਾਲਸੇ ਦੀ ਮੂਲ ਤੇ ਅਧਿਆਤਮਿਕ ਵਿਸ਼ਵਾਸ਼ ਪ੍ਰੰਪਰਾ ਭਾਵੇਂ ਇੱਕੋ ਹੈ, ਪਰ ਸਰੂਪ ਤੇ ਆਦਰਸ਼ ਵਿੱਚ ਸਪੱਸ਼ਟ ਅੰਤਰ ਹੈ। ਅਸਲ ਵਿੱਚ ਇਹੀ ਵਿੱਲਖਣਤਾ ਖਾਲਸੇ ਨੂੰ 'ਨਿਆਰਾ' ਸਿੱਧ ਕਰਦੀ ਹੈ। ਨਿਆਰਾ ਸਰੂਪ ਗ੍ਰਿਹਣ ਕਰਕੇ ਵੀ ਜੇ 'ਖਾਲਸਾ' ਨਾਨਕ ਨਾਮ ਦੀ ਪ੍ਰਾਪਤੀ , ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਦੇ ਵਰਦਾਨ ਵਾਸਤੇ ਸੰਗਤ ਵਿੱਚ ਜੁੜਦਾ ਹੈ,ਤਾਂ ਸਪਸ਼ੱਟ ਹੈ ਕਿ 'ਖਾਲਸਾ' ਬਣਨ ਵਾਸਤੇ ਜਾਂ ਖਾਲਸਈ ਤੇਜ਼ ਵਿੱਚ ਜਿਉਣ ਲਈ 'ਖਾਲਸਾ' ਆਪਣਾ ਵਾਸ 'ਸੰਗਤ' ਵਿੱਚ ਰੱਖੇ।

'ਸੰਗਤ' ਦਾ ਜੋ ਸੰਕਲਪ ਗੁਰਬਾਣੀ ਵਿਚੋਂ ਰੂਪਮਾਨ ਹੋਇਆ ਹੈ, ਉਸ ਦਾ ਪ੍ਰਥੱਮ ਸਰੂਪ ਇਹੀ ਹੈ, ਕਿ 'ਕਿ ਸੰਗਤ' ਹਮੇਸ਼ਾਂ ਉਹੀ ਹੋ ਸਕਦੀ ਹੈ, ਜਿਸ ਦਾ ਵਿਸ਼ਵਾਸ਼, ਵਿਚਾਰ–ਅਨੁਭਵ ਤੇ ਆਦਰਸ਼ 'ਪ੍ਰਭੂ' ਦੁਆਲੇ ਕੇਂਦਰਿਤ ਹੈ। ਜੋ ਸੰਗਤ ਦੀ ਸੁਰਤਿ, ਸੋਚਣੀ, ਆਚਾਰ ਤੇ ਆਦਰਸ਼ 'ਪ੍ਰਭੂ–ਕੀਮਤਾਂ' ਨੂੰ ਉਤਾਰਨ ਵਾਲਾ ਨਹੀਂ, ਨਿਸਚੇ ਹੀ ਉਹ 'ਸੰਗਤ' ਨਹੀਂ, ਐਵੇਂ ਸੰਸਾਰੀ ਮਨੁੱਖਾਂ ਦਾ ਇਕ ਇਕੱਠ ਹੈ। ਸੰਗਤ–ਸਿਰਜਨਾ ਲਈ ਹਉਮੈਂ, ਭਰਮ–ਭਉ, ਤੇ ਦਵੈਤ–ਦੁਬਿਧਾ ਤੋਂ ਮੁਕਤ ਹੋ ਕੇ, ਸਮਾਜਕ ਸੱਤਾ ਉੱਤੇ ਬਰਾਬਰ ਬੈਠਨਾ ਪੈਂਦਾ ਹੈ। ਬਰਾਬਰਤਾ ਜਾਂ ਸਮਾਨਤਾ ਦੇ ਭਾਵ–ਜਗਤ ਵਿਚ ਕੁਲ–ਕ੍ਰਿਤ, ਅਮੀਰ–ਗਰੀਬ, ਜਾਤਿ–ਪਤਿ ਤੇ ਉਚੇ–ਨੀਵੇਂ ਦਾ ਕੋਈ ਵੀ ਵਿਤਕਰਾ ਸਵੀਕਾਰ ਨਹੀਂ ਕੀਤਾ ਜਾਂਦਾ। ਸ਼ਾਇਦ ਇਹੀ ਕਾਰਨ ਹੈ ਕਿ ਗੁਰਸਿਖਾਂ ਦੀਆਂ ਸੰਗਤਾਂ ਵਿਚ ਵਿਤਕਰੇ ਦੇ ਕਿਸੇ ਵੀ ਅੰਸ਼ ਨੂੰ ਕਦੀ ਵੀ ਮਾਨਤਾ ਪ੍ਰਾਪਤ ਨਹੀਂ ਹੋਈ।

ਸੰਗਤ–ਸਿਰਜਨਾ ਦੀ ਮੂਲ ਬਿਰਤੀ 'ਧਰਮ' ਵਾਲੀ ਹੈ। ਦੋ ਜਾਂ ਦੋ ਤੋਂ ਵੱਧ ਧਰਮੀ ਸਿੱਖ ਜਿਥੇ ਵੀ ਜੁੜ ਕੇ ਬੈਠਣ, ਉਹ ਇਕ ਤਰ੍ਹਾਂ ਦੀ ਸੰਗਤ–ਸਿਰਜਨਾ ਕਰ ਰਹੇ ਹਨ। ਜਦੋਂ ਗੁਰਬਾਣੀ ਵਿਚ ਸਾਧ ਸੰਗਤ, ਸਤਿ–ਸੰਗਤ, ਸੁਸੰਗਤਿ ਤੇ ਸਾਧ–ਸੰਗ ਦੇ ਸ਼ਬਦ ਵਰਤੇ ਜਾਂਦੇ ਹਨ, ਤਾਂ 'ਸਾਧ' ਤੇ 'ਸਤਿ' ਪੱਦ ਧਰਮ ਤੇ ਧਰਮੀ ਦੇ ਪ੍ਰਤੀਕ ਹਨ। ਜਦੋਂ ਗੁਰੂ ਰਮਦਾਸ ਜੀ 'ਸੰਗਤਿ' ਵਿਚ ਜੁੜ ਬੈਠਣ ਦਾ ਫਲ ਦਰਸਾਂਦੇ ਹਨ:

**"ਜਨਮ ਜਨਮ ਕੀ ਹਉਮੈ ਮਲੁ ਲਾਗੀ**
**ਮਿਲਿ ਸੰਗਤਿ ਮਲੁ ਲਹਿ ਜਾਵੇਗੋ।।" (ਪੰਨਾ ੧੩੦੯)**

ਤਾਂ ਸਪਸ਼ਟ ਹੈ, ਕਿ ਸੰਗਤ ਵਿਚ ਧਰਮ–ਸਮਰੱਥਾ ਹੈ। ਜਿਥੇ ਧਰਮ–ਸਮਰੱਥਾ ਹੈ, ਉਥੇ ਹਉਮੈਂ ਦੀ ਮਲੁ ਦਾ ਕੋਈ ਮਹੱਤਵ ਨਹੀਂ। ਧਰਮ ਤੇ ਹਉਮੈਂ ਦਾ ਤਾਂ ਕਦੀ ਜੋੜ ਹੋਇਆ ਹੀ ਨਹੀਂ। ਧਰਮ ਵਿਚ ਪ੍ਰਥੱਮਤਾ ਹਮੇਸ਼ਾਂ 'ਨਾਮ' ਦੀ ਰਹੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਦੋਂ ਸੰਗਤ ਦਾ ਸੰਕਲਪ ਨਿਸਚਿਤ ਕੀਤਾ ਤਾਂ ਉਹਨਾਂ ਨੇ ਪੂਰੀ ਤਰ੍ਹਾਂ ਸਪਸ਼ਟ ਕਰ ਦਿੱਤਾ ਕਿ ਸੰਗਤ ਉਹੀ ਹੈ, ਜਿਥੇ 'ਪ੍ਰਭੂ' ਨਾਮ ਦੀ ਮਹਿਮਾ ਦਾ ਵਖਾਣ ਜਾਂ ਗਾਇਨ ਕੀਤਾ ਜਾਂਦਾ ਹੈ:–

**"ਸਤਿ ਸੰਗਤਿ ਕੈਸੀ ਜਾਣੀਐ ਜਿਥੇ ਏਕੋ ਨਾਮ ਵਖਾਣੀਐ।"** (ਪੰਨਾ ੭੨)

ਨਾਮ ਤੇ ਧਰਮ ਦੇ ਆਚਾਰ ਵਿੱਚ ਕੋਈ ਭਿੰਨ ਭੇਦ ਨਹੀਂ। 'ਨਾਮ' ਧਰਮ–ਸਮਰੱਥਾ ਨੂੰ ਉਜਾਗਰ ਕਰਦਾ ਹੈ ਤੇ 'ਧਰਮ–ਸਮਰੱਥਾ' ਸੰਗਤ ਨੂੰ ਚੜ੍ਹਦੀ ਕਲਾ ਪ੍ਰਦਾਨ ਕਰਦੀ ਹੈ। 'ਪ੍ਰਭੂ' ਨੂੰ ਇਸ਼ਟ–ਆਸਰਾ ਜਾਂ ਕੇਂਦਰ ਬਿੰਦੂ ਮੰਨ ਕੇ ਕੀਤੀ ਅਧਿਆਤਮਕ ਸਾਧਨਾ ਦਾ ਵੱਡਾ ਆਦਰਸ਼. ਸੰਗਤ–ਸਿਰਜਨਾ ਦਾ ਹੀ ਹੈ। ਕਿਉਂਕਿ ਵਿਅਕਤੀਗਤ ਤੇ ਸਮਾਜਕ ਜਲਨ ਬੁਝਾਣ ਵਿਚ ਜੋ ਯੋਗਦਾਨ ਸਤਿਸੰਗਤ ਜਾਂ ਸਾਧ–ਸੰਗਤ ਪਾ ਸਕਦੀ ਹੈ, ਅਜਿਹਾ ਯੋਗਦਾਨ ਕੋਈ ਹੋਰ ਸੰਘ ਨਹੀਂ ਪਾ ਸਕਦਾ। ਗੁਰੂ ਅਰਜਨ ਪਾਤਿਸ਼ਾਹ 'ਸੰਗਤਿ' ਦਾ ਮਹੱਤਵ ਇਸੇ ਭਾਵ ਤੋਂ ਹੀ ਪ੍ਰਗਟਾਂਦੇ ਹਨ:–

**"ਦੀਨ ਦਇਆਲ ਕਿਰਪਾਲ ਪ੍ਰਭ ਨਾਨਕ**
**ਸਾਧ ਸੰਗਿ ਮੇਰੀ ਜਲਨਿ ਬੁਝਾਈ।"** (ਪੰਨਾ ੨੦੪)

ਅਰਥਾਤ ਧਰਮੀਆਂ ਦੀ ਸੰਗਤ 'ਵਿਸੁ' ਭਰੇ ਸੰਸਾਰ ਦੀ ਜਲਨਿ ਜਾਂ ਅਗਨਿ ਬੁਝਾਣ ਵਿਚ ਸਭ ਤੋਂ ਵੱਧ ਸਹਾਇਕ ਹੁੰਦੀ ਹੈ।

'ਧਰਮ' ਦਾ ਆਚਾਰ ਤੇ ਸਰੂਪ ਨਿਰੰਤਰ ੨੩੯ ਸਾਲ ਗੁਰੂ ਜੋਤਿ ਨੇ ਜੋ ਪ੍ਰਗਟਾਇਆ ਅਤੇ ਪ੍ਰਵਾਨ ਕੀਤਾ ਹੈ, ਉਹ ਸੁਧ ਰੂਪ ਵਿਚ ਅਧਿਆਤਮਕ ਹੈ ਤੇ ਉਸਦਾ ਉਜਿਆਰਾ ਪੱਖ ਨਿਰੋਲ ਗਿਆਨਮਈ ਹੈ। ਧਰਮ–ਜਗਤ ਵਿਚ ਨਿਰਾਰਥਿਕ ਕ੍ਰਿਆਚਾਰ, ਸੰਪਰਦਾਇਕ ਭਾਵਨਾ, ਪ੍ਰਚੱਲਤ ਰਸਮਾਂ, ਰੀਤਾਂ ਤੇ ਕਰਮਕਾਂਡ ਨੂੰ ਤਾਂ ਗੁਰੂ ਸਾਹਿਬ ਨੇ ਧਰਮ ਜਾਂ ਧਰਮ ਦੇ ਅੰਗ ਸਵੀਕਾਰ ਕੀਤਾ ਹੀ ਨਹੀਂ। ਧਰਮ ਦਾ ਸੰਬੰਧ ਗੁਰੂ ਸਾਹਿਬਾਂ ਨੇ ਸਿੱਧਾ ਆਤਮ–ਬੋਧ ਜਾਂ ਆਤਮ–ਜਾਗ੍ਰਿਤੀ ਨਾਲ ਜੋੜਿਆ ਹੈ। ਗੁਰੂ ਬਾਣੀ ਤੇ ਗੁਰੂ ਧਰਮ ਦਾ ਵੱਡਾ ਮੰਤਵ ਵੀ ਸਿੱਖ ਦੇ ਅਨੁਭਵ, ਬੁਧਿ ਤੇ ਕਰਮ ਨੂੰ ਬਿਬੇਕਸ਼ੀਲ ਜਾਂ ਅਧਿਆਤਮਿਕ ਗਿਆਨ ਵਾਲਾ, ਭਿੱਜੀ ਤੇ ਸ਼ਿਗਾਰੀ ਸਿੱਖ–ਆਤਮਾ ਸਦਾ ਸਹਿਜ ਵਿਚ ਵਿਚਰਦੀ ਹੈ। ਸਹਿਜ ਮੰਡਲ ਵਿਚ ਮੋਹ ਤੇ ਸਹਸਾ ਬਿਲਕੱਲ ਨਹੀਂ ਹੁੰਦਾ, ਕੇਵਲ ਆਨੰਦ ਤੇ ਅੰਮ੍ਰਿਤ ਦੀ ਪ੍ਰਧਾਨਤਾ ਦਾ ਹੀ ਪਸਾਰ ਹੁੰਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਧਰਮੀਆਂ ਦੀ ਸੰਗਤ ਵਿਚ ਜਿਹੜਾ ਵੀ ਜੁੜ ਬੈਠਦਾ ਹੈ, ਉਹ ਅਨੰਦਪੁਰ ਦਾ ਵਾਸੀ ਬਣ ਜਾਂਦਾ ਹੈ ਤੇ ਅੰਮ੍ਰਿਤ ਨਾਲ ਆਪਣਾ ਮਨ ਤੇ ਤਨ, ਮਤਿ ਤੇ ਬੁਧਿ, ਕਰਮ ਤੇ ਅਮਲ ਅਕਾਲ ਰੂਪ ਵਰਗਾ ਸਿਰਜ ਲੈਂਦਾ ਹੈ। ਅਕਾਲ ਰੂਪ ਹੋਣ ਦਾ ਭਾਵ–ਆਦਰਸ਼ ਹੈ ਕਿ 'ਸਿੱਖ' ਸਮੇਂ ਦੀਆਂ ਬਦਲਦੀਆਂ ਕੀਮਤਾਂ ਤੋਂ ਮੁਕਤ ਹੋਵੇ ਤੇ ਆਪਣੇ ਆਦਰਸ਼ ਦੀ ਪ੍ਰਾਪਤੀ ਵਾਸਤੇ ਭੈ ਤੇ ਪ੍ਰਾਧੀਨਤਾ ਤੋਂ ਬਿਲਕੁੱਲ ਆਜ਼ਾਦ ਹੋਵੇ। 'ਖਾਲਸੇ' ਨੂੰ ਕਾਲ ਦੀ ਹਰ ਕੀਮਤ ਤੋਂ ਮੁਕਤਿ ਰੱਖ ਕੇ, ਗੁਰੂ ਗੋਬਿੰਦ ਸਿੰਘ ਜੀ ਨੇ ਨਿਰੋਲ ਤੇ ਸ਼ੁੱਧ ਰੂਪ ਵਿਚ ਆਪਣੇ ਵਰਗਾ ਸਾਜਿਆ ਹੈ। ਖਾਲਸਾ


www.AKJ.Org

ਸਾਜਿਆ ਗਿਆ ਹੈ, ਥਾਪਿਆ ਗਿਆ ਨਹੀਂ। ਜਿਵੇਂ 'ਪ੍ਰਭੂ' ਦਾ ਕੋਈ ਸਥਾਪਿਤ ਰੂਪ ਨਹੀਂ, ਇਸੇ ਤਰ੍ਹਾਂ ਖਾਲਸਾ ਵੀ ਸਮਾਂ ਸਥਾਨ ਦੀ ਸੀਮਾ ਵਿਚ ਸਥਾਪਿਤ ਨਹੀਂ। ਜਿਥੇ ਜਿਥੇ ਵੀ ਖਾਲਸਾ ਹੈ, ਉਹ ਆਪਣਿਆਂ ਨੂੰ ਪ੍ਰਭੂ ਦੀ ਹੀ ਮੌਜ ਤੇ ਫੌਜ ਮੰਨਦਾ ਹੈ। ਪ੍ਰਭੂ ਫੌਜ ਦਾ ਅਧਿਆਤਮਿਕ ਰੂਪ 'ਸੰਗਤ' ਹੈ।

ਸੰਗਤ ਤੇ ਖਾਲਸਾ ਵਿਚ ਭਾਵੇਂ ਅਧਿਆਤਮਿਕ ਪੱਖੋਂ ਕੋਈ ਅੰਤਰ ਨਹੀਂ, ਪਰ ਸੰਗਤਿ ਆਪਣੇ ਆਪ ਵਿਚ ਕਿਸੇ ਤਰ੍ਹਾਂ ਵੀ ਖਾਲਸਾ ਨਹੀਂ। ਜਦੋਂ ਭਾਈ ਗੁਰਦਾਸ ਸਿੰਘ ਜੀ ਆਖਦੇ ਹਨ ਕਿ 'ਸੰਗਤ ਕੀਨੀ ਖਾਲਸਾ' ਤਾਂ ਇਸ ਦਾ ਭਾਵ ਇਹ ਨਹੀਂ ਕਿ ਗੁਰੂ ਸਾਹਿਬ ਨੇ 'ਸੰਗਤਿ' ਨੂੰ ਹੀ 'ਖਾਲਸਾ' ਆਖਿਆ ਹੈ। ਇਸ ਤੁੱਕ ਦਾ ਭਾਵ ਇਹ ਹੈ, ਕਿ 'ਸੰਗਤ' ਦੀ ਅਧਿਆਤਮਿਕ ਪ੍ਰੰਪਰਾ ਨੂੰ ਸਥਿਰ ਰੱਖਦਿਆਂ, ਦਸਮ ਪਾਤਿਸ਼ਾਹ ਨੇ 'ਅੰਮ੍ਰਿਤ' ਪ੍ਰਦਾਨ ਕਰਕੇ ਜਿਥੇ ਸੰਗਤ ਨੂੰ ਇਕ ਨਿਆਰੇ, ਬਲਵਾਨ ਤੇ ਖਾਲਸਈ ਸਰੂਪ ਵਿਚ ਮੂਰਤੀਮਾਨ ਕੀਤਾ ਹੈ, ਉਥੇ ਖਾਲਸੇ ਦੇ ਸਮਾਜਕ ਤੇ ਰਾਜਸੀ ਆਦਰਸ਼ ਮਿਥ ਕੇ ਦਸਮ ਪਾਤਸ਼ਾਹ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ, ਕਿ 'ਖਾਲਸਾ' ਮੂਲ ਰੂਪ ਵਿਚ 'ਸੰਗਤ' ਦਾ ਹੀ ਵਟਿਆ ਰੂਪ ਹੈ, ਪਰ ਖਾਲਸਾ ਆਪਣੇ ਸਰੂਪ ਤੇ ਆਦਰਸ਼ਾਂ ਨਾਲ ਬਿਲਕੁੱਲ ਮੌਲਿਕ, ਸੁਤੰਤਰ ਤੇ ਮਨੁੱਖ ਦੇ ਧਾਰਮਿਕ, ਸਮਾਜਕ ਤੇ ਰਾਜਸੀ ਹਿਤਾਂ ਤੇ ਅਧਿਕਾਰਾਂ ਦੀ ਰਾਖੀ ਲਈ ਜੂਝ ਮਰਨ ਦੀ ਬਿਰਤੀ ਵੀ ਅਪਨਾਂਦਾ ਹੈ। ਸਰਦਾਰ ਕਪੂਰ ਸਿੰਘ ਜੀ ਨੇ ਆਪਣੇ ਇੱਕ ਲੇਖ 'ਗੁਰੂ ਗੋਬਿੰਦ ਸਿੰਘ' ਵਿਚ ਸੰਗਤ ਤੇ ਖਾਲਸੇ ਦੇ ਸਬੰਧਾਂ ਨੂੰ ਬੜੀ ਖੂਬਸੂਰਤੀ ਨਾਲ ਨਿਖੇੜਦਿਆਂ ਲਿਖਿਆ ਹੈ, "ਆਮ ਵਿਸ਼ਵਾਸ਼ ਹੈ, ਕਿ ਸਿੱਖ ਸੰਗਤ ਨੂੰ ਨਵਾਂ ਰੂਪ ਦੇ ਕੇ ਸੰਗਤ–ਸਥਾਨੀ 'ਖਾਲਸਾ' ਬਣਾਇਆ। 'ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ' ਪਰ 'ਖਾਲਸਾ' ਅਤੇ 'ਸਿਖ ਸੰਗਤਾਂ' ਇਕੋ ਅਰਥਾਂ ਵਾਲੇ ਦੇ ਸ਼ਬਦ ਨਹੀਂ। ਸੰਗਤ ਤਾਂ ਸਿੱਖਾਂ ਦੀ ਹੈ, ਉਨ੍ਹਾਂ ਧਰਮ–ਅਭਿਲਾਖੀਆਂ ਦਾ ਸਮਾਜ ਜੋ ਗੁਰੂ ਦੇ ਉਪਦੇਸ਼ਾਂ ਨੂੰ ਕਬੂਲਦੇ ਅਤੇ ਅਪਣਾਉਂਦੇ ਹਨ, ਤੇ ਇਉਂ ਉਹਨਾਂ ਦਾ ਰਿਸ਼ਤਾ ਗੁਰੂ ਨਾਲ ਸ਼ਰਧਾ ਤੇ ਨਿਸਚੇ ਦਾ ਹੈ।

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿਨਾਮੁ ਧਿਆਵੈ।** (ਪੰਨਾ ੩੦੫)

ਤਥਾ:–

**ਮਨੁ ਬੇਚੈ ਸਤਿਗੁਰ ਕੈ ਪਾਸਿ। ਤਿਸੁ ਸੇਵਕ ਕੇ ਕਾਰਜ ਰਾਸਿ।**

ਪਰ 'ਖਾਲਸਾ ਦੀ ਪਦਵੀ' ਸਿੱਖ ਦੀ ਪਦਵੀ ਨਾਲੋਂ ਭਿੰਨ ਤੇ ਉਚਤਰ ਹੈ।

**ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮੈ ਹਉ ਕਰੋ ਨਿਵਾਸ।**
**ਮੈ ਖਾਲਸੇ ਕੋ ਖਾਲਸਾ ਮੇਰੋ। ਓਤ ਪੋਤ ਸਾਗਰ ਬੂੰਦੇਰੋ।**

ਸਿੱਖ ਧਰਮ–ਪੰਥ ਦਾ ਪਾਂਧੀ ਹੈ ਅਤੇ ਖਾਲਸਾ ਉਸ ਸਮਾਜਕ ਅਤੇ ਰਾਜਸੀ ਪ੍ਰਬੰਧ ਸ਼ਾਸਨ ਦਾ ਸ੍ਰਿਸ਼ਟਾ, ਨਿਰਮਾਤਾ, ਸਥਾਪਿਤ ਕਰਨ ਵਾਲਾ ਅਤੇ ਉਸ ਪ੍ਰਬੰਧ–ਸ਼ਾਸਨ ਦੀ ਰੱਖਿਆ ਕਰਨ ਵਾਲਾ ਹੈ, ਜਿਸ ਸਮਾਜੀ ਅਤੇ ਰਾਜਸੀ ਨਿਜ਼ਾਮ ਵਿਚ ਸ਼ੁੱਧ ਅਤੇ ਸਨਾਤਨ ਧਰਮ ਜੀਵਿਆ ਤੇ ਪ੍ਰਚਾਰਿਆ ਜਾ ਸਕਦਾ ਹੈ।

ਨਿਸਚੇ ਹੀ 'ਖਾਲਸਾ' ਸੰਗਤ ਦਾ ਵਟਿਆ ਤੇ ਵਿਗਸਿਆ ਹੋਇਆ ਰੂਪ ਜ਼ਰੂਰ ਹੈ, ਪਰ 'ਸੰਗਤ' ਕਿਸੇ ਵੀ ਸਥਿਤੀ ਵਿਚ 'ਖਾਲਸਾ' ਨਹੀਂ ਅਖਵਾ ਸਕਦੀ।

# Meditating On Nam

(Jaspinder Singh, Canada)

## POWER OF THE NAM :

Just as one reaches the other side of a river by crossing over the bridge, meditating on God's Name- Nam, alone one may realise God. God is not a physical being, that can see or feel through sense organs . He reaches us only as a Word - ਸ਼ਬਦੁ. In the great world religions, God is said to be revealed to the Prophets only in the form of word, which has been preserved in holy scriptures for the guidance of the followers of faith. The experience of God is always said to be indescribable and inexpressible. Thus Nam is the medium to reach God and the experiences of a devotee only an internal and eternal joy of wonderous state.

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ।। ਸਾਵਧਾਨ ਏਕਾਗਰ ਚੀਤ।।**
**ਸੁਖਮਨੀ ਸਹਜ ਗੋਬਿੰਦ ਗੁਨ ਨਾਮ।। ਜਿਸੁ ਮਨਿ ਬਸੈ ਸੁ ਹੋਤ ਨਿਹਾਲ।।**
**ਸਰਬ ਇਛਾ ਤਾ ਕੀ ਪੂਰਨ ਹੋਇ।। ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ।।**
**ਸਭ ਤੇ ਊਚ ਪਾਏ ਅਸਥਾਨੁ।। ਬਹੁਰਿ ਨ ਹੋਵੈ ਆਵਨ ਜਾਨੁ।।**
**ਹਰਿ ਧਨੁ ਖਾਟਿ ਚਲੈ ਜਨੁ ਸੋਇ।। ਨਾਨਕ ਜਿਸਹਿ ਪਰਾਪਤਿ ਹੋਇ।।**

With mind awake, meditate on God, O Holy one. Lord's Nam is the depository of all happiness. The heart imbued with Nam is also the treasure - house. Such, a person's all desires are fulfilled and the receives honour everywhere. Not only he receives the highest honour in this World, but also gets liberation from cycle of birth and death. Only those who are tuned with Him, receive the Lord's Grace and deport from this World as the victors of the objective of God-Realisation.

God's ਸਤਿਨਾਮੁ - The Eternal Name to Meditate on is WAHEGURU - ਵਾਹਿਗੁਰੂ. It is described thus in Dasam Granth ( ਸੰਸਾਹਰ ਸੁਖਮਨਾ ਪਾਤਿਸ਼ਾਹੀ 10):

**ਵਾਹਗੁਰੁ ਜਪਤੇ ਸਭ ਕੋਈ। ਯਾਕਾ ਅਰਥ ਸਮਝੇ ਜਨ ਸੋਈ।**
**ਵਾਵਾ ਵਹੀ ਅਪਰ ਅਪਾਰ। ਹਾਹਾ ਹਿਰਦੇ ਹਰਿ ਵਿਚਾਰ।**
**ਗਗਾ ਗੋਬਿੰਦ ਸਿਮਰਨ ਕੀਨਾ। ਰਾਰਾ ਰਾਮ ਨਾਮ ਮਨਿ ਚੀਨਾ।**
**ਇਨ ਅਛਰਨ ਕਾ ਸਮਝਨਹਾਰ। ਰਾਖੈ ਦੁਬਿਧਾ ਨ ਹੋਇ ਖੁਆਰ।੧੬।**

ਵ (W) Stands for Limitless God. ਹ (H) is for thinking about God in one's heart. ਗ (G) is meditating on the All Preserver. ਰ (R) is identification of God as all

ਬਾਕੀ ਪੰਨਾ ੩੨ ਤੇ


www.AKJ.Org

# ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਵਿੱਚ

(ਸਤਨਾਮ ਸਿੰਘ ਐਡਵੋਕੇਟ, ਸ੍ਰੀ ਅੰਮ੍ਰਿਤਸਰ)

ਗੁਰੂ ਜੀ ਸ੍ਰੀ ਅੰਮ੍ਰਿਤਸਰ ਤੋਂ ਚਪਰਾ ਹੜਪੁਰ, ਸਿਆਲਕੋਟ, ਹਰਸਿਆਣਾ, ਗੜੋੜੀ, ਗਲੋਟੀਆਂ, ਵਜ਼ੀਰਾਬਾਦ, ਮੀਰਪੁਰ, ਭਿੰਬਰ, ਬਹਿਰਾਮ ਗਲਾ, ਮੁਗਲ ਰੋਡ ਤੋਂ ਸ਼ਾਹ ਜੀ ਮਾਰਗ, ਸਪੀਸਨ ਤੋਂ ਭਾਈ ਕਟੂਸ਼ਾਹ ਦੇ ਡੇਰੇ ਪਹੁੰਚੇ। ਗੁਰੂ ਜੀ ਜਦੋਂ ਸ੍ਰੀ ਨਗਰ ਦੇ ਇਲਾਕੇ ਵਿਖੇ ਗਏ ਤਾਂ ਕਿਅਲਰ ਤਹਿਸੀਲ ਪੁਲਵਾਮਾ ਵਿਖੇ ਭਾਈ ਕਟੂ ਸ਼ਾਹ ਦੇ ਡੇਰੇ ਪਹੁੰਚੇ, ਨੇੜੇ ਹੀ ਇਕ ਖੂਹ ਵਿਖੇ ਬੈਠੇ ਸਨ। ਭਾਈ ਕਟੂਸ਼ਾਹ ਗੁਰੂ ਜੀ ਦਾ ਸ਼ਰਧਾਲੂ ਸੇਵਕ ਅਤੇ ਪ੍ਰਚਾਰਕ ਬਣਕੇ ਪ੍ਰਚਾਰ ਕਰਨ ਲਗਾ। ਹੁਣ ਇਹ ਸਾਰਾ ਇਲਾਕਾ ਭਾਈ ਕਟੂ ਸ਼ਾਹ ਜੀ ਦੇ ਨਾਮ ਤੇ ਹੀ ਸ਼ਾਹ ਜੀ ਮਾਰਗ ਕਰਕੇ ਪ੍ਰਸਿੱਧ ਹੈ। ਸਾਲ ੧੯੭੮ ਈ: ਤੋਂ ਸੁੰਦਰ ਗੁਰਦੁਆਰਾ ਹੈ। ਵਿਸਾਖੀ ਨੂੰ ਭਾਰੀ ਰੌਣਕਾਂ ਹੁੰਦੀਆਂ ਹਨ। ਇਨ੍ਹਾਂ ਦਿਨਾਂ ਵਿਚ ਜਹਾਂਗੀਰ ਵੀ ਸ੍ਰੀ ਨਗਰ ਗਿਆ ਹੋਇਆ ਸੀ, ਗੁਰੂ ਜੀ ਇਸ ਦੇ ਨਾਲ ਹੀ ਸ਼ਿਕਾਰ ਖੇਡਣ ਲਈ ਜਾਇਆ ਕਰਦੇ ਸਨ। ਗੁਰੂ ਜੀ ਪਿੰਡ ਖਾਮਪੁਰ ਸਰਾਏ ਤਹਿਸੀਲ ਚਾਡੂਰਾ ਜਿਲ੍ਹਾ ਬਡਗਾਮ, ਜੋ ਸ੍ਰੀ ਨਗਰ ਤੋਂ ਚਰਾਰੇਸ਼ਰੀਫ ਰੋਡ ਤੋਂ ੨੫ ਕਿਲੋਮੀਟਰ ਮੁਗਲਸਰਾਏ ਰੋਡ ਤੇ ਹੈ। ਇੱਥੇ ਜਹਾਂਗੀਰ ਦੀ ਸਰਾਂ ਅਤੇ ਕਿਲ੍ਹਾ ਵੀ ਹੈ। ਗੁਰੂ ਜੀ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਸਿੰਘ ਸਭਾ ੧੯੮੨ ਵਿੱਚ ਬਣਾਇਆ ਗਿਆ।

ਗੁਰੂ ਜੀ ਦਾ ਸੇਵਕ ਭਾਈ ਮਾਧੋਦਾਸ ਕਾਠੀ ਦਰਵਾਜ਼ੇ, ਰੈਨਾਵਰੀ, ਦਰਗਾਹ ਹਜ਼ਰਤ ਬਲ ਦੇ ਨੇੜੇ ਸ੍ਰੀ ਅੰਮ੍ਰਿਤਸਰ ਵਿਖੇ ਰਹਿੰਦੇ ਸਨ। ਮਾਤਾ ਭਾਗ ਭਰੀ ਨੇ ਆਪਣੇ ਹੱਥੀਂ ਇਕ ਚੋਲਾ ਗੁਰੂ ਜੀ ਵਾਸਤੇ ਤਿਆਰ ਕੀਤਾ ਅਤੇ ਅਰਦਾਸ ਕੀਤੀ ਕਿ ਹੁਣ ਬਿਰਧ ਹੋਣ ਕਰਕੇ ਗੁਰੂ ਜੀ ਪਾਸ ਆਪ ਚੱਲ ਕੇ ਨਹੀਂ ਜਾ ਸਕਦੀ, ਸੋ ਗੁਰੂ ਜੀ ਆਪ ਚੱਲ ਕੇ ਬਿਰਧ ਮਾਤਾ ਨੂੰ ਦਰਸ਼ਨ ਦੇਣ ਅਤੇ ਤਿਆਰ ਕੀਤਾ ਹੋਇਆ ਚੋਲਾ ਸਵੀਕਾਰ ਕਰਕੇ ਪਹਿਨਣ। ਗੁਰੂ ਜੀ ਇਸ ਬਿਰਧ ਮਾਤਾ ਦੀ ਸ਼ਰਧਾ, ਇੱਛਾ, ਭਗਤੀ ਭਾਵਨਾ ਨੂੰ ਪੂਰਾ ਕਰਨ ਵਾਸਤੇ ਆਪ ਇਸ ਦੇ ਘਰ ਪਹੁੰਚ, ਚੋਲਾ ਪ੍ਰਵਾਨ ਕੀਤਾ, ਪਹਿਨਿਆ। ਬਿਰਧ ਮਾਤਾ ਜੀ ਅਕਾਲ ਚਲਾਣਾ ਕਰ ਗਏ, ਅੰਤਮ ਰਸਮਾਂ ਕੀਤੀਆਂ। ਇਨ੍ਹਾਂ ਦੇ ਪੁੱਤਰ ਸੇਵਾਦਾਸ ਨੂੰ ਦਸਤਾਰ ਬੰਦੀ ਕੀਤੀ, 'ਸੇਵਾ ਦਾਸ ਲਾਇ ਨਿਜ ਸੇਵ' ਆਪਣਾ ਮਸੰਦ ਪ੍ਰਚਾਰਕ ਥਾਪਿਆ। ਇਸ ਇਲਾਕੇ ਵਿਚ ਮੁਸਲਮਾਨਾਂ ਦੀ ਦਰਗਾਹ ਹਜ਼ਰਤ ਬਲ, ਗੁਰੂ ਕਾ ਬਾਗ ਅਤੇ ਕਿਲ੍ਹਾ ਹਰੀ ਪਰਬਤ ਵੀ ਇੱਥੇ ਹੀ ਹਨ। ਇਸ ਅਸਥਾਨ ਤੇ ਗੁਰਦੁਆਰੇ ਦੀ ਨਵੀਂ ਇਮਾਰਤ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਲੋਂ ਤਿਆਰ ਕਰਵਾਈ ਗਈ ਹੈ। ਗੁਰੂ ਜੀ ਦੀ ਯਾਦ ਵਿਚ ਇਕ ਖੂਹ ਹੈ। ਗੁਰੂ ਜੀ ਸ਼ਾਲੀਮਾਰ ਬਾਗ ਵਿਖੇ ਠਹਿਰੇ ਸਨ।

ਗੁਰੂ ਜੀ ਬਾਰਾਮੂਲਾ ਕਸਬਾ, ਰਾਘਾਟ, ਦਰਿਆ ਜਿਹਲਮ ਦੇ ਕੰਢੇ ਵਿਖੇ ਜਾ ਬੈਠੇ, ਸੰਗਤ ਰਾਸ਼ਾ ਵੱਲੋਂ ਸਬਜ਼ ਪੱਥਰ ਦਾ ਸੁੰਦਰ ਤਖਤ ਭੇਟਾ ਕੀਤਾ ਗਿਆ। ਗੁਰੂ ਜੀ ਇਸ ਤਖਤ ਤੇ ਬੈਠ ਕੇ ਸੰਗਤਾਂ ਨੂੰ ਨਾਮ ਬਾਣੀ ਦਾ ਉਪਦੇਸ਼ ਦਿੰਦੇ ਸਨ। ਗੁਰੂ ਜੀ ਇੱਥੇ ਸਿਕਾਰ ਖੇਡਣ ਅਤੇ ਘੋੜਸਵਾਰੀ ਦੀ ਸਿਖਲਾਈ ਵੀ ਦਿੰਦੇ ਸਨ ਅਤੇ ਇਸ ਅਸਥਾਨ ਤੇ ਚਨਾਰ ਦਾ ਬੂਟਾ ਲਗਾਇਆ ਸੀ। ਬਾਬਾ ਹਰਬੰਸ ਸਿੰਘ ਕਾਰ ਸੇਵਾ ਵੱਲੋਂ ਹੁਣ ਇਥੇ ਕੋਟਿ ਤੀਰਥ ਸੁੰਦਰ ਗੁਰਦੁਆਰਾ ਨਵੀਂ ਇਮਾਰਤ ਦੋ ਮੰਜਲਾਂ ਬਣਵਾ ਦਿੱਤੀ ਹੈ। ਦਰਿਆ ਜੇਹਲਮ ਦੇ ਦੂਸਰੇ ਪਾਸੇ ਵੱਲ ਹਿੰਦੂਆਂ ਦਾ ਇਕ ਮੰਦਰ ਕੋਟ ਤੀਰਥ ਹੈ। ਇਸ ਇਲਾਕੇ ਵਿੱਚ ਗਿਲਟੀ ਦੇ ਰੋਗੀਆਂ, ਪੀੜਤਾਂ ਦੀ ਸੇਵਾ ਕੀਤੀ।

ਗੁਰੂ ਜੀ ਬਾਰਾਮੂਲਾ ਤੋਂ ੧੧ ਕਿਲੋਮੀਟਰ ਤੇ ਸ਼ਿਕਾਰ ਖੇਡਦੇ ਸਿੰਘ ਪੁਰਾ ਕਲਾਨ ਤੋਂ ਦੱਖਣ ਵੱਲ ਕਲਮਪੁਰਾ ਵਿਖੇ ਠਹਿਰੇ। ਇਕ ਬੈਰਾਗੀ ਨਾਲ ਵਿਚਾਰਾਂ ਕੀਤੀਆਂ ਸਨ। ੧੯੩੧ ਤੋਂ ਇਕ ਸੁੰਦਰ ਥੜਾ, ਵੱਡੀ ਪਰਕਰਮਾ ਵਾਲਾ ਚਬੂਤਰਾ ਹੈ, ਹਫਤਾਵਾਰੀ ਦੀਵਾਨ ਸਜਦੇ ਹਨ। ਇਸ ਦੇ ਨੇੜੇ ਹੀ ਬਾਰਡਰ ਸਕਿਉਰਟੀ ਫੋਰਸ ਦਾ ਡੀ. ਆਈ. ਜੀ. ਹੈਡ ਕੁਆਰਟਰ ਹੈ। ਵਿਸਾਖੀ ਨੂੰ ਭਾਰੀ ਰੌਣਕਾ ਹੁੰਦੀਆਂ ਹਨ।

ਗੁਰੂ ਜੀ ਬਾਰਾਮੂਲਾ ਤੋਂ ਰਾਜਰਵਨੀ ਉੜੀ ਦੇ ਇਲਾਕੇ ਵਿੱਚ ਪਰਮ ਪੀਲਾ ਦੇ ਅਸਥਾਨ ਵੱਲ ਗਏ। ਇਹ ਇਲਾਕਾ ਮੁਲ ਸਰਾਏ ਹੰਕਾਰੀ ਪੀਰਾਂ ਦਾ ਇਲਾਕਾ ਕਰਕੇ ਪ੍ਰਸਿੱਧ ਸੀ। ਉਸ ਸਮੇ ਪੀਰ ਅਬਦੁਲ ਗਫੂਰ ਨੇ ਗੁਰੂ ਜੀ ਨੂੰ ਇਕ ਹਿੰਦੂ ਕਾਫਰ ਪੀਰ ਸਮਝ ਕੇ ਕਰੋਧ ਭਰਪੂਰ ਲਹਿਜੇ ਵਿੱਚ ਇਤਰਾਜ ਕਰਦੇ ਹੋਏ ਪੁਛਿਆ ਕਿ ਇਹ ਇਲਾਕਾ ਤਾਂ ਮੁਸਲਮਾਨ ਪੀਰਾਂ ਦੀ ਧਰਤੀ ਹੈ, ਤੁਸੀਂ ਇਸ ਇਲਾਕੇ ਵਿੱਚ ਕਿਉਂ ਆਏ ਹੋ? ਤਾਂ ਗੁਰੂ ਜੀ ਨੇ ਮੁਸਕਰਾ ਕੇ ਜਵਾਬ ਦਿੱਤਾ, ਇਹ ਸਾਰੀ ਧਰਤੀ ਵਾਹਿਗੁਰੂ ਦੀ ਹੈ, ਤੇਰੇ ਵਰਗੇ ਹੰਕਾਰੀ ਪੀਰਾਂ ਨੂੰ ਜੋ ਰੱਬ ਦੀ ਰਜ਼ਾ ਵਿੱਚ ਰੁਕਾਵਟ ਬਣਨ, ਰੱਬ ਦੇ ਬੰਦਿਆਂ ਨੂੰ ਨਫ਼ਰਤ ਕਰਨ, ਇਸ ਧਰਤੀ ਉਪਰ ਕੋਈ ਥਾਂ ਨਹੀਂ ਹੈ। ਗੁਰੂ ਜੀ ਦੇ ਬਚਨ ਅਟੱਲ ਹੋਏ। ਜਦੋਂ ਇਹ ਹੰਕਾਰੀ ਪੀਰ ਅਬਦੁਲ ਗਫੂਰ ਮਰ ਗਿਆ ਤਾਂ ਜਿਥੇ ਵੀ ਦਫ਼ਨ ਕਰਨ ਲਈ ਇਸ ਵਾਸਤੇ ਕਬਰ ਪੁਟਣ ਤਾਂ ਉਥੋਂ ਸਖਤ ਪੱਥਰ ਦੀ ਸਿੱਲਾ ਨਿਕਲ ਆਉਂਦੀ। ਅਖੀਰ ਇਸ ਦੀ ਲਾਸ਼ ਨੂੰ ਇਕ ਲੱਕੜ ਦੇ ਸੰਦੂਕ ਵਿੱਚ ਬੰਦ ਕਰਕੇ ਇਕ ਗੁੰਬਜ ਵਿੱਚ ਲਟਕਾ ਦਿੱਤਾ ਗਿਆ, ਜੋ ਹੁਣ ਤੱਕ ਲਟਕ ਰਿਹਾ ਹੈ, ਜੋ ਪਿੰਡ ਪੀਰਨੀਆਂ ਵਿਖੇ ਹੀ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਹੰਕਾਰੀ ਸਖੀ ਸਰਵਰੀਏ, ਸੁਲਤਾਨੀਏ, ਵਲੀ ਕੰਧਾਰੀ ਤੇ ਹੋਰਨਾਂ ਹੰਕਾਰੀ ਜੋਗੀਆਂ ਨਾਥਾਂ, ਸਿਧਾ ਦੇ ਦਿਮਾਗ ਦਰੁਸਤ ਕੀਤੇ ਸਨ। ਇਹਨਾਂ ਨੂੰ ਨੇਕ ਇਨਸਾਨ ਬਣਨ ਦੇ ਉਪਦੇਸ਼ ਦਿੱਤੇ ਸਨ। ਇਸੇ ਤਰ੍ਹਾਂ ਹੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ਼ਸ਼ਤਰਧਾਰੀ ਹੋ ਕੇ ਸਾਰੇ ਜ਼ਾਲਮਾਂ, ਹੰਕਾਰੀਆਂ ਦੀ ਸੁਧਾਈ ਕੀਤੀ ਸੀ। ਹਰ ਕਿਸੇ ਨੂੰ ਰੱਬ ਦੀ ਬੰਦਗੀ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਜੀ ਉੜੀ ਪਰਮਪੀਲਾ ਤੋਂ ਪਿੰਡ ਦੁਲਾਜਾ ਵਿਖੇ ਗਏ। ਇਹ ਲਾਲ ਪੁਲ ਜਾ ਕੇ ਇਕ ਪਹਾੜੀ ਹੈ। ਇਸ ਅਸਥਾਨ ਤੇ ੧੯੪੭ ਇਕ ਥੜਾ ਹੁੰਦਾ ਸੀ, ਸਾਲ ੧੯੯੫ ਤੋਂ ਗਿ: ਸੰਤ ਸਿੰਘ ਉਪਲਾਕਾ ਦੀ ਪ੍ਰੇਰਨਾ ਸਦਕਾ ਸਿੱਖ ਫੌਜੀਆਂ ਵਲੋਂ ਇਕ ਕਮਰਾ ਬਣਵਾ ਦਿੱਤਾ ਹੈ। ਇਸ ਅਸਥਾਨ ਤੇ ਗੁਰੂ ਜੀ ਦੇ ਘੋੜੇ ਦੇ ਖੁਰ ਵਾਲਾ ਪੱਥਰ ਮੌਜੂਦ ਹੈ, ਇਹ ਅਸਥਾਨ ਬਾਰਡਰ ਤੇ ਹੈ, ਸਿੱਖ ਫੌਜੀ ਹੀ ਪ੍ਰਬੰਧ ਕਰਦੇ ਹਨ।

ਬਾਕੀ ਪੰਨਾ ੨੭ ਤੇ



www.AKJ.Org

# ਵਾਰ ਮਾਰੂ ਡਖਣੇ (੧)

(ਭਾਈ ਜੋਗਿੰਦਰ ਸਿੰਘ ਤਲਵਾੜਾ)

ਇਸ ਵਾਰ ਦੀਆਂ ੨੩ ਪਉੜੀਆਂ ਹਨ। ਹਰੇਕ ਪਉੜੀ ਨਾਲ ਤਿੰਨ ਤਿੰਨ ਡਖਣੇ (ਸਲੋਕ) ਹਨ। ਸਾਰੇ ਡਖਣੇ ਲਹਿੰਦੀ ਪੰਜਾਬੀ ਭਾਸ਼ਾ ਵਿਚ ਹਨ। ਪਉੜੀਆਂ ਦੀ ਭਾਸ਼ਾ ਠੇਠ ਪੰਜਾਬੀ ਹੈ।

ਡਖਣੇ ਸਿੰਧੀ ਭਾਸ਼ਾਂ ਦਾ ਸ਼ਬਦ ਹੈ ਜਿਸ ਦਾ ਭਾਵ ਹੈ ਉਹ ਸਲੋਕ ਜਾਂ ਦੋਹੇ ਜੋ ਦੱਖਣ ਤੋਂ ਆਏ। ਲਹਿੰਦੀ ਪੰਜਾਬੀ ਵਿਚ ਇਨ੍ਹਾਂ ਦੀ ਵਰਤੋਂ ਆਮ ਮਿਲਦੀ ਹੈ।

"ਲਹਿੰਦੀ" ਪੰਜਾਬੀ ਬੋਲੀ ਦੀ ਉਪ-ਭਾਸ਼ਾਂ ਹੈ। ਇਸ ਦੀਆਂ ਅੱਗੋਂ ਤਿੰਨ ਉਪ-ਭਾਸ਼ਾਵਾਂ ਹਨ- ਮੁਲਤਾਨੀ, ਪੋਠੋਹਾਰੀ ਅਤੇ ਹਿੰਦਕੋ। ਲਹਿੰਦੀ ਦਾ ਸਟੈਂਡਰਡ ਰੂਪ "ਮੁਲਤਾਨੀ" ਨੂੰ ਮੰਨਿਆ ਗਿਆ ਹੈ।

ਇਸ ਵਾਰ ਵਿੱਚ ਲਹਿੰਦੀ ਬੋਲੀ ਦੇ ਹੇਠ ਲਿਖੇ ਵਿਸ਼ੇ ਤੇ ਸ਼ਬਦਾਂ ਦੀ ਵਰਤੋਂ ਮਿਲਦੀ ਹੈ-

ਭਲੈ, ਭੋਰੀ, ਭਾਹਿ, ਅਢੁ, ਥੋਕਿ, ਕੂੜਾਵੇ, ਘਾਮ, ਮੁਚ, ਸੈ, ਜਾਮਿ, ਛਿਟੜਿ, ਅੰਙਣ, ਵਾਤੁ, ਟੋਲ, ਹਠ, ਆਲਕੁ, ਚਿਰਾਣੀਆਂ, ਝਾਕੁ, ਭੁਸਰੀਆਂ, ਸੁੰਞੀ, ਕਿਨ ਖੇ, ਪੰਧਾਣੂ, ਪੰਧੀਆਂ ਆਦਿ।

ੴ ਸਤਿਗੁਰਪ੍ਰਸਾਦਿ।।

ਮਾਰੂ ਵਾਰ ਮਹਲਾ ੫

ਡਖਣੇ ਮ:੫।।

**ਤੂ ਚਉ ਸਜਣ ਮੈਡਿਆ. ਡੇਈ ਸਿਸੁ ਉਤਾਰਿ।।**
**ਨੈਣ ਮਹਿੰਜੇ ਤਰਸਦੇ. ਕਦਿ ਪਸੀ ਦੀਦਾਰੁ।।੧।। ਮ:੫।।**
**ਨੀਹੁ ਮਹਿਜਾ ਤਊ ਨਾਲਿ. ਬਿਆ ਨੇਹ ਕੂੜਾਵੇ ਡੇਖੁ।।**
**ਕਪੜ ਭੋਗ ਡਰਾਵਣੇ. ਜਿਚਰੁ ਪਿਰੀ ਨ ਡੇਖੁ।।੨।।ਮ:੫।।**
**ਉਠੀ ਝਾਲੂ ਕੰਤੜੇ. ਹਉ ਪਸੀ ਤਉ ਦੀਦਾਰ।।**
**ਕਾਜਲੁ ਹਾਰੁ ਤਮੋਲ ਰਸੁ. ਬਿਨੁ ਪਸੇ ਹਭਿ ਰਸ ਛਾਰੁ।।੩।।**

ਉਚਾਰਣ: ਹੇਠ ਲਿਖੇ ਸ਼ਬਦ (ਜਿਨ੍ਹਾਂ ਦਾ ਅਰਥ ਨਾਲ ਦਿੱਤਾ ਹੋਇਆ ਹੈ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਡੇਈ-ਮੈਂ ਦੇਵਾਂ। ਪਸੀ-ਮੈਂ ਪਰਸਾਂ (ਵੇਖਾਂ)। ਹਉ-ਮੈਂ।

ਨੀਹੁ-ਅੰਤਲੇ 'ਹ' ਨੂੰ ਲਗਾ ਔਂਕੜ (ੁ) ਗੁਰਬਾਣੀ ਦੀ ਲਿਖਣ-ਨਿਯਮਾਵਲੀ ਅਨੁਸਾਰ ਜਿਥੇ ਇਕ-ਵਚਨ ਦਾ ਸੂਚਕ ਹੈ ਉਥੇ ਇਸ ਦੀ ਨਿਸਚਿਤ ਹਰਸ੍ਵ ਧੁਨੀ ਵੀ ਹੈ, ਜੋ ਉਚਾਰਣ ਦਾ ਭਾਗ ਅਵੱਸ਼ ਬਣਦੀ ਹੈ। ਪਰ ਉਚਾਰਣ ਵੇਲੇ ਸਾਵਧਾਨੀ ਵਰਤਣੀ ਚਾਹੀਦੀ ਹੈ ਕਿ ਇਹ ਧੁਨੀ ਹਰਸ੍ਵ ਹੀ ਰਹੇ, ਕਿਧਰੇ ਉਲਾਰ ਹੋ ਕੇ ਹੋੜੇ (ੋ) ਦੀ ਧੁਨੀ ਵਿਚ ਨਾ ਵਟੀਜ ਜਾਏ।

ਮੈਡਿਆ-'ਮੈਂ' ਉਚਾਰਣ ਨਾਸਕੀ।

ਮਹਿਜਾ- 'ਹਿ' ਉਚਾਰਣ ਨਾਸਕੀ, ਪਰ 'ਹ' ਤੇ ਦਬਾਅ ਦਿਤੇ ਬਗੈਰ।

**ਪਦ ਅਰਥ** ਚਉ - ਬੋਲ। ਮੈਡਿਆ - ਮੇਰਿਆ। ਡੇਈ- ਮੈਂ ਦੇਵਾਂ। ਸਿਸੁ- ਸੀਸ (ਸਿਰ)। ਮਹਿੰਜੇ- ਮੇਰੇ। ਪਸੀ- ਮੈਂ ਵੇਖਾਂ।੧। ਨੀਹੁ-ਪਿਆਰ। ਮਹਿਜਾ- ਮੇਰਾ। ਤਊ ਨਾਲਿ- ਤੇਰੇ ਨਾਲ। ਬਿਆ- ਹੋਰ। ਡੇਖੁ- ਮੈਂ ਵੇਖ ਲਿਆ ਹੈ। ਪਿਰੀ- ਪਤੀ- ਪ੍ਰਭੂ।੨। ਉਠੀ-ਉਠਿ, ਉਠ ਕੇ। ਝਾਲੂ-ਝਲਾਂਘ, ਤੜਕੇ, ਸਵੇਰੇ। ਕੰਤੜੇ - ਪਿਆਰੇ ਕੰਤੇ। ਕਾਜਲੁ-ਕੱਜਲ, ਸੁਰਮਾ। ਤਮੋਲ ਰਸੁ-ਪਾਨ ਦਾ ਰਸ। ਬਿਨੁ ਪਸੇ-ਦਰਸ਼ਨ ਦੇਖੇ ਬਗੈਰ। ਹਭਿ-ਸਾਰੇ। ਛਾਰੁ-ਸੁਆਹ ਵਾਂਗ ਨਿਕੰਮੇ।੩।

**ਅਰਥ:** ਮੇਰਿਆ ਪ੍ਰਭੂ ਸਾਜਨਾ! ਤੂੰ (ਕਿਰਪਾ ਕਰਕੇ ਮੇਰੇ ਨਾਲ) ਬੋਲ, (ਇਸ ਕਿਰਪਾ ਵਜੋਂ) ਮੈਂ ਆਪਣਾ ਸਿਰ ਉਤਾਰ ਕੇ ਤੇਰੀ ਭੇਟਾ ਕਰ ਦੇਵਾਂ।

ਮੇਰੇ ਨੈਣ ਤਰਸਦੇ ਰਹਿੰਦੇ ਹਨ (ਅਤੇ ਮੇਰੀ ਸਦਾ ਇਹ ਤਾਂਘ ਬਣੀ ਰਹਿੰਦੀ ਹੈ) ਕਿ ਕਦੋਂ ਤੇਰਾ (ਮੁਬਾਰਿਕ) ਦੀਦਾਰ (ਦਰਸ਼ਨ) ਦੇਖਾਂ।੧।

(ਸੱਜਣ ਪ੍ਰਭੂ!) ਮੇਰਾ ਪਿਆਰ (ਕੇਵਲ) ਤੇਰੇ ਨਾਲ ਹੈ। ਮੈਂ ਵੇਖ ਲਿਆ ਹੈ, ਹੋਰ ਸਾਰੇ (ਦੁਨਿਆਵੀ) ਪਿਆਰ ਝੂਠੇ ਹਨ। ਜਿਨਾਂ ਚਿਰ ਤੈਂ-ਪ੍ਰੀਤਮ ਦਾ ਦੀਦਾਰ ਨਾ ਹੋ ਜਾਵੇ, ਮੈਨੂੰ ਪਹਿਨਣ ਖਾਣ (ਸਭ) ਡਰਾਉਣੇ ਲੱਗਦੇ ਹਨ (ਵਢੂੰ ਵਢੂੰ ਕਰਦੇ ਹਨ)।੨।

ਹੇ ਪਿਆਰੇ ਕੰਤ! (ਮੇਰੀ ਸਦਾ ਇਹ ਰੀਝ ਹੁੰਦੀ ਹੈ ਕਿ) ਨਿਤ ਤੜਕੇ (ਅੰਮ੍ਰਿਤ ਵੇਲੇ) ਉਠ ਕੇ ਤੇਰਾ ਦੀਦਾਰ ਕਰਾਂ। ਤੇਰੇ ਦੀਦਾਰ ਤੋਂ ਬਗੈਰ ਕੱਜਲ, ਹਾਰ ਅਤੇ ਪਾਨਾਂ ਦਾ ਰਸ (ਸਾਰੇ ਹਾਰ ਸ਼ਿੰਗਾਰ) ਸਵਾਹ ਵਾਂਗ (ਤੁਛ) ਲੱਗਦੇ ਹਨ।੩।

ਪਉੜੀ।।

**ਤੂ ਸਚਾ ਸਾਹਿਬੁ ਸਚੁ. ਸਚੁ ਸਭੁ ਧਾਰਿਆ।।**
**ਗੁਰਮੁਖਿ ਕੀਤੋ ਥਾਟੁ. ਸਿਰਜਿ ਸੰਸਾਰਿਆ।।**
**ਹਰਿ ਆਗਿਆ ਹੋਏ ਬੇਦ. ਪਾਪੁ ਪੁੰਨੁ ਵੀਚਾਰਿਆ।।**
**ਬ੍ਰਹਮਾ ਬਿਸਨੁ ਮਹੇਸੁ. ਤ੍ਰੈ ਗੁਣ ਬਿਸਥਾਰਿਆ।।**
**ਨਵ ਖੰਡ ਪ੍ਰਿਥਮੀ ਸਾਜਿ. ਹਰਿ ਰੰਗ ਸਵਾਰਿਆ।।**
**ਵੇਕੀ ਜੰਤ ਉਪਾਇ. ਅੰਤਰਿ ਕਲ ਧਾਰਿਆ।।**
**ਤੇਰਾ ਅੰਤੁ ਨ ਜਾਣੈ ਕੋਇ. ਸਚੁ ਸਿਰਜਣਹਾਰਿਆ।।**
**ਤੂ ਜਾਣਹਿ ਸਭ ਬਿਧਿ ਆਪਿ. ਗੁਰਮੁਖਿ ਨਿਸਤਾਰਿਆ।।੧।।**

ਉਚਾਰਣ:

ਜਾਣਹਿ-(ਜਾਣਦਾ ਹੈਂ) ਅੰਤਲੇ ਸੁਰ ਦਾ ਉਚਾਰਣ ਨਾਸਕੀ।

**ਪਦ ਅਰਥ:** ਸਚਾ-ਸਦਾਥਿਰ। ਸਾਹਿਬੁ-ਮਾਲਕ-ਪ੍ਰਭੂ। ਧਾਰਿਆ-ਇਸਥਿਤ ਕੀਤਾ (ਟਿਕਾਇਆ) ਹੋਇਆ। ਗੁਰਮੁਖਿ-ਗੁਰੂ ਦੁਆਰਾ। ਥਾਟੁ-(ਜਗਤ-ਉਧਾਰ ਦਾ) ਬਾਨ੍ਹਣੂ। ਸਿਰਜਿ-ਸਿਰਜ ਕੇ, ਸਾਜ ਕੇ। ਤ੍ਰੈ ਗੁਣ ਬਿਸਥਾਰਿਆ-ਤਿੰਨਾਂ ਗੁਣਾਂ (ਤਮੋ, ਰਜੋ, ਸਤੋ) ਵਾਲਾ ਖਿਲਾਰਾ। ਵੇਕੀ-ਭਾਂਤ ਭਾਂਤ ਦੇ। ਅੰਤਰਿ-(ਜੀਵਾਂ) ਅੰਦਰ। ਕਲ-ਸਤਿਆ, ਸ਼ਕਤੀ। ਸਿਰਜਣਹਾਰਿਆ-ਹੇ ਸਿਰਜਣਹਾਰ, ਹੇ ਕਰਣਹਾਰ ਕਰਤਾਰ! ਸਭ ਬਿਧਿ- ਸਾਰੀ ਵਿਧੀ-ਵਿਉਂਤ। ਨਿਸਤਾਰਿਆ-ਪਾਰ ਉਤਾਰਦਾ ਹੈ।

**ਅਰਥ:** (ਹੇ ਵਾਹਿਗੁਰੂ!) ਤੂੰ ਸਦਾ-ਥਿਰ ਮਾਲਕ-ਪ੍ਰਭੂ ਹੈਂ, (ਨਿਰੋਲ) ਸਚ-ਸਰੂਪ ਹੈ, ਸਾਰਾ ਕੁੱਝ (ਕੁਦਰਤਿ) ਜੋ ਤੂੰ ਸਿਰਜਿਆ ਹੋਇਆ ਹੈ, ਉਹ ਵੀ ਸੱਚ ਹੈ (ਕਿਉਂ ਜੁ ਇਹ ਸੱਚ-ਸਰੂਪ


www.AKJ.Org

ਵਾਹਿਗੁਰੂ ਦੀ ਕ੍ਰਿਤ ਹੈ, ਜਿਸ ਵਿਚ ਸੱਚ-ਸਰੂਪ ਆਪ ਵਿਰਾਜਮਾਨ ਹੈ ਅਤੇ ਜਿਸ ਦਾ ਪ੍ਰਯੋਜਨ ਅਦ੍ਰਿਸ਼ਟ ਸੱਚ ਨੂੰ ਰੂਪਮਾਨ ਕਰਨਾ ਹੀ ਹੈ) ਸੰਸਾਰ ਨੂੰ ਸਾਜ ਗੁਰੂ ਦੁਆਰਾ (ਇਸ ਦੇ ਉਧਾਰ ਦਾ) ਬਾਨ੍ਹਣੂ (ਤੂੰ ਆਪ ਹੀ) ਬੰਨ੍ਹਿਆ ਹੋਇਆ ਹੈ।

ਹੇ ਹਰੀ! ਤੇਰੀ ਰਜ਼ਾਅ ਵਿਚ ਹੀ ਵੇਦ ਹੋਂਦ ਵਿਚ ਆਏ, ਜਿਨ੍ਹਾਂ ਵਿਚ ਪਾਪ ਪੁੰਨ ਦਾ ਵਿਚਾਰ ਨਿਰੂਪਨ ਕੀਤਾ ਹੋਇਆ ਹੈ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ (ਸਾਜ ਦੇ ਕੇ ਤੂੰ ਹੀ) ਤ੍ਰਿਗੁਣੀ ਸੰਸਾਰ ਦਾ ਵਿਸਥਾਰ ਕੀਤਾ ਹੋਇਆ ਹੈ।

ਹਰੀ! ਨਵਾਂ ਖੰਡਾ ਵਾਲੀ ਦ੍ਰਿਸ਼ਟੀ ਦੀ ਸਿਰਜਣਾ ਕਰ ਕੇ (ਤੂੰ ਹੀ) ਇਸ ਨੂੰ ਨਾਨਾ ਪ੍ਰਕਾਰ ਦੇ ਰੰਗਾਂ (ਕੁਦਰਿਤ) ਨਾਲ ਸਵਾਰਿਆਂ ਸ਼ਿੰਗਾਰਿਆਂ ਹੋਇਆ ਹੈ।

ਭਾਂਤ-ਭਾਂਤ ਦੇ ਜੀਵ ਪੈਦਾ ਕਰਕੇ ਉਹਨਾਂ ਅੰਦਰ ਆਪਣੀ ਚੇਤਨ-ਸਤਾ ਟਿਕਾਅ ਕੇ (ਉਹਨਾਂ ਨੂੰ) ਇਸਥਿਤ ਕੀਤਾ ਹੋਇਆ ਹੈ। ਹੇ ਕਰਣਹਾਰ ਕਰਤਾਰ! ਤੇਰਾ ਸਰੂਪ 'ਸਚੁ' ਹੈ, ਕੋਈ ਤੇਰਾ ਅੰਤ ਨਹੀਂ ਪਾ ਸਕਦਾ।

(ਆਪਣੀ ਰਚਨਾ ਨੂੰ ਸਾਜਨ, ਚਲਾਉਣ ਅਤੇ ਨਿਸਤਾਰਨ ਦੀ) ਸਾਰੀ ਵਿਧੀ-ਵਿਉਂਤ ਤੂੰ ਆਪ ਹੀ ਜਾਣਦਾ ਹੈ ਅਤੇ ਗੁਰੂ ਦੀ ਰਾਹੀਂ (ਜੀਵਾਂ ਦਾ) ਪਾਰ-ਉਤਾਰਾ ਕਰਦਾ ਹੈ।੧।

**ਡਖਣੇ ਮ:੫।।**

**ਜੇ ਤੂੰ ਮਿਤ੍ਰੁ ਅਸਾਡੜਾ, ਹਿਕੁ ਭੋਰੀ ਨਾ ਵੇਛੋੜਿ।।**
**ਜੀਉ ਮਹਿੰਜਾ ਤਉ ਮੋਹਿਆ, ਕਦਿ ਪਸੀ ਜਾਨੀ ਤੋਹਿ।।੧।।ਮ:੫।।**
**ਦੁਰਜਨ ਤੂ ਜਲੁ ਭਾਹੜੀ, ਵਿਛੋੜੇ ਮਰਿ ਜਾਹਿ।।**
**ਕੰਤਾ ਤੂ ਸਉ ਸੇਜੜੀ, ਮੈਡਾ ਹਭੋ ਦੁਖੁ ਉਲਾਹਿ।।੨।।ਮ:੫।।**
**ਦੁਰਜਨੁ ਦੂਜਾ ਭਾਉ ਹੈ, ਵਿਛੋੜਾ ਹਉਮੈ ਰੋਗੁ।।**
**ਸਜਣੁ ਸਚਾ ਪਾਤਿਸਾਹੁ, ਜਿਸੁ ਮਿਲਿ ਕੀਚੈ ਭੋਗੁ।।੩।।**

**ਉਚਾਰਣ**

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦਾ ਅਰਥ ਨਾਲ ਦਿਤਾ ਹੋਇਆ ਹੈ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਪਸੀ-ਮੈਂ ਪਰਸਾਂ (ਵੇਖਾਂ)। ਸਉ-ਸੌਂ, ਸਉਣਾ ਕਰ।

ਮਹਿੰਜਾ-ਅਰੰਭਕ 'ਮ' ਇਸ ਸ਼ਬਦ ਦਾ ਮੂਲਕ ਭਾਗ ਹੈ, ਸੋ ਸਮੁੱਚੇ ਸ਼ਬਦ ਦਾ ਉਚਾਰਣ ਇਕੱਠਾ ਕਰਨਾ ਚਾਹੀਦਾ ਹੈ। ਮ+ਹਿੰਜਾ ਵਾਂਗ ਉਚਾਰਣ ਸ਼ੁੱਧ ਨਹੀਂ।

ਤਉ-ਉਚਾਰਣ ਤੌਂ ਵਾਂਗ।

ਤੋਹਿ, ਜਾਹਿ, ਉਲਾਹਿ-ਅੰਤਲੇ 'ਹ' ਨੂੰ ਲਗੀ ਸਿਹਾਰੀ (ਿ) ਦਾ ਉਚਾਰਣ ਕਸ ਕੇ ਕਰਨਾ ਹੈ, ਤਾਂ ਜੁ ਇਹ ਉਲਾਰ ਹੋ ਕੇ ਲਾਂ (ੇ) ਦੀ ਧੁਨੀ ਵਿਚ ਵਟੀਜ ਜਾਏ।

ਪਾਤਿਸਾਹੁ-ਵਿਚਕਾਰਲੇ 'ਸ' ਦਾ ਉਚਾਰਣ ਵਿਸ਼ੇਸ਼ ਧੁਨੀ ਵਿਚ।

**ਪਦ ਅਰਥ:**

ਅਸਾਡੜਾ-ਸਾਡਾ, ਅਸਾਂ ਦਾ। ਹਿਕ-ਇਕ। ਭੋਰੀ-ਰਤਾ ਕੁ ਜਿੰਨਾ ਸਮਾਂ। ਜੀਉ ਮਹਿੰਜਾ-ਮੇਰਾ ਦਿਲ। ਤਉ-ਤੂੰ। ਕਦੇ-ਕਦੋਂ। ਪਸੀ-ਮੈਂ ਪਰਸਾਂ (ਵੇਖਾਂ)। ਜਾਨੀ-ਹੇ ਪ੍ਰਾਣ ਪਿਆਰੇ।।੧। ਦੁਰਜਨ-ਦੁਸ਼ਟ (ਖੋਟੀ) ਭਾਵਨਾ ਵਾਲਾ। ਜਲੁ-ਸੜ ਜਾਹ। ਭਾਹੜੀ-ਅੱਗ ਵਿਚ। ਹਭੋ-ਸਾਰਾ। ਉਲਾਹਿ-ਲਾਹ ਦੇ, ਦੂਰ ਕਰ ਦੇ।੨।

ਦੂਜਾ ਭਾਉ-(ਇਕ ਪ੍ਰਭੂ ਤੋਂ ਬਿਨਾਂ) ਕਿਸੇ ਹੋਰ ਨਾਲ ਲਗਾਉ। ਕੀਚੈ-ਕਰਨਾ ਚਾਹੀਦਾ ਹੈ। ਭੋਗੁ-(ਆਤਮਿਕ) ਅਨੰਦ।੩।

**ਅਰਥ:** (ਹੇ ਵਾਹਿਗੁਰੂ!) ਜੇ ਤੂੰ (ਕਿਰਪਾ ਕਰਕੇ) ਸਾਡਾ ਮਿੱਤਰ (ਬਣਾਇਆ) ਹੈ ਤਾਂ ਹੁਣ ਇਕ ਛਿਨ ਮਾਤ੍ਰ ਲਈ ਵੀ (ਆਪਣੇ ਨਾਲੋਂ) ਪਰ੍ਹੇ ਨਾ ਕਰ। ਕਿਉਂ ਜੁ ਮੇਰਾ ਦਿਲ ਤੂੰ ਮੋਹ ਲਿਆ ਹੈ।(ਹਰ ਸਮੇਂ ਇਹੀ ਤਾਂਘ ਰਹਿੰਦੀ ਹੈ ਕਿ) ਹੇ ਮੇਰੇ ਦਿਲ-ਜਾਨੀ! (ਪ੍ਰਾਣ ਪਿਆਰੇ!) ਤੈਨੂੰ ਕਦੋਂ ਪਰਸਾਂ (ਵੇਖਾਂ)।੧।

(ਪ੍ਰਭੂ ਤੋਂ ਵਿਛੋੜਨ ਵਾਲੇ) ਵੈਰੀ! ਤੂੰ ਅੱਗ ਵਿਚ ਸੜ ਮਰ। ਵਿਛੋੜੇ! ਤੂੰ ਮਰ ਮੁੱਕ ਜਾਹ! ਪਿਆਰੇ ਪਤੀ! ਤੂੰ ਮੇਰੀ ਹਿਰਦੇ-ਸੇਜ ਉੱਤੇ ਆ ਵਿਰਾਜ (ਅਤੇ ਆਪਣੇ ਦਰਸ-ਮਿਲਾਪ ਦੁਆਰਾ ਵਿਛੋੜੇ ਦਾ) ਮੇਰਾ ਸਾਰਾ ਦੁੱਖ ਲਾਹ ਦੇਹ।।੨।

ਦੂਜਾ ਭਾਉ (ਵਾਹਿਗੁਰੂ ਨੂੰ ਛਡ ਕੇ ਕਿਸੇ ਹੋਰ ਨਾਲ ਪਿਆਰ) ਹੀ ਅਸਲ ਵੈਰੀ ਹੈ। ਹਉਮੈ (ਮੈਂ-ਮੇਰੀ) ਦਾ (ਦੀਰਘ) ਰੋਗ ਹੀ ਅਸਲ ਵਿਚ ਵਿਛੋੜਾ (ਦੂਰੀ ਦਾ ਮੂਲ-ਕਾਰਨ) ਹੈ। ਸਦਾ ਥਿਰ ਰਹਿਣ ਵਾਲਾ ਪਾਤਸ਼ਾਹ (ਵਾਹਿਗੁਰੂ) ਹੀ (ਜੀਵ ਦਾ) ਅਸਲ ਮਿੱਤਰ ਹੈ, ਜਿਸ ਨਾਲ ਮਿਲ ਕੇ ਆਤਮ-ਭੋਗ (ਆਤਮ ਪਰਮਾਤਮ ਦੀ ਅਭੇਦਤਾ ਦਾ ਅਨੰਦ) ਕਰਨਾ ਚਾਹੀਦਾ ਹੈ।੩।

**ਪਾਉੜੀ।।**

**ਤੂ ਅਗਮ ਦਇਆਲੁ ਬੇਅੰਤੁ, ਤੇਰੀ ਕੀਮਤਿ ਕਹੈ ਕਉਣੁ।।**
**ਤੁਧੁ ਸਿਰਜਿਆ ਸਭੁ ਸੰਸਾਰੁ , ਤੂ ਨਾਇਕੁ ਸਗਲ ਭਉਣ।।**
**ਤੇਰੀ ਕੁਦਰਤ ਕੋਇ ਨ ਜਾਣੈ, ਮੇਰੇ ਠਾਕੁਰ ਸਗਲ ਰਉਣ।।**
**ਤੁਧੁ ਅਪੜਿ ਕੋਇ ਨ ਸਕੈ , ਅਬਿਨਾਸੀ ਜਗ ਉਧਰਣ ।।**
**ਤੁਧੁ ਥਾਪੇ ਚਾਰੇ ਜੁਗ, ਤੂ ਕਰਤਾ ਸਗਲ ਧਰਣ ।।**
**ਤੁਧੁ ਆਵਣ ਜਾਣਾ ਕੀਆ , ਤੁਧੁ ਲੇਪੁ ਨ ਲਗੈ ਤ੍ਰਿਣ।।**
**ਜਿਸੁ ਹੋਵਹਿ ਆਪਿ ਦਇਆਲੁ, ਤਿਸੁ ਲਾਵਹਿ ਸਤਿਗੁਰ ਚਰਣ।।**
**ਤੂ ਹੋਰਤੁ ਉਪਾਇ ਨ ਲਭਹੀ, ਅਬਿਨਾਸੀ ਸ੍ਰਿਸਟਿ ਕਰਣ।।੨।।**

**ਉਚਾਰਣ**

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦਾ ਅਰਥ ਨਾਲ ਦਿਤਾ ਹੋਇਆ ਹੈ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਹੋਵਹਿ- ਤੂੰ ਹੋਵੇਂ । ਲਾਵਹਿ - ਤੂੰ ਲਾਉਂਦਾ ਹੈਂ। ਨ ਲਭਹੀ - ਤੂੰ ਨਹੀ ਲੱਭ ਸਕਦਾ ।

ਉਧਰਣ - ਉਚਾਰਣ ਉਧੱਰਣ ਵਾਂਗ (ਉਧਾਰਨ ਵਾਲਾ )।

**ਪਦ ਅਰਥ:** ਅਗਮ-ਪਹੁੰਚ ਤੋਂ ਪਰ੍ਹੇ । ਸਿਰਜਿਆ - ਰਚਿਆ । ਨਾਇਕੁ- ਮਾਲਕ ।ਸਗਲ ਭਉਣ- ਸਾਰੇ ਭਵਨਾਂ(ਪੁਰੀਆਂ) ਦਾ। ਸਗਲ ਰਉਣ - ਸਾਰਿਆਂ ਵਿਚ ਰਮੇ ਹੋਏ (ਵਿਆਪਕ ) ਅਪੜਿ-ਪਹੁੰਚ । ਅਬਿਨਾਸੀ-ਨਾਸ ਰਹਿਤ । ਜਗ ਉਧਰਣ-ਜਗਤ ( ਦੇ ਜੀਵਾਂ) ਦਾ ਪਾਰ -ਉਤਾਰਾ ਕਰਨ ਵਾਲਾ। ਥਾਪੇ -ਰਚੇ। ਧਰਿਣ-ਧਰਤੀ ,ਸ੍ਰਿਸ਼ਟੀ। ਆਵਣ ਜਾਣਾ-ਜੰਮਣਾ ਮਰਨਾ। ਲੇਪ -

ਦਾਗ। ਤ੍ਰਿਣ-ਤੀਲੇ (ਰਤਾ) ਜਿੰਨਾ ਵੀ । ਹੋਵਹਿ - ਤੂੰ ਹੁੰਦਾ ਹੈ। ਲਾਵਹਿ - ਤੂੰ ਲਾਉਂਦਾ ਹੈਂ। ਉਪਾਇ- ਜਤਨ ਨਾਲ। ਸ੍ਰਿਸ਼ਟਿ ਕਰਣ- ਸ੍ਰਿਸ਼ਟਿ ਦੇ ਕਰਨਹਾਰ ।੨।।

**ਅਰਥ:** (ਹੇ ਪ੍ਰਭੂ!) ਤੂੰ ਇੰਦਰਿਆਂ ਦੀ ਪਹੁੰਚ ਤੋਂ ਪਰ੍ਹੇ ਹੈਂ, ਦਇਆ ਦਾ ਪੁੰਜ ਹੈਂ ਬੇਅੰਤ ਹੈਂ, ਤੇਰੀ ਕੀਮਤ (ਮੁੱਲ) ਕੌਣ ਦੱਸ ਸਕਦਾ ਹੈ ?

ਇਹ ਸਾਰਾ (ਦ੍ਰਿਸ਼ਟਮਾਨ) ਜਗਤ ਤੂੰ ਹੀ ਰਚਿਆ ਹੈ, ਤੂੰ ਹੀ ਸਾਰੇ (ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ ) ਭਵਨਾਂ ਦਾ ਮਾਲਕ ਹੈਂ। ਹੇ ਸਾਰਿਆਂ ਵਿਚ ਰਮੇ ਹੋਏ (ਵਿਆਪਕ ) ਮਾਲਕ ! ਤੇਰੀ ਕੁਦਰਤਿ (ਕਲਾ) ਨੂੰ ਕੌਣ ਬਿਆਨ ਕਰ ਸਕਦਾ ਹੈ ?

ਤੂੰ ਨਾਸ- ਰਹਿਤ ਹੈਂ ਅਤੇ ਸਾਰੇ ਸੰਸਾਰ ਦਾ ਪਾਰ - ਉਤਾਰਾ ਕਰਨ ਵਾਲਾ ਹੈਂ, (ਤੇਰੀ ਮਹਿਮਾ ਨੂੰ ) ਕੋਈ ਪਹੁੰਚ ਨਹੀਂ ਸਕਦਾ (ਭਾਵ, ਕੋਈ ਤੇਰੀ ਬਰਾਬਰੀ ਨਹੀਂ ਕਰ ਸਕਦਾ)।

ਚਾਰੇ ਜੁਗ (ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ, ਭਾਵ, ਇਹ ਚਾਰ ਕਾਲ ਟੋਟੇ) ਤੂੰ ਹੀ ਰਚੇ ਹਨ। ਤੂੰ ਸਾਰੀ ਧਰਤੀ ਦਾ ਕਰਨਹਾਰ ਕਰਤਾਰ ਹੈ।

ਸਾਰੇ (ਜੀਵਾਂ-ਜੰਤੂਆਂ ਦਾ) ਆਉਣਾ ਜਾਣਾ (ਜੰਮਣ ਮਰਨਾ) ਤੂੰ ਹੀ ਕੀਤਾ ਹੋਇਆ ਹੈ। ਪਰ ਕਾਲ ਦਾ ਲੇਪ-ਛੇਪ (ਅਸਰ) ਤੈਨੂੰ ਰੰਚਕ ਮਾਤਰ ਵੀ ਨਹੀਂ ਲੱਗਦਾ। ਜਿਸ ਉੱਤੇ ਤੂੰ ਆਪ ਦਇਆਵਾਨ ਹੁੰਦਾ ਹੈ ਉਸ ਨੂੰ ਸਤਿਗੁਰੂ ਦੀ ਚਰਨੀਂ ਲਾ ਦਿੰਦਾ ਹੈ। ਹੇ ਸਾਰੀ ਸ੍ਰਿਸ਼ਟੀ ਦੇ ਅਬਿਨਾਸ਼ੀ ਪ੍ਰਭੂ ! ਤੂੰ (ਗੁਰੂ ਦੀ ਸ਼ਰਨੀ ਲੱਗਣ ਤੋਂ ਛੁਟ) ਕਿਸੇ ਵੀ ਹੋਰ ਜਤਨ ਦੁਆਰਾ ਪ੍ਰਾਪਤ ਨਹੀਂ ਹੋ ਸਕਦਾ।੨।

.................................... (ਚਲਦਾ)

ਪੰਨਾ ੨੪ ਦੀ ਬਾਕੀ

ਸਤਿਗੁਰੂ ਨਾਨਕ ਦੇਵ ਜੀ ੧੫੧੭ ਵਿੱਚ ਹਰੀ ਪਰਬਤ, ਮਟਨ, ਅਨੰਤ ਨਾਗ ਦੇ ਇਲਾਕੇ ਵੱਲ ਗਏ ਸਨ। ਗੁਰਦੁਆਰਾ ਪੱਥਰ ਸਾਹਿਬ, ਲੇਹ ਯਾਦ ਤਾਜ਼ਾ ਕਰ ਰਿਹਾ ਹੈ। ਪ੍ਰਿੰ: ਰਣਜੀਤ ਸਿੰਘ ਪ੍ਰਬੰਧ ਚਲਾ ਰਹੇ ਹਨ। ਗੁਰੂ ਜੀ ਦੇ ਸੇਵਕ ਭਾਈ ਅਲਮਸਤ, ਭਾਈ ਬਾਲੂ ਹਸਨਾ, ਗੋਇੰਦਾ ਅਤੇ ਫੂਲ ਜੀ ਸ੍ਰੀ ਨਗਰ ਦੇ ਵਸਨੀਕ ਸਨ। ਪੁਸਤਕ 'ਦਬਿਸਤਾਨ-ਮਜਾਹਬੌ' ਦੇ ਲੇਖਕ ਮੀਆਂ ਮੁਹਸਨ ਫਾਨੀ ਅਤੇ ਮੀਆਂ ਮੀਰ ਹਸਨ ਫਰੋਗੀ ਇਸ ਇਲਾਕੇ ਦੇ ਵਸਨੀਕ ਸਨ। ਗੁਰੂ ਜੀ ਦੇ ਨਾਲ ਰਹਿ ਕੇ ਸਾਰੇ ਇਤਿਹਾਸ ਵੇਰਵੇ ਆਪ ਵੇਖ ਕੇ ਲਿਖੇ ਹਨ। ਗੁਰਦੁਆਰਾ ਟਾਹਲੀ ਸਾਹਿਬ ਪਾ: ੬ ਤਿਲੋ ਤਲਾਅ ਰੋਡ, ਨਹਿਰ ਜੰਮੂ ਗੁਰਦੁਆਰਾ ਸਿੰਘ ਸਭਾ ਪਾ: ੬ ਨੌਸ਼ਹਿਰਾ ਵਿਖੇ ਸ੍ਰ: ਰਜਿੰਦਰ ਸਿੰਘ ਪ੍ਰਬੰਧ ਚਲਾ ਰਹੇ ਹਨ। ਗੁਰਦੁਆਰਾ ਬੰਗਲਾ ਸਾਹਿਬ ਪਾ: ੬ ਰਾਜੌਰੀ ਵਿਖੇ ਸ੍ਰ: ਦਲਜੀਤ ਸਿੰਘ ਮਹਿਕ ਪ੍ਰਬੰਧ ਚਲਾ ਰਹੇ ਹਨ। ਮਟਨ ਦਾ ਪੰਡਤ ਕਿਰਪਾ ਰਾਮ ਸ਼ਾਸ਼ਤਰੀ ਅਤੇ ਹੋਰ ਬ੍ਰਾਹਮਣ ਗੁਰੂ ਜੀ ਦੇ ਸ਼ਰਧਾਲੂ ਸੇਵਕ, ਪ੍ਰਚਾਰਕ ਬਣ ਗਏ।

ਬੇਗਮ ਗਲਾ ਦੇ ਭਾਈ ਝੰਡਾ ਜੀ ਪ੍ਰਚਾਰਕ ਸਨ। ਗੁਰੂ ਜੀ ਜਦੋਂ ਬਾਰਾਮੂਲਾ ਤੋਂ ਵਾਪਸ ਆਉਣ ਲਗੇ, ਤਾਂ ਬਰਾਮਪੁਰ ਵਿਖੇ ਬਾਲਕ ਸੁਥਰਾ ਜੇ ਲਾਵਾਰਸ ਸੀ ਦੀ ਸੰਭਾਲ ਕੀਤੀ। ਆਪਣੇ ਨਾਲ ਅੰਮ੍ਰਿਤਸਰ ਲੈ ਆਏ, ਵਾਪਸੀ ਤੇ ਸਤਿਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅਸਥਾਨ ਪੰਜਾ ਸਾਹਿਬ ਪਹੁੰਚੇ। ਗਲੋਟੀ ਵਜੀਰਾਬਾਦ ਵਿਖੇ ਕੋਠਾ ਸਾਹਿਬ ਹੀ ਨਨਕਾਣਾ ਸਾਹਿਬ ਜਾ ਕੇ ਚੌਧਰੀ ਰਾਇ ਬੁਲਾਰ ਦੀ ਸੰਤਾਨ ਨੂੰ ਮਿਲੇ, ਸਾਰੇ ਪਵਿਤਰ ਅਸਥਾਨਾਂ ਦੇ ਦਰਸ਼ਨ ਕਰਕੇ ਸੰਭਾਲ ਕਰਵਾਈ।

# ਹਾਲਤ ਕੌਮ ਦੀ

(ਹਰਬੰਸ ਸਿੰਘ ਖਾਲਸਾ)

ਹਾਲਤ ਕੌਮ ਦੀ ਵੇਖਕੇ ਰੋਣ ਆਉਂਦਾ,
ਸ਼ਰਮ ਨਾਲ ਸਿਰ ਵੀ ਝੁਕ ਜਾਂਦਾ।
ਖੁਦਗਰਜ਼, ਸਵਾਰਥੀ ਆਗੂਆਂ ਤੇ,
ਅੱਗੇ ਵੱਧਣ ਦਾ ਕੰਮ ਹੈ ਰੁਕ ਜਾਂਦਾ।

ਸੱਚ ਕਹਿਣ ਤੋਂ ਮੈਨੂੰ ਕੋਈ ਝਿਜਕ ਨਹੀਂ,
ਦਿਨੋ ਦਿਨ ਹੀ ਨਿੱਘਰਦੇ ਜਾਂਵਦੇ ਹਾਂ।
ਬੁਰਕਾ ਸਿੱਖੀ ਦਾ ਪਾ ਕੇ ਤੁਰੇ ਫਿਰਦੇ,
ਕਰਤੂਤਾਂ ਕੋਝੀਆਂ ਕਿਉਂ ਛੁਪਾਵਦੇ ਹਾਂ?

ਜਥੇਬੰਦੀ ਦੇ ਸਾਰੇ ਅਸੂਲ ਭੁੱਲੇ,
ਆਪਸ ਵਿਚ ਹੀ ਅਸੀਂ ਹਾਂ ਲੜੀ ਜਾਂਦੇ।
ਇੱਕ ਦੂਜੇ ਨੂੰ ਵੇਖਕੇ ਨਹੀਂ ਰਾਜ਼ੀ,
ਐਵੇਂ ਈਰਖਾ ਨਾਲ ਹੀ ਸੜੀ ਜਾਂਦੇ।

ਪਾਠੀ, ਸੰਤ, ਮਹੰਤ ਕਈ ਭ੍ਰਿਸ਼ਟ ਹੋ ਗਏ,
ਪੈਸਾ ਪੂਜਾ ਦਾ ਕਰਨ ਹਰਾਮ ਲੱਗੇ।
ਛੱਡ ਬੈਠੇ ਨੇ ਧਰਮ ਅਮਾਨ ਆਪਣਾ,
ਸਾਰੀ ਕੌਮ ਨੂੰ ਕਰਨ ਬਦਨਾਮ ਲੱਗੇ।

ਕੇਸ ਮੁੰਨਦੇ ਦਾੜੀਆਂ ਕੁਤਰਦੇ ਨੇ,
ਕੱਚੇ ਪਿੱਲਿਆਂ ਹੈ ਬੇੜਾ ਡੋਬ ਦਿੱਤਾ।
ਲੋਭੀ, ਲਾਲਚੀ ਕਈ ਪਖੰਡੀਆਂ ਨੇ,
ਛੁਰਾ ਪੰਥ ਦੀ ਪਿੱਠ ਵਿੱਚ ਖੋਭ ਦਿੱਤਾ।

ਕੁਰਹਿਤਾਂ ਵਿਚ ਹੀ ਲੱਗ ਪਏ ਖਾਣ ਗੋਤੇ,
ਬਹੁਤ ਡੁੱਬ ਗਏ ਵਿਚ ਪਇਆਲਿਆਂ ਦੇ।
ਸਿੱਖੀ ਰਹਿਤ ਮਰਯਾਦਾ ਨੂੰ ਛੱਡ ਬੈਠੇ,
ਪੈਣੇ ਮੁੱਲ ਕੀ ਗੁਣਾਂ ਤੋਂ ਖਾਲੀਆਂ ਦੇ।

ਸਿਰ ਰੱਖ ਕੇ ਤਲੀ ਤੇ ਆਉ ਅੱਗੇ,
ਜੇਕਰ ਪੰਥ ਨੂੰ ਅਸੀਂ ਬਚਾਵਣਾ ਹੈ।
ਛੱਡੋ ਲਾਲਸਾ ਕੁਰਸੀਆਂ, ਚੌਧਰਾਂ ਦੀ,
ਸੇਵਾਦਾਰੀ ਦਾ ਫਰਜ਼ ਨਿਭਾਵਣਾ ਹੈ।

ਬੇ ਗੈਰਤੇ ਅਸੀਂ ਕਿਉਂ ਹੋਈ ਜਾਂਦੇ,
ਹਰ ਕੋਈ ਬੋਲਦਾ ਹੈ ਖਿਲਾਫ ਸਾਡੇ।
ਨਕਲੀ ਪੰਥਾਂ ਨੇ ਘੇਰਿਆ ਪੰਥ ਨੂੰ ਹੈ,
ਕਿਉਂਕਿ ਪੰਥ ਲਈ ਦਿਲ ਨਹੀਂ ਸਾਫ ਸਾਡੇ।

ਇੱਕ ਥਾਂ ਤੇ ਕੌਮ ਨੂੰ ਕਰੋ ਕੱਠੀ,
ਸਾਡੀ ਇਕੋ ਹੀ ਸਾਂਝੀ ਆਵਾਜ਼ ਹੋਵੇ।
'ਪੰਥ-ਗੁਰੂ-ਗ੍ਰੰਥ' ਹੈ ਸਰਬ ਸਾਂਝਾ,
ਆਪਸ ਵਿਚ ਨਾ ਕੋਈ ਨਰਾਜ਼ ਹੋਵੇ।

ਧੜੇਬਾਜੀਆਂ ਫੁਟ ਨੂੰ ਮੇਟ ਦੇਵੇ,
ਝੰਡੇ ਕੇਸਰੀ ਹੇਠ ਹੀ ਆਉ ਸਾਰੇ।
ਹੱਥ ਠੋਕੇ ਨਾ ਰਹੋ ਕਿਸੇ ਦੇ ਬਣਕੇ,
ਵੀਰ ਵੀਰਾਂ ਨੂੰ ਜੱਫੀਆਂ ਪਾਉ ਸਾਰੇ।



www.AKJ.Org

# ਖਾਲਸਾ

(ਸੂਬੇਦਾਰਧਰਮ ਸਿੰਘ ਸੁੱਜੋ)

ਸਿੰਘਾਂ ਵਿਚ ਇਹ ਇੱਕ ਆਮ ਰਵਾਜ਼ ਜੇਹਾ ਬਣਦਾ ਜਾ ਰਿਹਾ ਹੈ ਕਿ ਉਹ ਆਪਣੇ ਨਾਮ ਦੇ ਨਾਲ ਸ਼ਬਦ 'ਖਾਲਸਾ' ਦੀ ਵਰਤੋਂ ਕਰਕੇ ਆਪਣੇ ਆਪ ਨੂੰ ਇਕ ਸ੍ਰੇਸ਼ਟ ਸਿੱਖ ਦੇ ਰੂਪ ਵਿੱਚ ਦਰਸਾਉਣ। ਜੇ ਤਾਂ ਇਸ ਪਵਿੱਤਰ ਸ਼ਬਦ ਦੀ ਵਰਤੋਂ ਕਰਨ ਵਾਲੇ ਸੱਜਣ ਵਿੱਚ ਖਾਲਸੇ ਵਾਲੇ ਗੁਣ ਹੋਣ ਤਾਂ ਬਹੁਤ-ਬਹੁਤ ਮੁਬਾਰਕ ਨਹੀਂ ਤਾਂ ਜੇ ਹਰ ਕੋਈ ਸੱਜਣ ਇਸ ਦੀ ਵਰਤੋਂ ਕਰਨ ਲੱਗ ਜਾਏ ਜਿਸ ਵਿਚ ਖਾਲਸੇ ਵਾਲੇ ਗੁਣ ਨਾ ਹੋਣ ਤਾਂ ਇਹ ਇੱਕ ਤਰ੍ਹਾਂ ਨਾਲ 'ਖਾਲਸਾ' ਸ਼ਬਦ ਦੀ ਨਿਰਾਦਰੀ ਹੈ।

ਖਾਲਸੇ ਦੇ ਵਿਰੋਧੀਆਂ ਵਲੋਂ ਇਸ ਨੂੰ ਅਤਿਵਾਦੀ, ਵਖਵਾਦੀ, Extremost, Terrorist ਤੇ ਪਤਾ ਨਹੀਂ ਹੋਰ ਕਿਹੜੇ ਕਿਹੜੇ ਕੋਝੇ ਉਪਨਾਮਾਂ ਦੀ ਵਰਤੋਂ ਕਰਕੇ, ਇਸ ਨੂੰ ਭੰਡਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਓ ਇਸ ਪਵਿੱਤਰ ਸ਼ਬਦ 'ਖਾਲਸਾ' ਤੇ ਵਿਚਾਰ ਕਰਕੇ ਇਹ ਜਾਨਣ ਦੀ ਕੋਸ਼ਿਸ਼ ਕਰੀਏ ਕਿ ਖਾਲਸੇ ਦੀ ਸਾਜਨਾ ਵੇਲੇ ਸ੍ਰੀ ਕਲਗੀਧਰ ਜੀ ਦੇ ਮਨ ਵਿੱਚ 'ਖਾਲਸਾ' ਸ਼ਬਦ ਬਾਰੇ ਕੀ ਧਾਰਨਾ ਸੀ।

**"ਖਾਲਸਾ ਮੇਰੋ ਰੂਪ ਹੈ ਖਾਸ।।**
**ਖਾਲਸੇ ਮਾਹਿ ਹਉ ਕਰਉ ਨਿਵਾਸ।।"**

ਇਹ ਬਚਨ ਆਖ ਕੇ ਕਲਗੀਧਰ ਜੀ ਨੇ, ਖਾਲਸਾ ਜੀ ਨੂੰ, ਇਤਨਾ ਵੱਡਾ ਮਾਣ ਬਖਸ਼ਿਆ ਹੈ ਕਿ ਇਸ ਨੂੰ ਆਪਣਾ ਹੀ ਰੂਪ ਬਣਾ ਲਿਆ ਹੈ। ਇਸ ਦਾ ਅਰਥ ਇਹ ਹੋਇਆ ਕਿ ਖਾਲਸਾ ਕਲਗੀਧਰ ਜੀ ਹੈ, ਤੇ ਕਲਗੀਧਰ ਜੀ ਖੁਦ ਹੀ ਖਾਲਸਾ ਹਨ। ਜੇ ਕਲਗੀਧਰ ਜੀ ਨੇ ਖਾਲਸੇ ਨੂੰ ਇਤਨੀ ਮਹਾਨ ਵਡਿਆਈ ਬਖਸ਼ ਦਿੱਤੀ ਹੈ ਤਾਂ ਜ਼ਰਾ ਪੜਚੋਲ ਕਰੀਏ ਕਿ:-

1. ਸ੍ਰੀ ਕਲਗੀਧਰ ਜੀ ਖੁਦ ਕਿਸ ਪਦਵੀ ਦੇ ਮਾਲਕ ਹੋਏ?
2. ਜਦੋਂ ਖਾਲਸੇ ਨੂੰ ਆਪ ਜੀ ਨੇ ਆਪਣਾ ਹੀ ਰੂਪ ਬਖਸ਼ ਦਿੱਤਾ ਤਾਂ ਖਾਲਸੇ ਦਾ ਸਰੂਪ ਕਿਆ ਹੋਇਆ?

ਪੰਥ ਅੰਦਰ ਇਹ ਦੋ ਤੱਥ ਨਿਰਵਿਵਾਦ ਅਤੇ ਐਸੇ ਪਰਮਾਣੀਕ ਤੱਥ ਹਨ ਜਿਸ ਤੇ ਕਿਸੀ ਲਈ ਭੀ ਕੋਈ ਕਿੰਤੂ ਪਰੰਤੂ ਕਰਨ ਦੀ ਗੁਜਾਇਸ਼ ਨਹੀਂ ਹੈ। ਇੱਕ ਇਹ ਕਿ ਗੁਰੂ ਗਰੰਥ ਸਾਹਿਬ ਵਿੱਚ ਦਰਜ ਸਮੁੱਚੀ ਬਾਣੀ 'ਖਸਮ ਕੀ ਬਾਣੀ' ਜਾਂ 'ਧੁਰ ਕੀ ਬਾਣੀ' ਹੈ:-

**"ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ ਗੁਰ ਸਿਖਹੁ"** (੩੦੮) ਦਾ ਹੁਕਮ ਹੈ-ਦੂਸਰੇ **"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ"** (੯੬੬) ਅਨੁਸਾਰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਕਲਗੀਧਰ ਜੀ ਤੱਕ ਦਸੇ ਹੀ ਗੁਰੂ ਸਾਹਿਬਾਨ ਵਿੱਚ ਇਕ ਹੀ ਜੋਤਿ ਵਿਚਰਦੀ ਆ ਰਹੀ ਹੈ। 'ਗੁਰਮਤਿ' ਦੀ ਜੋ ਜੁਗਤੀ ਗੁਰੂ ਨਾਨਕ ਦੇਵ ਜੀ ਨੇ ਜੁਗਤਾਈ ਸੀ, ਦਸੇ ਗੁਰੂ ਸਾਹਿਬਾਨ ਨੇ 'ਜੁਗਤਿ ਸਾਇ' ਤੇ ਹੀ ਅਮਲ ਕੀਤਾ। ਸਿਰਫ਼ ਉਨ੍ਹਾਂ ਦੀ 'ਸਹ ਕਾਇਆ' ਜਾਂ ਆਪਣਾ ਸਰੀਰ ਹੀ ਪਲਟੀ ਹੁੰਦਾ ਰਿਹਾ। ਇਸ ਲਈ ਦਸੇ ਗੁਰੂ ਸਾਹਿਬਾਨ ਨੂੰ ਭਿੰਨ ਭਿੰਨ ਕਰਕੇ ਜਾਨਣਾ ਸਾਡੀ ਵੱਡੀ ਭੁੱਲ ਹੋਵੇਗੀ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਕਲਗੀਧਰ ਜੀ ਤੱਕ ਦਸੇ ਗੁਰੂ ਸਾਹਿਬਾਨ ਦਰਅਸਲ ਕਿਸ ਹਸਤੀ ਦੇ ਮਾਲਕ ਸਨ, ਇਸ ਭੇਦ ਨੂੰ 'ਭੱਟਾਂ' ਨੇ ਆਪਣੀ ਬਾਣੀ ਵਿਚ ਇਨ੍ਹਾਂ ਸ਼ਬਦਾਂ ਦੁਆਰਾ ਖੋਹਲਿਆ ਹੈ:-

**ਆਪਿ ਨਰਾਇਣੁ ਕਲਾ ਧਾਰਿ, ਜਗ ਮਹਿ ਪਰਵਰਿਯਉ।।**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ।।** (੧੩੯੫)
**ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ।।** (੧੪੦੬)
**ਪਰਤਛਿ ਰਿਦੈ ਗੁਰ ਅਰਜੁਨ ਕੈ,**
**ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ।।** (੧੪੦੯)
**ਦੇਵਪੁਰੀ ਮਹਿ ਗਯਉ, ਆਪਿ ਪਰਮੇਸਰਿ ਭਾਯਉ।।** (੧੪੦੯)
**ਹਰਿ ਸਿੰਘਾਸਣੁ ਦੀਅਉ, ਸਿਰੀ ਗੁਰੁ ਤਹ ਬੈਠਾਯਉ।।** (੧੪੦੯)

ਉਪਰ ਦਿਤੇ ਗੁਰ ਫੁਰਮਾਨ ਆਪਣੇ ਆਪ ਵਿਚ ਇਤਨੇ ਸਪੱਸ਼ਟ ਹਨ ਕਿ ਇਨ੍ਹਾਂ ਦੀ ਹੋਰ ਵਿਆਖਿਆ ਦੀ ਲੋੜ ਨਹੀਂ ਭਾਸਦੀ। ਇਨ੍ਹਾਂ ਗੁਰ-ਫੁਰਮਾਨਾਂ ਤੋਂ ਸਾਫ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬਾਨ ਵਿਚ ਪੂਰਨ ਬ੍ਰਹਮ ਦਾ ਨਿਵਾਸ ਸੀ ਜਾਂ ਨਾਰਾਇਣ ਆਪ ਕਲਾਧਾਰ ਜਗ ਵਿਚ ਪਧਾਰੇ ਹੋਏ ਸਨ। ਜਦੋਂ ਜਦੋਂ ਭੀ ਗੁਰੂ ਜੋਤਿ 'ਦੇਵ ਪੁਰੀ' ਪਧਾਰਦੀ ਰਹੀ 'ਹਰਿ ਜੀ' ਗੁਰੂ-ਜੋਤਿ ਨੂੰ ਪੂਰੇ ਸਨਮਾਨ ਦੇ ਨਾਲ ਆਪ ਆਪਣੇ ਸੰਘਾਸਨ ਤੇ ਬਿਰਾਜਮਾਨ ਕਰਦੇ ਰਹੇ। ਇਸ ਵਿਚਾਰ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਕਲਗੀਧਰ ਜੀ ਤੱਕ ਸਾਰੇ ਗੁਰੂ ਸਾਹਿਬਾਨ ਆਪ ਪਰਮੇਸ਼ਵਰ ਸਨ। ਖਾਲਸਾ ਕਲਗੀਧਰ ਜੀ ਦਾ ਹੀ 'ਖਾਸ ਰੂਪ' ਹੈ। ਕਲਗੀਧਰ ਜੀ ਖਾਲਸੇ ਵਿਚ ਆਪ ਨਿਵਾਸ ਰੱਖਦੇ ਹਨ ਤਾਂ ਖਾਲਸਾ ਭੀ ਪਰਮੇਸ਼ਵਰ ਦਾ ਹੀ ਰੂਪ ਸਿੱਧ ਹੋਇਆ।

ਅੱਗੇ ਹੁਣ ਇਸ ਸਿਧਾਂਤ ਤੇ ਕੁੱਝ ਵਿਸਥਾਰ ਸਹਿਤ ਵਿਚਾਰ ਕਰੀਏ ਕਿ ਇੱਕ ਇਨਸਾਨ 'ਖਾਲਸੇ ਦੀ ਪਦਵੀ' ਕਿਵੇਂ ਤੇ ਕਦੋਂ ਪਹੁੰਚਦਾ ਹੈ?

**"ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸਾ ਤਾਹਿ ਨਖਾਲਸ ਜਾਨੈ।।**

ਇਸ ਗੁਰ ਫੁਰਮਾਨ ਦਾ ਭਾਵ ਅਰਥ ਇਹ ਹੈ ਕਿ ਜਦੋਂ ਕਿਸੀ ਇਨਸਾਨ ਦੇ ਘਟ (ਸਰੀਰ) ਵਿਚ ਪੂਰਨ ਜੋਤਿ ਜਗਮਗਾ ਉਠਦੀ ਹੈ ਤਾਂ ਉਹ ਇਨਸਾਨ, ਪਵਿੱਤਰ ਸ਼ੁੱਧ ਜਾਂ ਖਾਲਸ ਹੋ ਜਾਂਦਾ ਹੈ। ਖਾਲਸ ਹੋਣ ਲਈ ਕਲਗੀਧਰ ਜੀ ਤਿੰਨ ਸ਼ਰਤਾਂ (Conditions) ਲਗਾਉਂਦੇ ਹਨ। ਤਿੰਨ ਸ਼ਰਤਾਂ ਇਹ ਹਨ:
1. ਪੂਰਨ ਜੋਤਿ 2. "ਜਗੈ" 3. ਘਟ ਮੈ ਅੱਗੋਂ ਇਨ੍ਹਾਂ ਤਿੰਨਾਂ ਸ਼ਰਤਾਂ ਤੇ ਵਿਚਾਰ ਹੋਵੇਗੀ:-

**੧. ਪੂਰਨ ਜੋਤਿ**

ਰਾਤ ਸਮੇਂ ਅਸਮਾਨ ਵਿਚ ਜਿਤਨੇ ਭੀ ਤਾਰੇ ਚਮਕਦੇ ਹੋਏ ਨਜ਼ਰ ਆਉਂਦੇ ਹਨ ਇਹ ਆਕਾਰ ਵਿੱਚ, ਜਾਂ ਤਾਂ ਸੂਰਜ ਸਮਾਨ ਹਨ ਜਾਂ ਇਸ ਤੋਂ ਭੀ ਬਹੁਤ ਬੜੇ। ਜਿਸ ਆਕਾਸ਼-ਗੰਗਾ (Galaxy) ਨਾਲ ਸਾਡੇ ਸੂਰਜ ਮੰਡਲ ਦਾ ਸੰਬੰਧ ਹੈ, ਉਸ ਨੂੰ ਮਿਲਕੀ ਵੇ (Milky Way) ਅਰਥਾਤ ਆਕਾਸ਼-ਗੰਗਾ ਆਖਦੇ ਹਨ। ਇਸ ਇੱਕ ਹੀ ਆਕਾਸ਼ ਗੰਗਾ ਵਿੱਚ ਇੱਕ ਖਰਬ (One hundred Thousand million) ਤਾਰੇ ਹਨ। ਐਸੀ ਕੋਈ


www.AKJ.Org

ਇਕ ਅਰਬ (One thousand million) ਆਕਾਸ਼-ਗੰਗਾਵਾਂ ਹੁਣ ਤੱਕ ਦਰਿਆਫਤ ਹੋ ਚੁੱਕੀਆਂ ਹਨ। ਇਤਨੇ ਬੇਅੰਤ ਸੂਰਜਾਂ ਦੀ ਰੌਸ਼ਨੀ ਕਿਆ ਇਨ੍ਹਾਂ ਸੂਰਜਾਂ ਦੀ ਆਪਣੀ ਉਪਜ ਹੈ ਜਾਂ ਇਹ ਕਿਸੀ ਹੋਰ ਸੋਮੇ ਤੋਂ ਪਰਾਪਤ ਹੋ ਰਹੀ ਹੈ ?

**"ਸਭ ਮਹਿ ਜੋਤਿ, ਜੋਤਿ ਹੈ ਸੋਇ।।**
**ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ।।"**

ਇਸ ਗੁਰ-ਫੁਰਮਾਨ ਤੋਂ ਪਤਾ ਚੱਲਦਾ ਹੈ ਕਿ ਇਨ੍ਹਾਂ ਬੇਅੰਤ ਸੂਰਜਾਂ ਵਿਚ ਨਜ਼ਰ ਆਉਂਦਾ ਚਾਨਣ, ਇਨ੍ਹਾਂ ਸੂਰਜਾਂ ਦੀ ਆਪਣੀ ਉਪਜ ਨਹੀਂ ਹੈ। ਇਹ 'ਤਿਸਦੈ' ਚਾਨਣ ਤੋਂ ਚਾਨਣ ਲੈ ਕੇ ਪ੍ਰਕਾਸ਼ਮਾਨ ਹੋ ਰਹੇ ਹਨ। 'ਤਿਸਦੈ ਚਾਨਣਿ ਤੋਂ ਭਾਵ ਹੈ ਅਕਾਲ-ਪੁਰਖ ਦਾ ਚਾਨਣ। ਜਿਸ ਸੋਮੇ ਤੋਂ ਚਾਨਣ ਲੈ ਕੇ ਇਹ ਬੇਅੰਤ ਸੂਰਜ ਰੌਸ਼ਨ ਹੋ ਰਹੇ ਹਨ ਤਾਂ ਉਹ ਸੋਮਾ, ਖੁਦ ਕਿਤਨੇ ਕੁ ਵੱਡੇ ਚਾਨਣ ਦਾ ਭੰਡਾਰ ਹੋਵੇਗਾ? ਸੰਸਾਰ ਅੰਦਰ ਮੌਜੂਦ ਚਾਨਣ ਦੀ ਗਿਣਤੀ ਮਿਣਤੀ ਕਰਨੀ ਸੰਭਵ ਨਜ਼ਰ ਨਹੀਂ ਆਉਂਦੀ ਤੇ ਜਿਸ ਸੋਮੇ ਤੋਂ ਇਹ ਚਾਨਣ ਆ ਰਿਹਾ ਹੈ ਤਾਂ ਉਸ ਸੋਮੇ ਦੇ ਅਥਾਹ ਚਾਨਣ ਦੀ ਗਿਣਤੀ ਮਿਣਤੀ ਕੌਣ ਕਰ ਸਕਦਾ ਹੈ? ਇਸ ਚਾਨਣ ਨੂੰ ਬੇਅੰਤ (Infinite) ਜਾਂ ਪੂਰਨ ਜੋਤਿ ਆਖ ਕੇ ਚੁਪ ਹੀ ਕਰਨਾ ਬਣਦਾ ਹੈ। ਅਕਾਲ-ਪੁਰਖ ਦੀ ਇਸ ਪੂਰਨ ਜੋਤਿ ਨੂੰ ਮੁਖ ਰੱਖਕੇ ਹੀ ਇਸ ਨੂੰ 'ਜੋਤੀ ਸਰੂਪ' ਭੀ ਆਖਿਆ ਜਾਂਦਾ ਹੈ। ਪੂਰਨ ਜੋਤਿ ਦਾ ਅਰਥ ਹੋਇਆ ਅਕਾਲ ਪੁਰਖ ਕੀ "ਪੂਰਨ ਜੋਤਿ"।

੨ ਜਗੈ-

ਹਿੰਦੂ ਅਤੇ ਸਿਖ ਧਰਮ, ਪੁਨਰ-ਜਨਮ ਦੇ ਸਿਧਾਂਤ ਵਿਚ ਵਿਸ਼ਵਾਸ਼ ਰਖਦੇ ਹਨ। ਕੋਈ ਜੀਵ ਕਿਸੀ ਇਕ ਜੂਨੀ ਵਿਚ ਮ੍ਰਿਤੂ ਹੋਣ ਉਪਰੰਤ ਅਗੋਂ ਕਿਸੇ ਹੋਰ ਜੂਨੀ ਵਿਚ ਜਾ ਜਨਮ ਲੈਂਦਾ ਹੈ। ਇਸ ਤਰ੍ਹਾਂ ਇਹ ਸਿਲਸਲਾ ਜਾਰੀ ਰਹਿੰਦਾ ਹੈ ਜਿਸ ਨੂੰ ਪੁਨਰ ਜਨਮ ਆਖਦੇ ਹਨ। ਯਹੂਦੀ, ਇਸਾਈ ਤੇ ਇਸਲਾਮ ਇਹ ਤਿੰਨ ਧਰਮ ਪੁਨਰ ਜਨਮ ਦੇ ਸਿਧਾਂਤ ਨੂੰ ਨਹੀਂ ਮੰਨਦੇ। ਇਨ੍ਹਾਂ ਦੇ ਵਿਸ਼ਵਾਸ ਅਨੁਸਾਰ ਕਬਰਸਥਾਨ ਤੋਂ ਅੱਗੇ ਕੋਈ ਜ਼ਿੰਦਗੀ ਨਹੀਂ ਹੈ। ਮੁਰਦੇ ਨੂੰ ਕਬਰ ਵਿਚ ਦਫ਼ਨ ਕਰਨ ਉਪਰੰਤ, ਸੰਸਾਰ ਦੇ ਖ਼ਾਤਮੇ ਦੇ ਸਮੇਂ ਤੱਕ, ਜੀਵ ਭੀ ਕਬਰ ਵਿਚ ਹੀ ਰਹਿੰਦਾ ਹੈ। ਮਹਾਂ ਪਰਲੋ, ਜਿਸ ਨੂੰ ਮੁਸਲਮਾਨ ਰੋਜ਼-ਏ-ਕਿਆਮਤ ਅਤੇ ਯਹੂਦੀ ਤੇ ਇਸਾਈ Doom's Day ਆਖਦੇ ਹਨ, ਦੇ ਵਕਤ ਕਬਰਾਂ ਵਿਚੋਂ ਸਭ ਮੁਰਦੇ ਜ਼ਿੰਦਾ ਹੋ ਉਠਦੇ ਹਨ, ਅੱਲਾ ਤਾਅਲਾ ਜਾਂ God ਦੇ ਪੇਸ਼ ਹੁੰਦੇ ਹਨ। ਅੱਲਾ ਤਾਅਲਾ ਉਨ੍ਹਾਂ ਦੇ ਸੰਸਾਰ ਵਿਚ ਕੀਤੇ ਹੋਏ ਕੰਮ ਅਨੁਸਾਰ ਨੇਕ ਪੁਰਸ਼ਾਂ ਨੂੰ ਬਹਿਸ਼ਤ ਜਾਂ Heaven ਵਿਚ ਭੇਜ ਦਿੰਦਾ ਹੈ, ਬੁਰੇ ਪੁਰਸ਼ਾਂ ਨੂੰ ਦੋਜ਼ਖ ਜਾਂ Hell ਵਿਚ। ਅਗੋਂ ਉਹ ਹਮੇਸ਼ਾਂ ਹਮੇਸ਼ਾਂ ਲਈ ਬਹਿਸ਼ਤ ਜਾਂ ਦੋਜ਼ਖ ਜਿਥੇ ਵੀ ਉਨ੍ਹਾਂ ਨੂੰ ਭੇਜਿਆ ਗਿਆ ਹੈ, ਉਥੇ ਹੀ ਵਸਦੇ ਹਨ। ਇਸ ਤੋਂ ਅੱਗੇ ਹੋਰ ਕੋਈ ਜਨਮ ਨਹੀਂ ਹੁੰਦਾ।

ਇਨ੍ਹਾਂ ਤਿੰਨਾਂ ਮੱਤਾਂ ਦਾ ਜ਼ਿੰਦਗੀ ਦਾ ਆਖਰੀ ਨਿਸ਼ਾਨਾ ਬਹਿਸ਼ਤ ਪਰਾਪਤ ਕਰਨਾ ਹੈ। ਇਨ੍ਹਾਂ ਦੇ ਪੈਗੰਬਰ ਜਾਂ ਨਬੀਆਂ ਨੇ ਆਪਣੇ ਆਪਣੇ ਮੱਤਾਂ ਦੇ ਧਾਰਮਿਕ ਨਿਯਮ ਕੁਝ ਇਸ ਢੰਗ ਨਾਲ ਨੀਅਤ ਕੀਤੇ ਜੋ ਇਨਸਾਨ ਨੇਕ ਕਰਮ ਕਰੇ, ਬਹਿਸ਼ਤ ਪਰਾਪਤ ਕਰ ਸਕੇ ਬਹਿਸ਼ਤ ਦੀ ਪਰਾਪਤੀ ਤੇ ਜ਼ਿੰਦਗੀ ਦਾ ਨਿਸ਼ਾਨਾ ਪੂਰਾ ਹੋਇਆ ਸਮਝ ਇਥੇ ਹੀ ਸੰਤੁਸ਼ਟ ਹੋ ਬੈਠ ਜਾਂਦੇ ਹਨ।

ਹਿੰਦੂ ਧਰਮ, ਜੀਵ ਦੇ ਚੌਰਾਸੀ ਲਖ ਜੂਨਾਂ ਵਿਚ ਬਾਰ ਬਾਰ ਚੱਕਰ ਕਟਣ ਅਤੇ ਇਨ੍ਹਾਂ ਜੂਨਾਂ ਦੇ ਕਸ਼ਟ ਭੋਗਣ ਤੋਂ ਛੁਟਕਾਰਾ ਹਾਸਲ ਕਰਨ ਲਈ ਮੁਕਤੀ ਚਾਹੁੰਦਾ ਹੈ। ਮੁਕਤੀ ਪਰਾਪਤ ਕਰਨੇ ਲਈ ਰਿਸ਼ੀਆਂ ਮੁਨੀਆਂ ਨੇ ਵੇਦਾਂਤ ਤੇ ਯੋਗ ਦੇ ਦੋ ਮਾਰਗ ਦਰਿਆਫਤ ਕੀਤੇ। ਇਨ੍ਹਾਂ ਦੋਨਾਂ ਵਿਚੋਂ ਕਿਸੀ ਇਕ ਮਾਰਗ ਨੂੰ ਵੀ ਅਪਣਾਇਆਂ ਇਨਸਾਨ ਆਤਮ ਸ਼ਾਖਸ਼ਾਤਕਾਰ ਤੱਕ ਪਹੁੰਚ ਜਾਂਦਾ ਹੈ- ਭਾਵ ਆਪਣੇ ਸਰੀਰ ਅੰਦਰ ਵਸਦੀ ਆਪਣੀ ਗੁਪਤ ਆਤਮਾ ਨੂੰ ਪ੍ਰਗਟ ਕਰ ਆਪਣੇ ਨੇਤਰਾਂ ਨਾਲ ਪਰਤੱਖ ਤੌਰ ਤੇ ਦੇਖਦਾ ਹੈ। ਇਸ ਪਦ ਪੁਗਿਆਂ "ਮੈਂ ਸਰੀਰ ਹਾਂ" ਦੀ ਧਾਰਨਾ ਖ਼ਤਮ ਹੋ "ਮੈਂ ਆਤਮਾ ਹਾਂ" ਦਾ ਗਿਆਨ ਹੋ ਜਾਂਦਾ ਹੈ। ਇਸ ਗਿਆਨ ਦੀ ਪਰਾਪਤੀ ਤੇ, "ਮੈਂ ਸਰੀਰ ਹਾਂ" ਜਿਸ ਨੂੰ ਹਉਮੈਂ ਭੀ ਆਖਦੇ ਹਨ, ਦੀ ਧਾਰਨਾ ਦਾ ਖ਼ਾਤਮਾ ਹੋ ਜਾਂਦਾ ਹੈ। 'ਹਉਮੈਂ' ਦੇ ਖ਼ਾਤਮੇ ਦੇ ਨਾਲ ਹੀ 'ਹਉਮੈਂ' ਅਧੀਨ ਕੀਤੇ ਕਰਮਾਂ ਦਾ ਭੀ ਨਾਸ਼ ਹੋ ਜਾਂਦਾ ਹੈ। ਕਰਮ ਦੇ ਨਾਸ਼ ਹੋਣ ਤੇ ਜੀਵ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ।

**ਗਿਆਨੈ ਕਾਰਨ ਕਰਮ ਅਭਿਆਸ ।।**
**ਗਿਆਨੁ ਭਇਆ ਤਹ ਕਰਮਹ ਨਾਸ।।** (ਪੰਨਾ ੧੧੬੭)

ਗਿਆਨ ਉਪਰੰਤ, ਕਰਮ ਫਲ ਦੇ ਨਾਸ਼ ਤੇ, ਮੁਕਤੀ ਪਰਾਪਤ ਕਰ, ਹਿੰਦੂ ਧਰਮ ਸ਼ਕਤੀ ਤੇ ਸਤੁੰਸ਼ਟ ਹੋ ਬੈਠਦਾ ਹੈ।

**ਰਾਜੁ ਨ ਚਾਹਉ ਮੁਕਤਿ ਨ ਚਾਹਉ**
**ਮਨਿ ਪ੍ਰੀਤਿ ਚਰਨ ਕਮਲਾਰੇ ।।** (੫੩੪)
**ਚਰਨ ਕਮਲ ਕੀ ਮਾਉਜ ਮਹਿ**
**ਰਹਉ ਅੰਤਿ ਅਰੁ ਆਦਿ।।** (੧੩੭੦)

ਖਾਲਸਾ ਨਾਂ ਰਾਜ ਦੀ ਮੰਗ ਕਰਦਾ ਹੈ ਅਤੇ ਨਾ ਹੀ ਸ਼ਕਤੀ ਦਾ ਹੀ ਚਾਹਵਾਨ ਹੈ, ਮੁਕਤਿ ਬਪੁੜੀ ਭੀ ਗਿਆਨੀ ਤਿਆਗੇ (1078)। ਖ਼ਾਲਸੇ ਦੀ ਮੰਗ ਹੈ ਪ੍ਰਭੂ ਪਰਮਾਤਮਾਂ ਦੇ ਚਰਨ ਕੰਵਲਾਂ ਦੀ ਪ੍ਰੀਤੀ। ਉਹ ਆਦਿ ਤੋਂ ਅੰਤ ਤਕ ਪ੍ਰਭੂ ਪਰਮਾਤਮਾ ਦੇ ਚਰਨ ਕੰਵਲਾਂ ਦੀ ਮੌਜ ਦਾ ਹੀ ਆਨੰਦ ਮਾਨਣਾ ਚਾਹੁੰਦਾ ਹੈ। ਪ੍ਰੀਤ ਚਰਨ ਕਮਲ ਜਾਂ 'ਚਰਨ ਕਮਲ ਕੀ ਮੌਜ ਤੋਂ ਭਾਵ ਹੈ ਅਕਾਲ- ਪੁਰਖ ਦੇ ਚਰਨਾਂ ਵਿਚ ਨਿਵਾਸ। ਇਸ ਲਈ ਖ਼ਾਲਸੇ ਦਾ ਜ਼ਿੰਦਗੀ ਦਾ ਨਿਸ਼ਾਨਾ ਹੋਇਆ ਅਕਾਲ-ਪਰਖ ਦਾ ਮਿਲਾਪ। ਜੀਵ - ਆਤਮਾ ਅਤੇ ਪਰਮ- ਆਤਮਾਂ ਦੋਨੋ ਹੀ, ਸਰੀਰ ਅੰਦਰ ਹਰ ਵਕਤ ਗੁਪਤ ਹਾਲਤ ਵਿਚ ਨਿਵਾਸ ਰਖਦੇ ਹਨ।

**ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ।।**
**ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ।।** (੬੧੭)

ਹਰ ਲੱਕੜੀ ਵਿਚ ਅੱਗ ਅਤੇ ਸਾਰੇ ਹੀ ਦੁਧ ਵਿਚ ਘਿਓ ਮੌਜੂਦ ਹੁੰਦਾ ਹੈ। ਇਕ ਖਾਸ ਯਤਨ ਨਾਲ ਲਕੜੀ ਵਿਚੋਂ ਅੱਗ ਤੇ ਦੁਧ ਵਿਚੋਂ ਘਿਓ ਨਿਕਲ ਪਰਗਟ ਹੋ ਜਾਂਦਾ ਹੈ। ਇਸੀ ਤਰਾਂ ਹੀ ਹਰ ਛੋਟੇ ਬੜੇ ਵਜੂਦ ਵਿਚ ਅਕਾਲ ਪੁਰਖ ਦੀ ਜੋਤਿ ਮੌਜੂਦ ਹੁੰਦੀ ਹੈ। ਇਹ ਜੋਤਿ ਭੀ ਇਕ ਖਾਸ ਯਤਨ ਦੁਆਰਾ ਪਰਗਟ ਹੋ ਲਟ ਲਟ ਕਰ ਜਗਮਗਾਉਣ ਲਗ ਜਾਂਦੀ ਹੈ।


www.AKJ.Org

੩. ਘਟਿ ਮੈ: ਜਿਸ ਤਰਾਂ ਹਿੰਦੂ ਧਰਮ ਨੇ ਜੀਵ-ਆਤਮਾ ਦੇ ਸਾਖ ਸਾਤਕਾਰ ਲਈ ਵੇਦਾਂਤ ਅਤੇ ਯੋਗ ਦੇ ਮਾਰਗ ਦਰਿਆਫਤ ਕੀਤੇ ਇਸੀ ਤਰਾਂ ਹੀ ਗੁਰੂ ਨਾਨਕ ਦੇਵ ਜੀ ਪਰਮ - ਆਤਮਾ ਦੇ ਸਾਖਸ਼ਾਤਕਾਰ ਲਈਂ ਗੁਰਮਤਿ ਦੇ ਗਾਡੀ ਰਾਹ ਤੋਂ ਸੰਸਾਰ ਨੂੰ ਗਿਆਨ ਕਰਾਇਆ। 'ਗੁਰਮਤਿ' ਦੀ ਦਰਸਾਈ ਵਿਧੀ ਅਨੁਸਾਰ ਗੁਰ- ਸ਼ਬਦ ਦੀ ਕਮਾਈ ਦੁਆਰਾ ਸਰੀਰ ਦੇ ਅੰਦਰ, ਦਸਮ-ਦੁਆਰ ਦਾ ਪੱਥਰ ਜੈਸਾ ਮਜ਼ਬੂਤ ਦਰਵਾਜਾ, ਆਪਣੇ ਆਪ ਬਗੈਰ ਕਿਸੀ ਕਠਨਾਈ ਦੇ ਖੁੱਲ੍ਹ ਜਾਂਦਾ ਹੈ, ਹੋਰ ਕਿਸੀ ਭੀ ਦੂਸਰੇ ਉਪਾਓ ਦੁਆਰਾ ਇਹ 'ਬੱਜਰ ਕਪਾਟ' ਨਹੀ ਖੁੱਲ੍ਹਦਾ।

**ਬੱਜਰ ਕਪਾਟ ਨ ਖੁਲਨੀ ਗੁਰ ਸਬਦਿ ਖੁੋਲੀਜੈ॥** (੯੫੪)

ਖਾਸ ਵਿਧੀ ਪੂਰਬਕ, ਗੁਰੂ-ਸ਼ਬਦ ਦੀ ਕੀਤੀ ਕਮਾਈ ਦੁਆਰਾ ਜਦੋਂ ਦਸਮ-ਦੁਆਰ ਖੁੱਲ੍ਹਦਾ ਹੈ ਤਾਂ ਗੁਰ ਸਬਦੀ ਗੋਬਿੰਦੁ ਗਜਿਆ (1315) ਪਰਭੂ ਪਰਮ-ਆਤਮਾ ਘਟਿ ਮਾਂਹਿ ਹੀ ਆ ਪ੍ਰਗਟ ਹੁੰਦਾ ਹੈ, ਪ੍ਰਭੂ ਪਰਮ-ਆਤਮਾ ਦੇ ਪ੍ਰਗਟ ਹੁੰਦੇ ਸਾਰ ਹੀ ਇਸ ਦੀ ਪੂਰਨ-ਜੋਤਿ ਭੀ ਸਰੀਰ ਅੰਦਰ ਹੀ ਲਟ ਲਟ ਕਰ ਜਗਮਾ ਉਠਦੀ ਹੈ। ਜੀਵ-ਆਤਮਾ ਅਤੇ ਪਰਮ-ਆਤਮਾ ਦੋਨਾਂ ਦਾ ਮਿਲਾਪ ਹੋ "ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ਜਾਂ ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ ਦਾ ਵਰਤਾਰਾ ਵਰਤੀਜਦਾ ਹੈ।

ਇਸ ਪਰਕਾਰ ਕਲਗੀਧਰ ਜੀ ਵਲੋਂ ਪਵਿੱਤਰ, ਸ਼ੁੱਧ ਜਾਂ ਖਾਲਸੇ ਬਣਨੇ ਲਈ ਜੋ ਤਿੰਨ ਸ਼ਰਤਾਂ ਪੂਰਨ ਜੋਤਿ, ਜਗੈ, ਘਟ ਮੈ, ਲਗਾਈਆਂ ਗਈਆਂ ਸਨ, ਪੂਰੀਆ ਹੋ ਇਨਸਾਨ ਸ਼ੁੱਧ ਜਾਂ 'ਖਾਲਸ' ਬਣ ਜਾਂਦਾ ਹੈ। ਐਸੇ ਖਾਲਸ ਹੋ ਚੁੱਕੇ ਇਨਸਾਨ ਨੂੰ ਕਲਗੀਧਰ ਜੀ ਨੇ 'ਖਾਲਸਾ' ਅਤੇ ਐਸੇ ਖਾਲਸਿਆਂ ਦੇ ਸਮੂਹ ਨੂੰ 'ਖਾਲਸਾ ਪੰਥ' ਦਾ ਨਾਮ ਦਿੱਤਾ ਅਤੇ ਕਬੀਰ ਜੀ ਦੇ ਕਥਨ ਅਨੁਸਾਰ:

"ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥" (੬੫੫)

## ਏਡਜ਼ ਅਤੇ ਹੋਰ ਭਿਆਨਕ ਬੀਮਾਰੀਆਂ ਦੀ ਰੋਕ

ਸੰਸਾਰ ਵਿੱਚ ਏਡਜ਼ ਦੀ ਬੀਮਾਰੀ ਦਿਨੋ ਦਿਨ ਵੱਧਦੀ ਜਾ ਰਹੀ ਹੈ। ਇਸ ਭਿਆਨਕ ਬੀਮਾਰੀ ਦਾ ਇਲਾਜ ਡਾਕਟਰੀ ਮਾਹਿਰਾਂ ਨੂੰ ਹਾਲੇ ਤੀਕ ਨਹੀਂ ਲੱਭਿਆ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਫੌਜ ਨੂੰ ਰਿਸ਼ਟ ਪੁਸ਼ਟ ਰੱਖਣ ਵਾਸਤੇ ਇੱਕ ਅਜਿਹਾ ਜ਼ਾਬਤਾ (Code) ਤਿਆਰ ਕੀਤਾ ਜਿਸ ਸਦਕਾ ਏਡਜ਼, ਕੈਨਸਰ, ਟੀ.ਬੀ., ਦਮਾ ਆਦਿ ਬੀਮਾਰੀਆਂ ਦੇ ਪੈਦਾ ਹੋਣ ਦੀ ਸੰਭਾਵਨਾ ਬਿਲਕੁੱਲ ਖਤਮ ਕਰ ਦਿੱਤੀ। ਇਸ ਜ਼ਾਬਤੇ ਅਨੁਸਾਰ ਹਰ ਖਾਲਸੇ ਨੂੰ ਪਰਾਈ ਇਸਤਰੀ ਤੇ ਪਰਾਏ ਪੁਰਸ਼ ਨਾਲ ਸੰਭੋਗ ਅਤੇ ਤੰਬਾਕੂ ਨੋਸ਼ੀ ਦੀ ਸਖਤ ਮਨਾਹੀ ਕਰ ਦਿੱਤੀ। ਜੇ ਅਜੋਕੀ ਦੁਨੀਆਂ ਦੇ ਸਾਰੇ ਬੰਦੇ ਇਸ ਜ਼ਾਬਤੇ (ਖਾਲਸਾ ਰਹਿਤ) ਨੂੰ ਅਪਨਾਅ ਲੈਣ ਤਾਂ ਮਨੁੱਖ-ਜਾਤੀ ਏਡਜ਼ ਤੇ ਹੋਰ ਜਾਨ ਲੇਵਾ ਬੀਮਾਰੀਆਂ ਤੋਂ ਛੁਟਕਾਰਾ ਪਾ ਸਕਦੀ ਹੈ।

# ਮੈਂ ਗੁਰੂ ਗੋਬਿੰਦ ਸਿੰਘ ਦਾ ਸਿੱਖ ਅਖਵਾਂਦਾ ਹਾਂ

(ਤੇਗ ਬਹਾਦਰ ਸਿੰਘ 'ਤੇਗ')

ਮੈ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਉਹਦੇ ਨਕਸ਼ੇ ਕਦਮਾਂ ਦਾ, ਮੈਂ ਭੇਖ ਬਣਾਦਾ ਹਾਂ।
ਪੱਥਰ ਦੇਹ ਮਨ ਮੇਰਾ, ਜੋ ਮੂਲੋਂ ਭਿਜਦਾ ਨਹੀਂ।
ਸਿੱਜਦੇ ਵੀ ਕਰਦਾ ਹਾਂ, ਬਾਣੀ ਵੀ ਗਾਂਦਾ ਹੈ।
ਮੈ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਮੈਂ ਉਹਦੇ ਹੁਕਮਾਂ ਨੂੰ, ਸਿਰ ਵੀ ਝੁਕਾਂਦਾ ਹਾਂ।
ਇਹ ਪੱਥਰ ਦਿਲ ਮੇਰਾ, ਸਮਝ ਨਹੀਂ ਪੈਂਦੀ 'ਤੇਗ'।
ਕਾਹਤੋਂ ਪਸੀਜੇ ਨਾ, ਲੱਖ ਸੋਚ ਦੁੜਾਂਦਾ ਹਾਂ।
ਮੈ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਮੈਂ ਉਹਦੀ ਕ੍ਰਿਪਾ ਦਾ, ਪੂਰਾ ਲਾਭ ਉਠਾਂਦਾ ਹਾਂ।
ਜਦ ਔਹੁਦਾ ਮਿਲ ਜਾਵੇ ਜਾਂ ਵਜੀਰੀ ਮਿਲ ਜਾਵੇ।
ਮੈਂ ਗੁਰਸਿੱਖ ਵੀਰਾਂ ਦੀ, ਪੁੱਠੀ ਖੱਲ ਲੁਹਾਂਦਾ ਹਾਂ।
ਮੈ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਗੁਰੂ ਨਾਲੋਂ ਮੈਂ ਗੋਲਕ ਦਾ, ਤੇਜ ਵਧਾਂਦਾ ਹਾਂ।
ਧਰਮ ਨਾਲੋਂ ਵੀ, ਧੜੇ ਨੂੰ ਭਾਰੀ ਸਮਝੇ 'ਤੇਗ'।
ਧੜੇ ਪਿੱਛੇ ਧਰਮ ਦੀ, ਹੇਠੀ ਕਰਵਾਂਦਾ ਹਾਂ।
ਮੈ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਸਿਗਰਟ, ਬੀੜੀ, ਜ਼ਰਦਾ, ਕਦੇ ਪਾਨ ਵੀ ਖਾਂਦਾ ਹਾਂ।
ਨ ਸ਼ਰਮ ਹਿਯਾ ਮੈਨੂੰ, ਦਾਹੜਾ ਕਟਵਾ ਲੈਨਾ।
ਕਈ ਵਾਰੀ ਲਜਿਤ ਹੋ, ਠੇਡੇ ਵੀ ਖਾਂਦਾ ਹਾਂ।
ਮੈ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਮੈਂ ਅੰਮ੍ਰਿਤ ਛਕਿਆ ਹੈ, ਪੰਜ ਕਕਾਰ ਸਜਾਂਦਾ ਹਾਂ।
ਨੇਕੀ ਕਦੇ ਕਰਦਾ ਨਹੀਂ, ਦਸਵੰਧ ਨਾ ਕੱਢਦਾ 'ਤੇਗ'
ਹੱਥ ਮਾਲਾ ਲੈ ਕੇ ਬਸ, ਇੱਕ ਢੌਂਗ ਰਚਾਂਦਾ ਹਾਂ।
ਮੈ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਪੁਜਾਰੀ ਫੈਸ਼ਨ ਦਾ, ਕੋਟ ਪੈਂਟ ਵੀ ਪਾਂਦਾ ਹਾਂ।
ਠੇਕੇ ਤੇ ਖੜ੍ਹਕੇ 'ਤੇਗ', ਪੰਜ ਰਤਨੀ ਪੀ ਲੈਨਾਂ।
ਕੁੱਠਾ ਮਾਸ ਖਾ ਕੇ ਮੈਂ, ਚਿਤ੍ਰਹੀਣ ਵੀ ਹੋ ਜਾਂਦਾ ਹਾਂ।
ਮੈ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਭ੍ਰਿਸ਼ਟਾ ਚਾਰੀ ਸਾਥਣ ਦਾ, ਸਾਥ ਨਿਭਾਦਾ ਹਾਂ।
ਦੁਨੀਆਂ ਲੁੱਟ ਲੁੱਟ ਕੇ, ਘਰ ਆਪਣਾ ਭਰਦਾ 'ਤੇਗ'।
ਮਨ ਚੰਦਰਾ ਰਜਦਾ ਨ, ਲੱਖ ਸ਼ੁਗਲ ਰਚਾਂਦਾ ਹਾਂ।

**ਸੁਹਿਰਦ ਲੇਖਕਾਂ ਪ੍ਰਤੀ ਬੇਨਤੀ ਹੈ ਕਿ ਲੇਖ ਵਿਚ ਦਿੱਤੀਆਂ ਗੁਰਬਾਣੀ ਦੀਆਂ ਤੁਕਾਂ, ਤਾਰੀਖਾਂ, ਸੰਨ-ਸੰਮਤ, ਹਵਾਲੇ, ਪੰਨਾ ਨੰਬਰ ਆਦਿ ਚੰਗੀ ਤਰ੍ਹਾਂ ਸੋਧ ਕੇ ਲਿਖੀਆਂ ਜਾਣ।**


www.AKJ.Org

# ਪਹਿਲੇ ਪੰਗਤ ਪਾਛੈ ਸੰਗਤ

(ਡਾ: ਸਰਬਜੋਤ ਕੌਰ ਗੌਰਮਿਟ ਕਾਲਜ ਫਾਰ ਵੂਮੈਨ, ਲੁਧਿਆਣਾ)

ਮਾਨਵ-ਜਾਤੀ ਦੀ ਏਕਤਾ, ਸਮਾਨਤਾ ਤੇ ਸ਼ਕਤੀ ਦੀ ਸਭ ਤੋਂ ਵੱਡੀ ਦੁਸ਼ਮਣ 'ਵਰਣ-ਵੰਡ' ਰਹੀ ਹੈ। 'ਸਭ ਮਹਿ ਜੋਤਿ ਜੋਤਿ ਹੈ ਸੋਇ' ਵਿਚਾਰ ਦੇ ਧਾਰਨੀ ਸਿੱਖ ਧਰਮ ਨੇ ਹੋਂਦ ਵਿਚ ਆਉਦਿਆਂ ਹੀ ਇਸ 'ਵੱਡੇ ਦੁਸ਼ਮਣ' ਦਾ ਦਲੇਰੀ ਨਾਲ ਮੁਕਾਬਲਾ ਕਰਨਾ ਆਰੰਭ ਕਰ ਦਿੱਤਾ। ਬ੍ਰਾਹਮਣਵਾਦ ਦੀ ਤਕਸੀਮ ਵਾਲੀ ਬਿਰਤੀ ਨੇ ਦੇਵੀ ਦੇਵਤੇ ਵੰਡੇ ਹੋਏ ਸਨ, ਧਰਮ ਅਸਥਾਨ ਵੰਡੇ ਹੋਏ ਸਨ, ਪੂਜਾ ਢੰਗ ਵੰਡੇ ਹੋਏ ਸਨ। ਸ਼ੂਦਰ ਦੇ ਹੱਥ ਦਾ ਖਾਣਾ ਪੀਣਾ ਤਾਂ ਇਕ ਪਾਸੇ ਉਸਦੇ ਪਰਛਾਵੇਂ, ਇੱਥੋਂ ਤਕ ਕਿ ਨਜ਼ਰ ਨਾਲ ਵੀ ਭਿੱਟ ਹੁੰਦੀ ਸੀ। ਗੁਰੂ ਨਾਨਕ ਦੇਵ ਜੀ ਨੇ ਨਿਰਮਲ ਪੰਥ ਚਲਾਇਆ। ਜਾਤ-ਪਾਤ ਦੇ ਵਰਣ ਆਸ਼ਰਮ ਦੇ ਵਿਤਕਰਿਆਂ ਦਾ ਪੂਰਨ ਖੰਡਨ ਅਤੇ ਸਰਬ ਸਾਂਝੀਵਾਲਤਾ, ਏਕਤਾ ਅਤੇ ਬਰਾਬਰੀ ਦੇ ਸਿਧਾਂਤਾਂ ਦਾ ਕੇਵਲ ਜ਼ਬਾਨੀ ਜ਼ਬਾਨੀ ਪ੍ਰਚਾਰ ਕਰਨ ਦੀ ਥਾਂ ਪ੍ਰੈਕਟੀਕਲ ਇਨਕਲਾਬੀ ਕਦਮ ਚੁੱਕੇ। ਆਪਣਾ ਸਾਥੀ ਅਖੌਤੀ ਨੀਵੀਂ ਜਾਤ ਦਾ ਮਰਦਾਨਾ ਬਣਾਇਆ। ਜੇ ਕੋਈ ਪੁਛਦਾ ਇਹ ਕੌਣ ਹੈ? ਤਾਂ ਜੁਆਬ ਮਿਲਦਾ, ਇਹ ਮੇਰਾ ਭਾਈ ਹੈ।'

ਜਾਤ ਪਾਤ ਦੇ ਪਾੜੇ ਨੂੰ ਦੂਰ ਕਰਨ ਲਈ ਅਗਲਾ ਕਦਮ ਲੰਗਰ ਪ੍ਰਥਾ ਨੂੰ ਅਰੰਭ ਕਰਨਾ ਸੀ। ਪਹਿਲੀ ਉਦਾਸੀ ਤੋਂ ਬਾਅਦ ਜਦ ਆਪ ਨੇ ਰਾਵੀ ਦੇ ਕੰਢੇ ਆ ਟਿਕਾਣਾ ਕੀਤਾ ਤਾਂ ਉਥੋਂ ਦੇ ਇੱਕ ਸਰਦਾਰ, ਜਿਸ ਦਾ ਨਾਮ 'ਕ੍ਰੋੜੀਆ' ਸੀ, ਨੇ ਗੁਰੂ ਜੀ ਦਾ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ ਪਰ ਦਰਸ਼ਨ ਕਰਦਿਆਂ ਹੀ ਜਨਮਾਂ-ਜਨਮਾਂਤਰਾਂ ਦੀ ਐਸੀ ਭੁੱਖ ਲੱਥੀ ਕਿ ਮੁੜ ਗੁਰੂ ਦਾ ਹੀ ਹੋ ਕੇ ਰਹਿ ਗਿਆ। ਉਸ ਦੀ ਬੇਨਤੀ ਤੇ ਉਥੇ ਇੱਕ ਧਰਮਸ਼ਾਲਾ ਬਣਵਾਈ ਗਈ ਤੇ ਅੰਨ-ਪਾਣੀ ਦੀ ਦੇਗ ਟੁਰੀ। ਧਰਮਸ਼ਾਲ ਵਾਲੇ ਟਿਕਾਣੇ ਦਾ ਨਾਉਂ 'ਕਰਤਾਰਪੁਰ' ਪਿਆ ਤੇ ਦੇਗ ਦਾ ਨਾਂ 'ਗੁਰੂ ਕਾ ਲੰਗਰ' ਪ੍ਰਸਿਧ ਹੋਇਆ। 'ਲੰਗਰ' ਸ਼ਬਦ ਉਸ ਅੰਨ ਸ਼ਾਲਾ ਲਈ ਵਰਤਿਆ ਗਿਆ ਜੋ ਬੇਕਸਾਂ, ਬੇਸਹਾਰੇ, ਗਰੀਬਾਂ, ਲੋੜਵੰਦਾਂ ਦੇ ਅੰਨ ਦਾ ਸਹਾਰਾ ਹੋਵੇ।

ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਗੁਰੂ ਅੰਗਦ ਦੇਵ ਜੀ ਨੇ ਲੰਗਰ ਦੀ ਪ੍ਰਥਾ ਨੂੰ ਕਾਇਮ ਰਖਿਆ। ਲੰਗਰ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਆਪ ਨੇ ਆਪਣੀ ਪਵਿਤਰ ਆਤਮਾ ਸੁਪਤਨੀ ਮਾਤਾ ਖੀਵੀ ਜੀ ਨੂੰ ਸੌਂਪੀ ਹੋਈ ਸੀ। ਮਾਤਾ ਜੀ ਲੰਗਰ ਦੀ ਸੇਵਾ ਜਿਸ ਪ੍ਰੇਮ ਭਾਵਨਾ ਨਾਲ ਕਰਦੇ ਸਨ ਉਸ ਦਾ ਜ਼ਿਕਰ ਸਤੇ ਬਲਵੰਡ ਦੀ ਵਾਰ, ਜੋ ਰਾਮਕਲੀ ਰਾਗ ਵਿਚ ਹੈ, ਵਿਚ ਇਸ ਪ੍ਰਕਾਰ ਲਿਖਿਆ ਹੈ:

**ਬਲਵੰਡ ਖੀਵੀ ਨੇਕ ਜਨ, ਜਿਸ ਬਹੁਤੀ ਛਾਉ ਪਤ੍ਰਾਲੀ।।**
**ਲੰਗਰ ਦਉਲਤਿ ਵੰਡੀਐ, ਰਸ ਅੰਮ੍ਰਿਤੁ ਖੀਰਿ ਘਿਆਲੀ।।**

(ਪੰਨਾ ੯੬੭)

ਅਰਥਾਤ ਮਾਤਾ ਖੀਵੀ ਜੀ ਇਕ ਨੇਕ ਸ਼ਖਸ਼ੀਅਤ ਸਨ ਤੇ ਉਹਨਾਂ ਦੀ ਪਿਆਰ ਰੂਪੀ ਛਾਂ ਸੰਘਣੇ ਪੱਤਿਆ ਵਾਲੇ ਰੁੱਖ ਵਰਗੀ ਸੀ। ਛਾਂ ਨਾਲ ਤਸਵੀਰ ਮਾਂ ਦੀ ਦਿੱਤੀ ਜਾਇਆ ਕਰਦੀ ਹੈ। 'ਮਾਂਵਾ ਠੰਡੀਆਂ ਛਾਵਾਂ' ਲੋਕ ਪ੍ਰਸਿੱਧ ਹੇ। ਕਹਿਣ ਦਾ ਭਾਵ ਕਿ ਮਾਤਾ ਜੀ ਦਾ ਵਤੀਰਾ ਸਭ ਆਏ ਗਏ ਨਾਲ ਮਾਂ ਵਰਗਾ ਸੁਖਦਾਈ ਸੀ। ਉਹਨਾਂ ਹੱਥੋਂ ਲੰਗਰ ਦੀ ਦੌਲਤ ਵੰਡੀ ਜਾਂਦੀ ਸੀ ਤੇ ਦੁੱਧ ਘਿਓ ਵਾਲੀ ਅੰਮ੍ਰਿਤ ਰਸ ਖੀਰ ਪ੍ਰਾਪਤ ਹੁੰਦੀ ਸੀ।

ਗੁਰੂ ਅਮਰਦਾਸ ਜੀ ਦਾ ਸਮਾਂ ਆਇਆ। ਆਪ ਦੇਖ ਰਹੇ ਸਨ ਕਿ ਸੰਗਤਾਂ ਗੋਇੰਦਵਾਲ ਸਾਹਿਬ ਆਉਂਦੀਆਂ ਹਨ, ਕੀਰਤਨ ਸੁਣਦੀਆਂ ਹਨ, ਬਚਨ ਵੀ ਗੁਰੂ ਨਾਲ ਸੁਣਦੀਆਂ ਹਨ, ਸੇਵਾ ਵੀ ਰਕਦੀਆਂ ਹਨ ਪਰ ਜਦ ਲੰਗਰ ਦਾ ਸਮਾਂ ਆਉਂਦਾ ਹੈ ਤਾਂ ਵਰਣ-ਭੇਦ ਨੂੰ ਮਨੋਂ ਨਾ ਭੁਲਾ ਸਕਣ ਵਾਲੇ ਕਈ ਵਾਰ ਵੱਖਰੀਆਂ ਪੰਗਤਾਂ ਲਗਾ ਲੈਂਦੇ ਹਨ ਅਤੇ ਕਈ ਲੰਗਰ ਛਕੇ ਬਗੈਰ ਚਲੇ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਕੋਂ ਥਾਂ ਪੰਗਤ ਵਿੱਚ ਬੈਠ ਕੇ ਲੰਗਰ ਛੱਕਣ ਦੀ ਮਰਯਾਦਾ ਤੋਰੀ ਸੀ। ਗੁਰੂ ਅੰਗਦ ਦੇਵ ਜੀ ਵੀ ਇਸ ਦੀ ਪੂਰੀ ਸੰਭਾਲ ਕਰਦੇ ਰਹੇ ਸਨ। ਪਰ ਤੀਜੇ ਪਾਤਸ਼ਾਹ ਨੇ ਮਹਿਸੂਸ ਕੀਤਾ ਕਿ ਕਰੜਾਈ ਵਰਤਣ ਦੀ ਲੋੜ ਹੈ। ਸਦੀਆਂ ਤੋਂ ਪਕਿਆਂ ਸੁਭਾਅ ਬਦਲਣ ਲਈ ਮਿਹਨਤ ਵੀ ਕਰੜੀ ਕਰਨੀ ਪੈਣੀ ਸੀ। ਆਪ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਫੁਰਮਾਇਆ:

**ਜਾਤਿ ਕਾ ਗਰਬੁ ਨ ਕਰੀਅਹੁ ਕੋਈ।।**
**ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ।।੧।।**
**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।।**
**ਇਸ ਗਰਬੁ ਤੇ ਚਲਹਿ ਬਹੁਤ ਵਿਕਾਰਾ।। ਰਹਾਉ।।**
**ਚਾਰੇ ਵਰਨ ਆਖੈ ਸਭ ਕੋਈ।।**
**ਬ੍ਰਹਮ ਬਿੰਦੇ ਤੇ ਸਭ ਓਪਤਿ ਹੋਈ।।੨।।**
**ਮਾਟੀ ਏਕ ਸਗਲ ਸੰਸਾਰਾ।।**
**ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ।।੩।।**

(ਭੈਰਉ ਮ: ੩, ਪੰਨਾ ੧੧੨੭)

**ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ।।**
**ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ।।**

(ਆਸਾ ਮ: ੩, ਪੰਨਾ ੪੨੬)

**ਅਗੈ ਜਾਤਿ ਰੂਪੁ ਨ ਜਾਇ।।**
**ਤੇਹਾ ਹੋਵੈ ਜੇਹੇ ਕਰਮ ਕਮਾਇ।।** (ਆਸਾ ਮ: ੩, ਪੰਨਾ ੩੬੩)

ਗੁਰਬਾਣੀ ਰਾਹੀਂ ਪ੍ਰੇਰਨਾ ਦੇਣ ਦੇ ਨਾਲ ਨਾਲ ਆਪ ਨੇ ਹੁਕਮ ਦਿਤਾ ਕਿ ਪੰਗਤ ਵਿਚ ਨਾ ਬੈਠਣ ਵਾਲਾ ਹੁਣ ਸੰਗਤ ਵਿਚ ਨਹੀਂ ਬੈਠ ਸਕੇਗਾ। ਆਪ ਨੇ ਨੋਟਿਸ ਲਾ ਰਖਿਆ ਸੀ, 'ਪਹਿਲੇ ਪੰਗਤ ਪਾਛੈ ਸੰਗਤ।' 'ਸੂਰਜ ਪ੍ਰਕਾਸ਼' ਦੇ ਸ਼ਬਦਾਂ ਵਿਚ:-

**ਪ੍ਰਥਮ ਦੇਗ ਮਹਿ ਜਾਇ ਕੇ ਭੋਜਨ ਕੋ ਖਾਵੈ।।**
**ਪੁਨ ਦਰਸ਼ਨ ਗੁਰ ਕੋ ਕਰਹਿ ਚਲਿ ਕਰਿ ਢਿਗ ਆਵੈ।।**

ਇਸ ਹੁਕਮ ਅਨੁਸਾਰ ਹਰ ਜਾਤੀ ਅਤੇ ਹਰ ਰੁਤਬੇ ਦੇ ਆਦਮੀ ਨੂੰ ਇਕੋ ਹੀ ਪੰਗਤ ਵਿਚ ਲੰਗਰ ਛਕਣਾ ਪੈਂਦਾ ਸੀ। ਜਾਤੀ-ਭੇਦ ਨੂੰ ਕਰਾਰੀ ਚੋਟ ਵੱਜੀ। ਗੁਰੂ ਸਾਹਿਬ ਜਾਣਦੇ ਸਨ ਕਿ ਇਸ ਹੁਕਮ ਦੀ ਵਿਰੋਧਤਾ ਹੋਏਗੀ, ਵਿਰੋਧਤਾ ਹੋਈ ਵੀ, ਪਰ ਆਪ ਨੇ ਸ਼ਾਂਤ ਚਿਤ ਰਹਿ ਕੇ ਹਰ ਔਕੜ ਦਾ ਸਾਹਮਣਾ ਕੀਤਾ। ਪਰਬਤ

www.AKJ.Org

ਵਰਗੀ ਮਜ਼ਬੂਤ ਤੇ ਅਡੋਲ ਸਖਸ਼ੀਅਤ ਸਾਹਮਣੇ ਕਿਸੇ ਦੀ ਪੇਸ਼ ਨਾ ਗਈ।

**ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ।।**

ਰਾਮਕਲੀ ਕੀ ਵਾਰ (ਸਤਾ ਬਲਵੰਡ) ਪੰਨਾ ੯੬੮

ਡਾ: ਗੰਡਾ ਸਿੰਘ ਅਨੁਸਾਰ ਹਰੀਪੁਰ ਦੇ ਰਾਜੇ ਅਤੇ ਸਮਰਾਟ ਅਕਬਰ ਵਰਗਿਆਂ ਨੂੰ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਪਿਆ। ਪੰਡਤ ਮਾਈ ਦਾਸ, ਜਿਸ ਨੇ ਪਹਿਲਾਂ ਲੰਗਰ ਛਕਣੋਂ ਮੂੰਹ ਮੋੜਿਆ, ਅੰਤ ਗੁਰੂ ਘਰ ਵਿਚ ਪਹੁੰਚਣ ਲਈ ਮਨੁੱਖੀ ਘ੍ਰਿਣਾ ਤਿਆਗ ਪੰਗਤ ਵਿਚ ਜਾ ਬੈਠਾ। ਜਾਤ-ਪਾਤ, ਘ੍ਰਿਣਾ, ਭ੍ਰਿਸ਼ਟਾਚਾਰ ਤੇ ਊਚ ਨੀਚ ਦੇ ਭਿਆਨਕ ਰੋਗਾਂ ਨਾਲ ਜਕੜਿਆਂ ਸਮਾਜ ਨਰੋਅ ਹੋ ਗਿਆ। ਲੰਗਰ ਦੀ ਪ੍ਰਥਾ ਨੇ ਲੋਕਾਂ ਵਿਚ ਸਾਹਸ ਤੇ ਏਕਤਾ ਨੂੰ ਜਨਮ ਦਿਤਾ। ਗਰੀਬ ਜਨਤਾ ਨੂੰ ਨਵੀਂ ਜ਼ਿੰਦਗੀ ਜੀਣ ਦਾ ਇਕ ਨਵਾਂ ਦ੍ਰਿਸ਼ਟੀਕੋਣ ਦਿਤਾ। ਗੁਰੂ ਅਮਰਦਾਸ ਜੀ ਰਾਹੀਂ ਸੰਗਤ ਨਾਲ ਪੰਗਤ ਨੂੰ ਜੋੜਨਾ ਇਕ ਅਜਿਹਾ ਕਾਰਨਾਮਾ ਸਿੱਧ ਹੋਇਆ ਜਿਸ ਦੀ ਮਿਸਾਲ ਦੁਨੀਆਂ ਭਰ ਵਿਚ ਨਹੀਂ ਮਿਲਦੀ। ਸੌ ਸੁਨਿਆਰ ਦੀ ਇਕ ਲੋਹਾਰ ਦੀ। ਜਾਤ-ਪਾਤ ਤੋੜਨ ਦੇ ਸਭ ਜਤਨ ਇਕ ਪਾਸੇ ਤੇ ਸੰਗਤ-ਪੰਗਤ ਇਕੱਠੀ ਕਰਨੀ ਇਕ ਪਾਸੇ। ਊਚ-ਨੀਚ, ਨਸਲ, ਕੌਮ, ਧਰਮ ਜਾਤੀ ਆਦਿ ਦੇ ਭੇਦ ਭਾਵ ਇਕ ਦਮ ਨਸ਼ਟ ਹੋ ਗਏ। ਇਕ ਖਾਲਸਾ ਭਾਈਚਾਰਾ ਹੋਂਦ ਵਿਚ ਆਇਆ। ਇਕ ਜ਼ਬਰਦਸਤ ਜਨਤਕ ਲਹਿਰ ਤੇ ਇਕ ਨਿੱਗਰ ਧਾਰਮਿਕ ਅੰਦੋਲਨ ਭਾਰਤ ਦੇ ਨਿੱਘਰ ਚੁੱਕੇ ਤੇ ਡਾਵਾਂਡੋਲ ਸਭਿਆਚਾਰ ਨੂੰ ਮੁੜ ਸੁਰਜੀਤ ਕਰਨ ਲਈ ਆਰੰਭ ਹੋਇਆ।

ਲੰਗਰ ਦੀ ਪ੍ਰਥਾ ਨਾਲ ਅਵੱਸ਼ ਰੂਪ ਵਿਚ ਧਰਮ ਦੀ ਅਰਥਾਤ ਦਸਾਂ ਨਹੁੰਆਂ ਦੀ ਕਿਰਤ ਜੁੜੀ ਹੋਈ ਸੀ। ਗੁਰੂ ਨਾਨਕ ਸਾਹਿਬ ਨੇ ਆਪ ਧਰਮ ਦੀ ਕ੍ਰਿਤ ਕੀਤੀ ਤੇ ਸਿੱਖਾਂ ਨੂੰ ਵੀ ਵਿਹਲੇ ਰਹਿਣ ਤੋਂ ਵਰਜਿਆ। ਹਿੰਦੂ ਧਰਮ ਵਿਚ ਤਿਆਗ ਤੇ ਜ਼ੋਰ ਦਿੱਤਾ ਜਾਂਦਾ ਸੀ। ਨਤੀਜੇ ਵਜੋਂ ਘਰ ਬਾਹਰ ਤਿਆਗ ਜੋਗੀ ਬਣੇ ਲੋਕ ਵਿਹਲੜ ਹੋ ਜਾਂਦੇ ਸਨ ਨਾ ਖੱਟਣਾ, ਨਾ ਕਮਾਉਣਾ, ਨਾ ਕੰਮ ਕਰਨਾ, ਨਾ ਸੇਵਾ ਕਰਨੀ। ਲੋੜ ਪੈਣ ਤੇ ਦੂਜਿਆਂ ਕੋਲੋਂ ਮੰਗ ਕੇ ਗੁਜ਼ਾਰਾ ਕਰ ਲੈਣਾ। ਗੁਰੂ ਸਾਹਿਬ ਨੇ ਤਿਆਗਵਾਦ ਨੂੰ ਨਕਾਰ ਕੇ ਗ੍ਰਿਹਸਤ ਮਾਰਗ ਦੀ ਪਾਬੰਦੀ ਲਾਗੂ ਕਰ ਦਿਤੀ। ਕਿਰਤ ਉਤੇ ਜ਼ੋਰ ਦੇ ਕੇ ਆਰਥਿਕ ਪ੍ਰਾਧੀਨਤਾ ਨੂੰ ਪੂਰਨ ਤੌਰ ਤੇ ਰੱਦ ਕਰ ਦਿਤਾ ਆਪ ਦੀਆਂ ਨਜ਼ਰਾਂ ਵਿਚ ਚੰਗਾ ਸਿੱਖ ਉਹੀ ਹੈ ਜੋ ਸੰਸਾਰੀ ਹੈ, ਗ੍ਰਿਹਸਥੀ ਹੈ, ਕਿਰਤੀ ਤੇ ਦਾਨੀ ਹੈ, ਸਮਾਜ ਦੀ ਸੇਵਾ ਲਈ ਤਤਪਰ ਰਹਿੰਦਾ ਹੈ। ਜਦੋਂ ਲੰਗਰ ਪ੍ਰਥਾ ਦਾ ਆਰੰਭ ਹੋਇਆ ਤਾਂ ਗੁਰੂ ਨਾਨਕ ਦੇਵ ਜੀ ਇਸ ਗੱਲ ਦਾ ਖਾਸ ਖਿਆਲ ਰਖਦੇ ਸਨ ਕਿ ਇਹ ਲੰਗਰ ਵਿਹਲੀਆਂ ਖਾ ਕੇ ਹੱਡਰਖ ਜੀਵਨ ਬਸਰ ਕਰਨ ਵਾਲਿਆਂ ਆਲਸੀਆਂ ਤੇ ਮਾੜੇ ਪੁਰਸ਼ਾਰਥ ਹੀਨ ਲੋਕਾਂ ਦਾ ਅੱਡਾ ਹੀ ਨਾ ਬਣ ਜਾਵੇ। ਇਸ ਕਰਕੇ ਆਪ ਦਾ ਯਤਨ ਇਹੀ ਹੁੰਦਾ ਕਿ ਦਸਾਂ ਨਹੁੰਆਂ ਦੀ ਕਿਰਤ ਨਾਲ ਕਰਵਾਈਆਂ ਖੇਤੀਆਂ ਦਾ ਅੰਨ ਹੀ ਲੰਗਰ ਵਿਚ ਪਵੇ। 'ਘਾਲਿ ਖਾਇ ਕਿਛੁ ਹਥਹੁ ਦੇਇ' ਦਾ ਆਦਰਸ਼ ਸਾਹਮਣੇ ਆਇਆ।

ਸਿੱਖੀ ਵਿਚ ਸੇਵਾ ਦੀ ਬਹੁਤ ਮਹਾਨਤਾ ਹੈ। ਬਲਕਿ ਸੇਵਾ ਸਿੱਖੀ ਦਾ ਪਹਿਲਾ ਸਬਕ ਹੈ। ਗੁਰੂ ਅਮਰਦਾਸ ਜੀ ਨੇ ਆਪ ਬਜ਼ੁਰਗੀ ਦੀ ਅਵਸਥਾ ਵਿਚ ਗੁਰੂ ਸੇਵਾ ਦੇ ਜੋ ਪੂਰਨੇ ਪਾਏ ਉਹ ਕਿਸੇ ਤੋਂ ਗੁੱਝੇ ਨਹੀਂ। ਆਪ ਸੇਵਾ ਨੂੰ ਸਰੀਰ ਦੀ ਸਫਲਤਾ ਜਾਣਦੇ ਸਨ। 'ਲੰਗਰ' ਸੇਵਾ ਦਾ ਭਰਪੂਰ ਮੌਕਾ ਬਖਸ਼ਦਾ ਹੈ। ਸੇਵਾ ਕਰਦਿਆਂ ਸਿੱਖ 'ਹਉ' ਨਹੀਂ ਧਾਰਦਾ ਕਿਉਂਕਿ ਉਹ ਜਾਣਦਾ ਹੈ ਕਿ ਉਹ ਕਿਸੇ ਹੋਰ ਦੀ ਨਹੀਂ ਗੁਰੂ ਕੇ ਲੰਗਰ ਦੀ ਸੇਵਾ ਕਰ ਰਿਹਾ ਹੈ। ਸੇਵਾ ਕਰਕੇ ਉਹ ਗੁਰੂ ਨੂੰ ਰਿਝਾ ਰਿਹਾ ਹੁੰਦਾ ਹੈ। ਲੰਗਰ ਗੁਰੂ ਕਾ ਆਸ਼ਰਮ ਹੈ ਤੇ ਲੰਗਰ ਵਿਚ ਗੁਰੂ ਵਰਤਦਾ ਹੈ, ਤਦੇ ਹੀ ਤਾਂ ਲੰਗਰ ਵਿਚ ਕਦੇ ਤੋਟ ਨਹੀਂ ਆਉਂਦੀ, ਲੰਗਰ ਮੁਫਤ ਖੋਰਿਆਂ ਦਾ ਰਸੋਈ ਘਰ ਨਹੀਂ। ਇਸੇ ਲਈ ਸਿੱਖ ਗੁਰੂ ਕੇ ਲੰਗਰ ਦੀ 'ਝਾਕ' ਨਹੀਂ ਰਖਦਾ, ਲੰਗਰ ਵਿਚੋਂ ਪ੍ਰਸ਼ਾਦ ਮਾਤਰ ਲੈ ਕੇ ਕ੍ਰਿਤਾਰਥ ਹੁੰਦਾ ਹੈ। ਲੰਗਰ ਇਕ ਪਵਿੱਤਰ ਦਾਤ ਹੈ ਤੇ ਸਤਿਕਾਰ ਸਹਿਤ ਅੰਗੀਕਾਰ ਕੀਤੀ ਜਾਂਦੀ ਹੈ, ਲੰਗਰ ਵਿਚ ਕੋਈ ਮੰਗਤਾ ਨਹੀਂ, ਸਭ ਦਾਤੇ ਹਨ। ਜਿਹੜਾ ਉਠ ਕੇ ਸੇਵਾ ਕਰਨ ਲੱਗ ਪਿਆ, ਦਾਤਾ ਬਣ ਗਿਆ। ਵਰਤਮਾਨ ਸਮੇਂ ਵਿਚ ਆਰਥਿਕ ਨਾ ਬਰਾਬਰੀ ਨੂੰ ਦੂਰ ਕਰਨ ਦੇ ਯਤਨਾਂ ਵਿਚ ਕਈ ਵੱਡੀਆਂ ਸਲਤਨਤਾਂ ਦੇ ਦਿਮਾਗੀ ਫਲਸਫੇ ਤੇ ਸਿਧਾਂਤ ਜਿਥੇ ਅਸਫਲ ਰਹੇ ਹਨ ਉਥੇ ਦੇਗ, ਸਾਂਝੀ ਦੇਗ, ਗੁਰੂ ਕਾ ਲੰਗਰ, ਸੰਗਤ-ਪੰਗਤ ਵਿਚ ਇਕ ਸਮਾਨ ਵਰਤਾਰਾ ਇਸ ਅਸਮਾਨਤਾ ਦਾ ਇਕੋ ਇਕ ਹੱਲ ਹੈ।

**ਨਾ ਕੋ ਬੈਰੀ ਨਹੀ ਬਿਗਾਨਾ**
**ਸਗਲ ਸੰਗਿ ਹਮ ਕਉ ਬਨਿ ਆਈ।।**

(ਕਾਨੜਾ ਮ: ੫ ਪੰਨਾ ੧੨੯੯)

---

ਪੰਨਾ ੨੩ ਦੀ ਬਾਕੀ

Pervadingin one's This is a poetic explanation of the word, These, who thus understand the meaning of WAHEGURU ਵਾਹਿਗੁਰੂ, get rid of all doubt and are spared from a life of wastefulness.

ਜਰੂਰੀ ਸੂਚਨਾ

ਅੰਮ੍ਰਿਤਸਰ ਸਮਾਗਮ ਤੇ B-Block ਸ਼ਹੀਦ ਗੰਜ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਵਾਲੇ ਕਮਰੇ ਦੇ ਨਾਲ ਵਾਲੇ ਕਮਰੇ ਵਿੱਚ ਕਿਸੇ ਪ੍ਰੇਮੀ ਨੇ ਗਲਤੀ ਨਾਲ ਕਿਸੇ ਬੈਗ ਵਿੱਚ ਕੁਝ ਮਾਇਆ ਪਾ ਦਿੱਤੀ ਹੈ। ਉਹ ਜਿਸ ਕਿਸੇ ਦੀ ਵੀ ਹੋਵੇ, ਨਿਸ਼ਾਨੀ ਦੱਸ ਕੇ ਹੁਸ਼ਿਆਰਪੁਰ ਸਮਾਗਮ ਸਮੇਂ ਸੂਰਾ ਦੇ ਸਟਾਲ ਤੋਂ ਲੈ ਸਕਦਾ ਹੈ। ਨਹੀਂ ਤਾਂ ਹੁਸ਼ਿਆਰਪੁਰ ਸਮਾਗਮ ਤੋਂ ਬਾਅਦ ਇਹ ਮਾਇਆ ਸੂਰਾ ਸਹਾਇਤਾ ਫੰਡ ਵਿੱਚ ਜਮਾਂ ਕੱਰ ਲਈ ਜਾਵੇਗੀ।

ਕਾਮ ਕ੍ਰੋਧ ਲੋਭੁ ਤਿਆਗੁ।।
ਮਨਿ ਸਿਮਰਿ ਗੋਬਿੰਦ ਨਾਮ।।
ਹਰਿ ਭਜਨ ਸਫਲ ਕਾਮ।।੧।। ਰਹਾਉ।।

# ਕਬਿੱਤ ਸਵੱਯੇ (੩੬)

ਭਾਈ ਗੁਰਦਾਸ ਜੀ

**ਚਾਰ ਕੁੰਟ, ਸਾਤ ਦੀਪ ਮੈ, ਨ ਨਵਖੰਡ ਬਿਖੈ।**
**ਦਹ ਦਿਸਿ ਦੇਖੀਐ ਨ ਬਨ ਗ੍ਰਿਹ ਜਾਨੀਐ।।**
**ਲੋਗ ਬੇਦ ਗਿਆਨ ਉਨਮਾਨ ਕੈ ਨ ਦੇਖਿਓ ਸੁਨਿਓ,**
**ਸੁਰਗ ਪਇਆਲ ਮ੍ਰਿਤ-ਮੰਡਲ ਨ ਮਾਨੀਐ।।**
**ਭੂਤ ਅਉ ਭਵਿਖ ਨ ਬਰਤਮਾਨ ਚਾਰੋ ਜੁਗ,**
**ਚਤੁਰ ਬਰਨ ਖਟ ਦਰਸ ਨ ਧਿਆਨੀਐ।**
**ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਜੈਸੋ,**
**ਤੈਸੋ ਅਉਰ ਠਉਰ ਸੁਨੀਐ ਨ ਪਹਿਚਾਨੀਐ।**।੧੯੭।।

ਪਦ ਅਰਥ: ਚਾਰ ਕੁੰਟ-ਚਾਰ ਦਿਸ਼ਾ: (ਪੂਰਬ, ਪੱਛਮ, ਉੱਤਰ, ਦੱਖਣ) ਸਾਤ ਦੀਪ-ਸਤ ਟਾਪੂ, ਸਤ ਸਮੁੰਦਰਾਂ ਨਾਲ ਘਿਰੇ ਹੋਏ ਧਰਤੀ ਦੇ ਸੱਤ ਹਿੱਸੇ। ਨਵਖੰਡ-ਧਰਤੀ ਤੇ ਨੌ ਭਾਗ। ਬਿਖੈ-ਵਿੱਚ। ਦਹਦਿਸਿ-ਦਸ ਦਿਸ਼ਾ-ਚਾਰ ਦਿਸ਼ਾ, ਚਾਰ ਉਪਦਿਸ਼ਾ ਅਤੇ ਹੇਠਾਂ ਤੋਂ ਉੱਪਰ। ਬਨ-ਜੰਗਲ। ਗ੍ਰਿਹ-ਘਰ। ਲੋਗ ਬੇਦ ਗਿਆਨ-ਲੌਕਿਕ ਤੇ ਵੈਦਿਕ ਗਿਆਨ। ਉਨਮਨ-ਅੰਦਾਜ਼ਾ, ਅਨੁਮਾਨ। ਦੇਖਿਓ ਸੁਨਿਓ-ਵੇਖਿਆ ਸੁਣਿਆ। ਪਇਆਲ-ਪਤਾਲ ਲੋਕ। ਮ੍ਰਿਤ-ਮੰਡਲ-ਮਰਨ ਵਾਲੇ ਲੋਕਾਂ ਦਾ ਦੇਸ਼, ਮਾਤ-ਲੋਕ। ਭੂਤ-ਬੀਤਿਆ ਸਮਾਂ। ਗਉ-ਅਤੇ। ਭਵਿੱਖ-ਆਉਣ ਵਾਲਾ ਸਮਾਂ। ਵਰਤਮਾਨ-ਬੀਤ ਰਿਹਾ ਸਮਾਂ। ਚਤੁਰ ਬਰਨ-ਚਾਰੇ ਵਰਨ-ਆਸ੍ਰਮ: ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ। ਖਟ ਦਰਸ-ਛੇ ਦਰਸ਼ਨ। ਧਿਆਨੀਆ-ਧਿਆਨ ਲਾਉਣਾ। ਠਉਰ-ਥਾਂ। ਪਹਿਚਾਨੀਐ-ਵੇਖਿਆ ਜਾਂਦਾ।

ਅਰਥ: (ਸਤਿਗੁਰੂ ਅਤੇ ਗੁਰਸਿੱਖਾਂ ਦੀ ਸੰਗਤ ਦੇ ਮਿਲਾਪ ਦਾ ਤੇਜ਼ ਪ੍ਰਤਾਪ) ਚਹੁੰ ਕੁੰਟਾਂ, ਸਤਾਂ ਟਾਪੂਆਂ, ਨੌਂ ਖੰਡਾਂ, ਦਸਾਂ ਦਿਸ਼ਾ, ਜੰਗਲ ਤੇ ਘਰ ਵਿੱਚ ਕਿਤੇ ਨਹੀਂ ਆਉਂਦਾ।

(ਇਹ ਪ੍ਰਤਾਪ) ਲੌਕਿਕ ਤੇ ਵੈਦਿਕ ਗਿਆਨ ਦੀ ਵਿਚਾਰ ਵਿੱਚ ਕਿਤੇ ਨਹੀਂ ਵੇਖਿਆ ਸੁਣਿਆ ਜਾਂਦਾ। ਸਵਰਗ, ਪਤਾਲ ਤੇ ਮਾਤ-ਲੋਕ ਵਿੱਚ ਕਿਤੇ ਵੀ ਮੰਨਣ ਵਿੱਚ ਨਹੀਂ ਆਉਂਦਾ।

ਤਿੰਨਾਂ ਕਾਲਾਂ ਵਿੱਚ, ਚਹੁੰ ਜੁਗਾਂ ਵਿੱਚ, ਚਹੁੰਆਂ ਵਰਨ-ਆਸ਼ਰਮਾਂ ਵਿੱਚ ਅਤੇ ਛੇ ਦਰਸ਼ਨਾਂ ਵਿੱਚ ਧਿਆਨ ਵਿੱਚ ਨਹੀਂ ਲਿਆਇਆ ਜਾ ਸਕਦਾ।

ਸਤਿਗੁਰੂ ਅਤੇ ਗੁਰਸਿੱਖਾਂ ਦੀ ਸੰਗਤ ਦੇ ਮਿਲਾਪ ਦਾ ਤੇਜ਼ ਪ੍ਰਤਾਪ ਜਿਹੋ ਜਿਹਾ (ਅਲੌਕਿਕ ਤੇ ਅਕੱਥਨੀਯ) ਹੈ, ਇਹੋ ਜਿਹਾ ਕਿਸੇ ਥਾਂ ਤੇ ਵੀ ਨਾ ਸੁਣਿਆ ਜਾਂਦਾ ਹੈ ਤੇ ਨਾ ਵੇਖਿਆ ਜਾ ਸਕਦਾ ਹੈ।੧੯੭।

**ਊਖ ਮੈ ਪਯੂਖ ਰਸ, ਰਸਨਾ ਰਹਿਤ ਹੋਇ,**
**ਚੰਦਨ ਸੁਬਾਸ ਤਾਸ ਨਾਸਕਾ ਨ ਹੋਤ ਹੈ।।**
**ਨਾਦ ਬਾਦ ਸੁਰਤਿ ਬਿਹੂਨ ਬਿਸਮਾਦ ਗਤਿ,**
**ਬਿਬਿਧਿ ਬਰਨ ਬਿਨੁ ਦ੍ਰਿਸਟਿ ਸੁ ਜੋਤਿ ਹੈ।।**
**ਪਾਰਸ ਪਰਸ ਨ ਸਪਰਸ ਉਸਨ ਸੀਤ,**
**ਕਰ ਚਰਨ ਹੀਨ ਧਰ ਅਉਖਧੀ ਉਦੋਤ ਹੈ।।**
**ਜਾਹਿ ਪੰਚ ਦੋਖ, ਨਿਰਦੋਖ-ਮੋਖ ਪਾਵੈ ਕੈਸੇ,**
**ਗੁਰਮੁਖਿ ਸਾਜ ਸੰਤੋਖ ਹੁਇ ਅਛੋਤ ਹੈ।**।੧੯੭।

ਪਦ ਅਰਥ: ਊਖ-ਗੰਨਾ। ਪਯੂਖ-ਅੰਮ੍ਰਿਤ ਜਿਹਾ ਰਸ। ਰਸਨਾ-ਜੀਭ। ਸੁਬਾਸ-ਸੁਗੰਧੀ। ਤਾਸ - ਤਿਸ ਦੀ। ਨਾਸਕਾ-ਨੱਕ। ਨਾਦ ਬਾਦ- ਵਾਜਿਆਂ ਦੀ ਸੰਗੀਤਕ ਧੁਨੀ। ਸੁਰਤਿ - ਸੁਰਤੀ ਕੰਨ। ਬਿਹੂਨ - ਬਿਨਾਂ। ਬਿਆਦ ਗਤਿ - ਅਸਚਰਜਤਾ ਵਾਲੀ। ਬਿਬਿਧ ਬਰਨ- ਕਈ ਤਰ੍ਹਾਂ ਦੇ ਰੰਗ। ਦ੍ਰਿਸਟਿ- ਦ੍ਰਿਸ਼ਟੀ, ਅਖਾਂ। ਸਪਰਸ਼ - ਛੂਹਣ ਦੀ ਕਿਰਿਆ। ਉਸਨ - ਗਰਮੀ। ਸੀਤ - ਠੰਢ। ਕਰ - ਹੱਥ। ਚਰਨ - ਪੈਰ। ਹੀਨ - ਬਿਨ੍ਹਾਂ, ਬਗੈਰ। ਧਰ - ਧਰਤੀ। ਅਉਖਧੀ - ਜੜੀਆਂ ਬੂਟੀਆਂ। ਉਦੋਤ ਹੈ - ਉਪਜਾਂਦੀ ਹੈ। ਜਾਹਿ - ਜਿਸ ਦੇ। ਪੰਚ ਦੋਖ- ਪੰਜ ਦੋਸ਼ (ਰਸ, ਗੰਧ, ਸ਼ਬਦ, ਰੂਪ, ਸਪਰਸ਼)। ਨਿਰਦੋਖ ਮੋਖ- ਨਿਰਵਿਕਾਰ ਮੁਕਤੀ। ਸੰਤੋਖੀ - ਲੋਭ ਦਾ ਤਿਆਗੀ। ਅਛੋਤ- ਅਛੋਹ।

ਅਰਥ: ਗੰਨੇ ਵਿੱਚ ਅੰਮ੍ਰਿਤ ਵਾਂਗ ਰਸ ਹੁੰਦਾ ਹੈ, (ਪਰ ਉਹ ਆਪ ਰਸ ਲੈਣ ਵਾਲੀ) ਜੀਭ ਤੋਂ ਬਿਨਾਂ ਹੁੰਦਾ ਹੈ। ਚੰਦਨ ਵਿੱਚ ਸੁਗੰਧੀ ਹੁੰਦੀ ਹੈ, ਪਰ ਉਸ ਦੀਆਂ ਸੁਗੰਧੀ ਮਾਨਣ ਵਾਲੀਆਂ) ਨਾਸਾਂ ਨਹੀਂ ਹੁੰਦੀਆਂ।

ਸੰਗੀਤਕ ਸਾਜ ਵਿੱਚ ਅਸਚਰਜਤਾ ਲਿਆਉਣ ਵਾਲੀ ਧੁਨੀ ਹੁੰਦੀ ਹੈ, ਪਰ ਉਹ ਆਪ ਧੁਨੀ ਸੁਣਨ ਵਾਲੇ ਕੰਨਾਂ ਤੋਂ ਬਿਨਾਂ ਹੁੰਦਾ ਹੈ। ਅੱਖਾਂ ਨੂੰ ਮੋਹਣ ਵਾਲੇ ਅਨੇਕ ਤਰ੍ਹਾਂ ਦੀ ਸੁੰਦਰ ਜੋਤੀ ਵਾਲੇ ਰੂਪ-ਰੰਗ ਹੁੰਦੇ ਹਨ ਪਰ ਉਹ ਆਪ ਸੁੰਦਰਤਾ ਨੂੰ ਵੇਖਣ ਵਾਲੀਆਂ ਅੱਖਾ ਤੋਂ ਬਿਨਾਂ ਹੁੰਦੇ ਹਨ।

ਪਾਰਸ ਕਈ ਧਾਤਾਂ ਨੂੰ ਛੁੰਹਦਾ ਤੇ ਸੋਨਾ ਬਣਾਂਦਾ ਹੈ, ਪਰ ਆਪ ਉਸ ਨੂੰ ਕੋਈ ਗਰਮੀ ਸਰਦੀ ਦੇ ਸਪਰਸ਼ ਦਾ ਕੋਈ ਅਸਰ ਨਹੀਂ ਹੁੰਦਾ। ਧਰਤੀ ਜੜੀਆਂ ਬੂਟੀਆਂ ਆਦਿ ਬਨਸਪਤੀ ਨੂੰ ਉਗਾਂਦੀ ਹੈ, ਪਰ ਉਹ ਆਪ ਹੱਥਾਂ ਪੈਰਾਂ ਤੋਂ ਬਿਨਾਂ ਅਹਿਲ ਕਿਤੇ ਚੱਲ ਕੇ ਨਹੀਂ ਜਾ ਸਕਦੀ।

ਜਿਸ ਮਨੁੱਖ ਵਿੱਚ ਉਪਰੋਕਤ ਪੰਜੇ ਵਿਸ਼ੇ ਹੋਣ ਉਹ ਮੁਕਤੀ ਨੂੰ ਕਿਵੇਂ ਪਾ ਸਕਦਾ ਹੈ? ਕੇਵਲ ਸਤਿਗੁਰੂ ਦੇ ਆਗਿਆਕਾਰੀ ਗੁਰਮੁਖ ਜਨ ਹੀ ਹਨ ਜੋ ਸਹਿਜ ਸੁਭਾਅ ਹੀ (ਰਸਾਂ ਕਜਾਂ ਅਤੇ ਰਾਗ ਰੰਗਾਂ ਤੋਂ) ਨਿਰਲੇਪ ਹੁੰਦੇ ਹਨ, ਅਤੇ ਇਹ ਪੰਜਾਂ ਦੋਖਾਂ ਤੋਂ ਬਚੇ ਹੁੰਦੇ ਹਨ।੧੯੮।

## ਜਾ ਤੂੰ ਤੁਸਹਿ ਮਿਹਰਵਾਨ

**ਜਾ ਤੂੰ ਤੁਸਹਿ ਮਿਹਰਵਾਨ, ਅਚਿੰਤੁ ਵਸਹਿ ਮਨ ਮਾਹਿ।।**
**ਜਾ ਤੂੰ ਤੁਸਹਿ ਮਿਹਰਵਾਨ, ਨਉ ਨਿਧਿ ਘਰਿ ਮਹਿ ਪਾਹਿ।।**
**ਜਾ ਤੂੰ ਤੁਸਹਿ ਮਿਹਰਵਾਨ, ਤਾ ਗੁਰ ਕਾ ਮੰਤ੍ਰੁ ਕਮਾਹਿ।।**
**ਜਾ ਤੂੰ ਤੁਸਹਿ ਮਿਹਰਵਾਨ, ਤਾ ਨਾਨਕ ਸਚਿ ਸਮਾਹਿ।।**

(ਪੰਨਾ ੫੧੮)


www.AKJ.Org

# ਖਾਲਸੇ ਦੀ ਉਪਮਾ

ਪ੍ਰਿੰ: ਸੱਜਣ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਰਜਿਆ ਖਾਲਸਾ ਵਿਸ਼ਵ ਭਰ ਵਿੱਚ ਹਰੇਕ ਪੱਖ ਤੋਂ ਆਪਣੀ ਵੱਖਰੀ ਹੋਂਦ ਦਾ ਮਾਲਕ ਹੈ। ਦਾਤਾਰ ਪਿਤਾ ਜੀ ਨੇ ਅਜਿਹਾ ਆਲੇਖ ਬੀਜ ਬੀਜੀਆ ਕਿ ਖਾਲਸਾ ਭਾਵੇਂ ਅੱਤ ਮੁਸੀਬਤਾਂ, ਕਸ਼ਟਾ, ਝੱਖੜਾ, ਤੂਫਾਨਾਂ ਤੇ ਪ੍ਰੀਖਿਆਵਾਂ ਵਿਚੋਂ ਲੰਘਿਆ ਹੈ ਪਰ ਇਸ ਨੇ ਆਪਣੀ ਵਾਹਦ ਹਸਤੀ ਤੇ ਅੰਤ੍ਰੀਵੀ ਗੁਣਾਂ ਨੂੰ ਆਂਚ ਨਹੀ ਲੱਗਣ ਦਿੱਤੀ। ਸੰਕਟ ਭਰੇ ਕਾਲ ਵਿਚ ਤਾਂ ਹਰੇਕ ਦੁਖੀਆ ਸੰਕਟ ਹਰਨ ਕਰਨ ਵਾਲੇ ਦਾ ਗੁਣ ਗਾਉਂਦਾ ਹੈ ਪਰ ਜੇ ਕੋਈ ਸੁਖਾਂਵੇ ਵਾਤਾਵਰਨ ਵਿੱਚ ਵੀ ਸਤਿਕਾਰ ਭਰੇ ਸ਼ਬਦਾਂ ਨਾਲ 'ਸਰਦਾਰ ਜੀ' ਆਖੇ ਤਾਂ ਕਿੰਨੇ ਫਖਰ ਦੀ ਗਲ ਹੈ। ਅਜਿਹਾ ਰੁਤਬਾ, ਕਲਗੀਧਰ ਪਾਤਸ਼ਾਹ ਦੀ ਜ਼ਾਹਰੀ ਬਖਸ਼ਸ਼ ਦੇ ਤੁਫੈਲ ਪ੍ਰਾਪਤ ਹੋਇਆ ਹੈ।

ਇਸ ਵਿਚ ਸ਼ਕ ਨਹੀ ਕਿ ਵਰਤਮਾਨ ਦੇ ਵਿਗਿਆਨਿਕ ਤੇ ਪਦਾਰਥਵਾਦੀ ਯੁਗ ਦਾ ਐਸਾ ਤਾਮਸੀ ਪ੍ਰਭਾਵ ਪਿਆ ਹੋਇਆ ਹੈ ਕਿ ਧਰਮ ਦੇ ਬੂਟੇ ਸੁੱਕ ਕੇ ਕੁਮਲਾਏ ਜਾ ਰਹੇ ਹਨ ਤੇ ਜਲ ਕੇ ਧੁਆਂਖੇ ਜਾ ਰਹੇ ਹਨ। ਪਰ ਜਿਨ੍ਹਾਂ ਬੂਟਿਆਂ ਨੂੰ ਕਾਮਲ ਮਾਲੀ ਨੇ ਅੰਮ੍ਰਿਤ ਜਲ ਨਾਲ ਸਿੰਚਿਆ ਹੈ, ਉਹ ਅੱਤਿਆਚਾਰ ਦੇ ਤੂਫਾਨਾਂ ਤੋਂ, ਨਾਸਤਕਤਾ ਦੇ ਕੱਕਰ ਪਾਲੇ ਤੋਂ ਅਤੇ ਵਿਸ਼ੇ ਵਿਕਾਰਾਂ ਦੀ ਅਗਨੀ ਦੇ ਸੇਕ ਤੋਂ ਸਦਾ ਨਿਰਲੇਪ ਰਹਿੰਦੇ ਹਨ।

ਇਲਾਹੀ ਹੁਕਮ ਹੋਵੇ ਤੇ ਆਗਿਆ ਨੂੰ ਪਾਲਣ ਵਾਲੀ ਦੁਸ਼ਟ ਦਮਨ ਜੈਸੀ ਮਹਾਨ ਸ਼ਖਸੀਅਤ ਹੋਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਦੀ ਹੈ। ਅਕਾਲ ਪੁਰਖ ਦੀ ਕ੍ਰਿਪਾ ਦਾ ਪਾਤਰ ਬਣ ਕੇ, ਗੁਰਦੇਵ ਜੀ ਹਉਮੈ ਤੋਂ ਅਪਰਸ ਰਹੇ। ਇਸ ਮਿਸ਼ਨ ਨੂੰ ਪੂਰਾ ਕਰਨ ਲਈ ਅੰਗ ਸੰਗ ਰਹਿਣ ਤੇ ਸਹਾਇਤਾ ਕਰਨ ਦਾ ਬਚਨ ਲਿਆ।

ਆਗਿਆਕਾਰੀ ਸਪੁੱਤਰ ਦੀ ਨਿਮਰਤਾ ਦਾ ਅਨੁਮਾਨ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਆਪ ਜੀ ਨੇ ਅਨਹੋਣੀ ਨੂੰ ਹੋਣੀ ਵਿੱਚ ਬਦਲਿਆ, ਦੁਸ਼ਟਾਂ ਦਾ ਨਾਸ ਕੀਤਾ, ਵਾਹਦ ਨਮੂਨੇ ਦਾ ਪੁਰਖ ਬਣਾਇਆ, ਚਿੜੀਆ ਨੂੰ ਬਾਜਾਂ ਤੇ ਝਪਟਣ ਦੀ ਹਿੰਮਤ ਪਰਦਾਨ ਕੀਤੀ, ਜੰਗ ਲੜ ਕੇ ਫਤਹਿ ਪ੍ਰਾਪਤ ਕੀਤੀ ਪਰ ਸਭ ਕਾਮਯਾਬੀਆਂ ਤੇ ਜਿੱਤਾਂ ਦਾ ਮਾਣ ਅਕਾਲ ਪੁਰਖ ਨੂੰ ਦਿੱਤਾ। ਭੰਗਾਣੀ ਦੇ ਯੁੱਧ ਦੀ ਤਾਰੀਖੀ ਜਿੱਤ ਬਾਅਦ ਹਜ਼ੂਰ ਨੇ ਬਚਨ ਕੀਤਾ

**ਭਈ ਜੀਤ ਮੇਰੀ।। ਕ੍ਰਿਪਾ ਕਾਲ ਤੇਰੀ।।**

(ਬਚਿੱਤਰ ਨਾਟਕ)

ਇੱਕ ਪਾਸੇ ਆਪ ਜੀ ਦੇ ਜੰਗੀ ਹੁਨਰ ਦਾ ਕਮਾਲ ਦੂਜੇ ਪਾਸੇ ਆਤਮ ਸਮਰਪਨ ਤੇ ਨਿਮਰਤਾ ਦਾ ਸਿਖਰ। ਕੈਸਾ ਅਜਬ ਸੁਜੋੜ ਹੈ ਸੰਨ 1699 ਦੀ ਵੈਸਾਖੀ ਦਾ ਦਿਹਾੜਾ, ਤਵਾਰੀਖ ਦੇ ਪੰਨਿਆ ਤੇ ਸੁਨਿਹਰੀ ਅੱਖਰਾਂ ਨਾਲ ਲਿਖਣ ਵਾਲਾ ਹੈ। ਇਹ ਉਹ ਵਡਭਾਗਾ ਪੁਰਬ ਹੈ ਜਿਸ ਦਿਨ ਮਨੁੱਖ ਨੂੰ ਪੂਰਨਤਾ ਤੱਕ ਪਹੁੰਚਾਇਆ ਗਿਆ, ਗੁਰਸਿੱਖ ਨੂੰ ਖਾਲਸਾ ਬਣਾਇਆ ਜਿਸ ਵਿੱਚ ਸੰਤ ਤੇ ਸਿਪਾਹੀ ਦੇ ਗੁਣ ਭਰੇ, ਪਰਉਪਕਾਰ ਕਰਨ ਲਈ ਹਮਦਰਦੀ ਤੇ ਹਿੰਮਤ ਬਖਸ਼ੀ, ਭਗਤੀ ਤੇ ਸ਼ਕਤੀ ਨੂੰ ਸਤੁੰਲਤ ਰੂਪ ਵਿੱਚ ਟਿਕਾਇਆ, ਖੰਡੇ ਦੇ ਅੰਮ੍ਰਿਤ ਦੀ ਸ਼ਕਤੀ ਨੂੰ ਪ੍ਰਚੰਡ ਕੀਤਾ ਤੇ ਅਨਿਕ ਕੌਤਕ ਵਰਤਾਏ। ਖੰਡਾ ਸ਼ਕਤੀ ਦਾ ਸੂਚਕ ਤੇ ਲੋਹੇ ਦਾ ਬਾਟਾ ਫੌਲਾਦੀ ਇਰਾਦੇ ਦਾ ਚਿੰਨ੍ਹ ਸੀ। ਪਤਾਸਿਆਂ ਨੇ ਜ਼ਬਾਨ ਤੇ ਹਿਰਦੇ ਵਿੱਚ ਮਿਠਾਸ ਦੇ ਗੁਣ ਭਰੇ। ਪੰਜ ਗੁਰਮੁੱਖ ਜਾਂ ਦੁਆਰਾ, ਪੰਜ ਬਾਣੀਆਂ ਦਾ ਪਾਠ, ਅੰਮ੍ਰਿਤ ਨਾਮ ਰਸ ਤੇ ਅਧਿਆਤਮਕਤਾ ਦਾ ਸਰੂਪ- 1) ਜੀਅ ਦਾਨ ਦੇਣ, (2) ਅਕਾਲ ਪੁਰਖ ਦੀ ਭਗਤੀ ਕਰਾਉਣ (3) ਤੇ ਹਰੀ ਨਾਲ ਮੇਲ ਕਰਾਉਣ ਦੀ ਕਲਾ ਵਰਤਾਉਣ ਦੇ ਸਮਰੱਥ ਸੀ ਤੇ ਹੁਣ ਵੀ ਹੈ। ਜਿਸ ਜੀਵ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਤੇ ਜਿਸ ਨੇ ਸਤਿਗੁਰੂ ਦੇ ਉਪਦੇਸ਼ ਨੂੰ ਕਮਾਇਆ ਹੈ, ਉਹ ਖਾਲਸਾ ਕਹਾਵਣ ਯੋਗ ਹੈ।

ਗੁਰਦੇਵ ਜੀ ਨੇ ਸਾਰੇ ਧਰਮਾਂ ਦਾ ਅਧਿਐਨ ਕੀਤਾ ਸੀ ਤੇ ਤੱਕਿਆ ਸੀ ਕਿ ਕਈ ਰਹਿਬਰਾਂ ਨੇ ਆਪਣੀ ਸ਼ਕਤੀ ਦਾ ਦਿਖਾਵਾ ਕਰਕੇ ਆਪਣਾ ਹੀ ਨਾਮ ਜਪਾਉਣਾ ਸ਼ੁਰੂ ਕਰ ਦਿੱਤਾ। ਬਿਚਾਰੇ ਪਾਂਧੀਆਂ ਨੇ ਜੋਤਿ ਸਰੂਪ ਵਾਹਿਗੁਰੂ ਦੀ ਸੱਚੀ ਰੌਸ਼ਨੀ ਤੋਂ ਅਵੇਸਲੇ ਹੋ ਕੇ, ਸ਼ਖਸੀ ਪੂਜਾ ਆਰੰਭ ਕਰ ਦਿੱਤੀ। ਲੋਕਾਂ ਨੂੰ ਕਰਤਾ ਭੁੱਲ ਗਿਆ, ਕ੍ਰਿਤ ਯਾਦ ਰਹਿ ਗਈ, ਮੂਲ ਦੀ ਮਹੱਤਤਾ ਵਿਸਰ ਗਈ, ਸ਼ਾਖਾਂ ਦੀ ਵਡਿਆਈ ਦ੍ਰਿੜ ਹੋ ਗਈ। ਆਪ ਨਹੀਂ ਸਨ ਚਾਹੁੰਦੇ ਕਿ ਗੁਰਸਿੱਖ ਇਸ ਗਿਰਾਵਟ ਦਾ ਸ਼ਿਕਾਰ ਬਣ ਜਾਇ, ਇਸ ਲਈ ਆਪ ਜੀ ਨੇ ਬਹੁਤ ਕਠੋਰ ਸ਼ਬਦਾਂ ਵਿੱਚ ਚਿਤਾਵਨੀ ਦੇਂਦਿਆਂ ਫੁਰਮਾਇਆ:-

**ਜੋ ਹਮ ਕੋ ਪਰਮੇਸਰ ਉਚਰਿ ਹੈ।।**
**ਤੇ ਸਭ ਨਰਕ ਕੁੰਡ ਮਹਿ ਪਰਿ ਹੈ।।**

(ਬਚਿੱਤਰ ਨਾਟਕ)

ਹਜ਼ੂਰ ਦਾ ਇਰਾਦਾ ਕੋਈ ਸਰਾਪ ਦੇਣ ਦਾ ਨਹੀਂ ਸੀ, ਬਲਕਿ ਸਾਵਧਾਨ ਕਰਨ ਦਾ, ਕਿ ਮੇਰਾ ਸਿੰਘ ਕਿਸੇ ਵੀ ਨਰ ਜਾਂ ਦੇਵਤੇ ਨੂੰ ਪਰਮੇਸਰ ਦੇ ਤੁੱਲ ਨਾ ਸਮਝੇ, ਵਾਹਿਗੁਰੂ, ਗੁਰਮੰਤਰ ਬਿਨਾਂ ਹੋਰ ਕੋਈ ਮੰਤਰ ਨਾ ਲਵੇ ਨ ਦੇਵੇ।

ਖਾਲਸੇ ਦਾ ਵਿਸ਼ਵਾਸ਼ ਹੈ, ਉਸ ਦਾ ਫ਼ਰਜ਼ ਹੈ ਕਿ ਜਦ ਅਕਾਲ ਪੁਰਖ ਦਾ ਉਸ ਨਾਲ ਸਿੱਧਾ ਸੰਬੰਧ ਹੈ, ਤਾਂ ਉਹਨਾਂ ਦੇ ਵਿਚਕਾਰ ਕਿਸੇ ਹੋਰ ਵਿਚੋਲੇ ਦੀ ਬਿਲਕੁੱਲ ਲੋੜ ਨਹੀਂ। ਗੁਰੂਡਮ ਦੇ ਜਿੰਨੇ ਵੀ ਅੱਡੇ ਬਣੇ ਹੋਏ ਹਨ, ਉਹ ਸਾਰੇ ਦੇ ਸਾਰੇ ਦੇਹਧਾਰੀ ਗੁਰੂਆਂ ਦੀ ਆੜ ਥੱਲੇ ਹਨ। ਸ਼ਬਦ-ਗੁਰੂ ਤੇ ਦੇਹਧਾਰੀ ਗੁਰੂਆਂ ਦੀ ਪ੍ਰਸਪਰ ਬੁਨਿਆਦੀ ਵਿਰੋਧਤਾ ਹੈ। ਦੋਨਾਂ ਦੀ ਸੁਰ ਕਦੇ ਵੀ ਨਹੀਂ ਮਿਲ ਸਕਦੀ ਕਿਉਂਕਿ ਦੇਹਧਾਰੀ ਗੁਰੂਆਂ ਨੂੰ ਸ਼ਬਦ-ਗੁਰੂ ਦੀ ਮਹਿਮਾ ਨਹੀਂ ਭਾਉਂਦੀ। ਇਤਿਹਾਸ ਗਵਾਹ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਬਾਅਦ ਪੰਥ ਨੂੰ ਅਤਿਅੰਤ ਮੁਸੀਬਤਾਂ ਦਾ ਟਾਕਰਾ ਕਰਨਾ ਪਿਆ ਤੇ ਉਸ ਭੀੜ ਦੇ ਸਮੇਂ ਕਿਸੇ ਵੀ ਦੇਹਧਾਰੀ ਗੁਰੂ ਨੇ ਮੈਦਾਨ ਵਿੱਚ ਆਉਣ ਦਾ


www.AKJ.Org

ਹੀਆ ਨ ਕੀਤਾ। ਖਾਲਸੇ ਨੇ ਕੇਵਲ ਸ਼ਬਦ-ਗੁਰੂ ਤੇ ਪੰਜਾਂ ਪਿਆਰਿਆਂ ਦੀ ਅਗਵਾਈ ਪ੍ਰਵਾਨ ਕੀਤੀ, ਅਸਹਿ ਦੁੱਖੜੇ ਝੱਲੇ , ਸ਼ਹਾਦਤਾਂ ਪਾਈਆਂ, ਜੰਗ ਵਿੱਚ ਜੂਝੇ, ਦੁਸ਼ਟਾਂ ਦਾ ਨਾਸ ਕੀਤਾ। ਲਗਾਤਾਰ ਸੰਘਰਸ਼ ਦੇ ਬਾਅਦ ਖਾਲਸਾ, ਰਾਜ ਸਥਾਪਤ ਕਰਨ ਦੇ ਯੋਗ ਹੋ ਗਿਆ ਨਹੀਂ ਤਾਂ ਬਾਕੀ ਸਾਰਾ ਭਾਰਤ ਦੇਵੀ ਦੇਵਤਿਆਂ ਦੀ ਮਨੌਤ ਵਿੱਚ ਉਲਝਿਆਂ ਰਿਹਾ।

ਕਲਗੀਧਰ ਪਾਤਸ਼ਾਹ ਨੇ ਖਾਲਸੇ ਨੂੰ ਪਾਰਬ੍ਰਹਮ ਦੀ ਝੋਲੀ ਵਿੱਚ ਪਾਇਆ ਸੀ। ਜਿਨਾਂ ਚਿਰ ਖਾਲਸਾ ਵਾਹਿਗੁਰੂ ਦਾ ਰਿਹਾ, ਖਾਲਸਾ ਚੜ੍ਹਦੀਆਂ ਕਲਾ ਵਿੱਚ ਰਹਿਆ।

**ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।**

ਜਦ ਇਸ ਸੰਬੰਧ ਵਿੱਚ ਕਚਿਆਈ ਆ ਗਈ, ਖਾਲਸੇ ਵਿੱਚ ਰੱਬੀ ਗੁਣਾਂ ਦਾ ਪ੍ਰਵੇਸ਼ ਹੋਣਾ ਘਟ ਗਿਆ ਤਾਂ ਜਿੱਤ ਵੀ ਖਾਲਸੇ ਦੇ ਕਦਮ ਚੁੰਮਣ ਤੋਂ ਇਨਕਾਰੀ ਹੋ ਗਈ। ਬੇਇਤਫਾਕੀ ਤੇ ਖੁਦਗਰਜ਼ੀ ਨੇ ਖਾਲਸਾ ਰਾਜ ਖੇਰੂੰ ਖੇਰੂੰ ਕਰ ਦਿੱਤਾ ਤੇ ਉਸ ਦੇ ਬਾਅਦ ਗੁਰੂਡੰਮਾਂ ਦੇ ਕਈ ਟਿਕਾਣੇ ਆਪਣੇ ਹੋਂਦ ਦਿਖਾਲਣ ਲੱਗ ਪਏ।

ਵਾਸਤਵ ਵਿੱਚ ਅਸੀਂ ਕੇਵਲ "ਪਿਦਰਮ ਸੁਲਤਾਨ ਬੂਦ" ਅਰਥਾਤ ਮੇਰਾ ਪਿਤਾ ਸ਼ਹਿਨਸ਼ਾਹ ਸੀ, ਦੀ ਦੁਹਾਈ ਦਿੰਦੇ ਹਾਂ।'ਮੇਰਾ ਪ੍ਰੀਤਮ ਪਿਆਰਾ, ਕਲਗੀਆਂ ਵਾਲਾ" ਆਦਿ ਉੱਚੀ ਉੱਚੀ ਉਚਾਰਨ ਕਰਕੇ ਗੁਣ ਗਾਉਂਦੇ ਹਾਂ ਪਰ ਇੱਕ ਗੱਲ ਭੁੱਲ ਜਾਂਦੇ ਹਾਂ ਕਿ ਕੀ ਅਸੀਂ ਆਪਣੇ ਗੁਣਾਂ ਨਾਲ ਪਿਤਾ ਜੀ ਨੂੰ ਰਿਝਾਇਆ ਹੈ? ਕੀ ਦਾਤਾਰ ਪਿਤਾ ਨੂੰ ਸਾਡੇ ਉੱਤੇ ਮਾਣ ਹੈ? ਕੀ ਉਹ ਵੀ ਸਾਨੂੰ ਆਪਣਾ ਲਾਡਲਾ ਪੁੱਤਰ ਸਮਝਦੇ ਹਨ? ਆਪਣੇ ਗਿਰੀਵਾਨ ਅੰਦਰ ਥੋੜੀ ਜਿਹੀ ਝਾਤ ਮਾਰਨ ਨਾਲ ਸਾਨੂੰ ਪਤਾ ਲੱਗ ਜਾਵੇਗਾ ਕਿ ਅਸੀਂ ਪਿਆਰੇ ਪੁੱਤਰ ਅਖਵਾਉਣ ਦੇ ਲਾਇਕ ਹਾਂ ਕਿ ਨਹੀਂ। ਜੇ ਅਸੀਂ ਆਪਣੀਆਂ ਸਿਆਣਪਾ ਤੇ ਚਤਰਾਈਆ ਛੱਡ ਕੇ ਭੋਲੇ ਭਾਲੇ ਮਾਸੂਮ ਬੱਚੇ ਵਾਂਗਰ ਗੁਰਦੇਵ ਪਿਤਾ ਦੇ ਪੁੱਤਰ ਬਣਨ ਦਾ ਯਤਨ ਕਰੀਏ ਤਾਂ ਸ਼ਾਇਦ ਅਸੀਂ ਰਹਿਮਤ ਦੇ ਪਾਤਰ ਬਣ ਸਕੀਏ।

ਉਪਰ ਲਿਖੇ ਵਿਚਾਰ ਖਾਲਸੇ ਦੀ ਇਸ ਪਰਿਭਾਸ਼ਾ ਤੇ ਅਧਾਰਿਤ ਹਨ।"ਖਾਲਸਾ, ਉਹ ਜ਼ਮੀਨ ਜਾਂ ਮੁਲਕ ਹੈ ਜਿਸਤੇ ਬਾਦਸ਼ਾਹ ਦਾ ਸਿੱਧਾ ਨਿੱਜੀ ਅਧਿਕਾਰ ਹੈ।" ਦਸ਼ਮੇਸ਼ ਪਿਤਾ ਦਾ ਖਾਲਸਾ ਅਕਾਲ ਪੁਰਖ ਦੀ ਨਿੱਜੀ ਜਾਇਦਾਦ ਹੈ। ਇਸ ਦਾ ਵਜੂਦ ਅਕਾਲ ਪੁਰਖ ਜੀ ਦੀ ਆਗਿਆ ਅਨੁਸਾਰ ਹੋਇਆ ਹੈ।

**ਪੰਥ ਖਾਲਸਾ ਭਯੋ ਪੁਨੀਤਾ, ਪ੍ਰਭ ਆਗਿਆ ਕਰ ਉਦਤ ਭਏ।।**

(ਸਰਬ ਲੋਹ ਗ੍ਰੰਥ ਚੋਂ)

ਗੁਰਦੇਵ ਜੀ ਦੇ ਬਚਨਾਂ ਅਨੁਸਾਰ ਇਸ ਦੀ ਉਤਪਤੀ ਸਹਿਜ ਸੁਭਾਇ ਨਹੀਂ, ਅਗੰਮੀ ਉਮੰਗ ਤੇ ਰਸ ਲੀਨਤਾ ਦੇ ਪ੍ਰਤੀਕਰਮ ਦੁਆਰਾ ਹੋਈ। ਅਕਾਲ ਪੁਰਖ ਦੀ ਰੀਝ ਐਸਾ ਇਨਸਾਨ ਬਣਾਉਣ ਦੀ ਸੀ ਜਿਹੜਾ ਕੁਦਰਤ ਦੇ ਨਿਯਮਾਂ ਦੀ ਪਾਲਣਾ ਕਰਦਾ ਹੈ, ਸਾਬਤ ਸੂਰਤਿ ਦਸਤਾਰ ਸਿਰਾ ਦਾ ਮੁਜੱਸਮਾ ਹੋਵੇ, ਇਕੋ ਕਲਬੂਤ ਵਿੱਚ ਰਿਸ਼ੀ ਮੁਨੀ ਤੇ ਖੱਤਰੀ ਹੋਵੇ, ਮਨ ਕਰਕੇ ਸੰਤ ਤੇ ਤਨ ਕਰਕੇ ਸਿਪਾਹੀ ਹੋਵੇ। ਗੁਰਦੇਵ ਜੀ ਦੇ ਬਚਨ ਹਨ:-

**ਖਾਲਸਾ ਅਕਾਲ ਪੁਰਖ ਕੀ ਫ਼ੌਜ।।**

**ਪ੍ਰਗਟਿਓ ਖਾਲਸਾ ਪਰਮਾਤਮਾ ਕੀ ਮੌਜ।।**

(ਸਰਬ ਲੋਹ ਗ੍ਰੰਥ ਚੋਂ)

ਭਗਤ ਕਬੀਰ ਜੀ ਨੇ ਸ਼ਬਦ 'ਖਾਲਸਾ' ਦਾ ਜਿਹੜਾ ਭਾਵ ਵਰਨਣ ਕੀਤਾ ਹੈ ਉਹ ਵੀ ਬਹੁਤ ਢੁੱਕਵੀਂ ਪਰਿਭਾਸ਼ਾ ਦੇ ਰੂਪ ਵਿੱਚ ਹੈ। ਇਹ ਖਾਲਸੇ ਦਾ ਤੱਤ ਹੈ ਤੇ ਇਸ ਗੁਰਪੰਕਤੀ ਵਿੱਚ ਸਮਾਇਆ ਹੋਇਆ ਹੈ।

**ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ।।**
**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ।।**

(ਰਾਗੁ ਸੋਰਠਿ-ਭਗਤ ਕਬੀਰ ਜੀ- ੬੫੪)

ਜੋਗ ਤਪ ਤੇ ਕਰਮ ਕਾਂਡ ਆਦਿਕ ਮਨੁੱਖ ਨੂੰ ਭਰਮ ਮੋਹ ਵਿੱਚ ਫ਼ਸਾਉਂਦੇ ਹਨ ਤੇ ਕਾਲ ਤੋਂ ਨਹੀਂ ਬਚਾਉਂਦੇ। ਜਦ ਕਿ ਪ੍ਰੇਮਾ ਭਗਤੀ, ਨਿਰਮਲਤਾ ਤੇ ਸ਼ੁੱਧਤਾ ਦਾ ਸਰੋਤ ਹੈ। ਇਹ ਭਗਤੀ ਨਿਰਗੁਣ ਪਰਮਾਤਮਾ ਦੀ ਹੁੰਦੀ ਹੈ ਨਾ ਕਿ ਸਰਗੁਣ ਦੀ। ਕਲਗੀਧਰ ਪਾਤਸ਼ਾਹ ਦੀ ਬੁਲੰਦ ਆਵਾਜ਼ "**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ**" ਦੀ ਸਰਬ ਵਿਆਪਕ ਅਣਡਿੱਠੇ ਪ੍ਰਭੂ ਨਾਲ ਪ੍ਰੀਤੀ ਦਾ ਪ੍ਰਗਟਾਵਾ ਹੈ।

ਖਾਲਸੇ ਦੀ ਪ੍ਰੇਮਾ ਭਗਤੀ ਵਿੱਚ ਨਿਰਮਲਤਾ ਹੈ, ਸ਼ੁੱਧਤਾ ਹੈ। ਇਸ ਵਿੱਚ ਸ਼ਖਸ਼ੀ ਪੂਜਾ, ਗੋਰ-ਮੜ੍ਹੀ ਮੱਟ, ਕਰਮ ਕਾਂਡ, ਪਾਖੰਡ ਦਿਖਾਵਾ ਅਠਸਠਿ ਤੀਰਥ ਆਦਿ ਦੀ ਕੋਈ ਮਿਲਾਵਟ ਨਹੀਂ ਹੁੰਦੀ।

**ਜਾਗਤ ਜੋਤ ਜਪੈ ਨਿਸਬਾਸੁਰ, ਏਕ ਬਿਨਾਂ ਮਨ ਨੈਕ ਨ ਆਨੈ।।**
**ਪੂਰਨ ਪ੍ਰੇਮ ਪ੍ਰਤੀਤ ਸਜੇ, ਬ੍ਰਤ ਗੋਰ ਮੜੀ ਮੱਟ ਭੂਲ ਨਾ ਮਾਨੈ।।**
**ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾਂ ਨਹਿ ਏਕ ਪਛਾਨੈ।।**
**ਪੂਰਨ ਜੋਤ ਜਗੈ ਘਟ ਮੈ, ਤਬ ਖਾਲਸਾ ਤਾਹਿ ਨਖਾਲਸ ਜਾਨੈ।।**

ਤਾਂ ਤੇ ਫੋਕਟ ਕਰਮ ਕਾਂਡ ਤੋਂ ਸੁਤੰਤਰਤਾ, ਨਿਰਲੇਪਤਾ ਤੇ ਪਰਮੇਸ਼ਰ ਨਾਲ ਸਿੱਧਾ ਸੰਬੰਧ ਹੋਣ ਕਰਕੇ ਖਾਲਸੇ ਦੀ ਹਸਤੀ ਵਿਲੱਖਣ ਹੈ। ਖਾਲਸੇ ਦੀ ਸੁਰਤੀ ਉਸ ਉੱਚੇ ਮੰਡਲ ਵਿੱਚ ਪ੍ਰਵੇਸ਼ ਕਰਦੀ ਹੈ ਜਿੱਥੇ ਝੂਠੇ ਰਸ ਪੋਹ ਨਹੀਂ ਸਕਦੇ। ਆਤਮ ਰਸ ਮਾਨਣ ਵਾਲਾ, ਖਾਲਸਾ ਕਹਿਲਾਉਣ ਦਾ ਹੱਕਦਾਰ ਹੈ।

ਮੁਗਲਾਂ ਨੇ ਖਾਲਸੇ ਦੀ ਹਸਤੀ ਮਿਟਾਉਣ ਲਈ ਆਪਣਾ ਤਾਣ ਲਗਾਇਆ, ਪਰ ਨਤੀਜਾ ਉਲਟਾ ਨਿਕਲਿਆ। ਮਿਟਾਉਣ ਵਾਲਾ ਆਪ ਨੇਸਤੋ ਨਾਬੂਦ ਹੋ ਗਿਆ। ਜਿਸ ਸਰੂਪ ਦੀ ਉਤਪਤੀ ਅਕਾਲ ਪੁਰਖ ਨੇ ਆਪ ਕੀਤੀ ਹੋਵੇ, ਤੇ ਜਿਹੜਾ ਧਰਮ ਕੇਵਲ ਇੱਕੋ ਦੀ ਪੂਜਾ ਵਿਚ ਅਥਾਹ ਭਰੋਸਾ ਰੱਖਦਾ ਹੋਵੇ, ਉਸ ਨੂੰ ਕਾਲ ਰਹਿਤ ਹੋਣ ਕਰਕੇ ਅਕਾਲੀ ਧਰਮ ਕਹਿਣਾ ਬਣਦਾ ਹੈ। ਵਰਤਮਾਨ ਕਾਲ ਤਾਂ ਸਾਡੇ ਬਹੁਤ ਅਨੁਕੂਲ ਹੈ, ਉਸ ਸਮੇਂ ਵਾਹਿਗੁਰੂ ਦੀ ਪੂਜਾ ਕਰਨੀ ਵਿਸੇਸ ਅਰਥ ਰੱਖਦੀ ਸੀ। ਹਕੂਮਤ ਨਹੀਂ ਚਾਹੁੰਦੀ ਸੀ ਕਿ ਕੋਈ ਅਕਾਲ ਪੁਰਖ ਦਾ ਪੁਜਾਰੀ ਬਣ ਕੇ ਨਿਡਰਤਾ ਤੇ ਅਣਖ ਨੂੰ ਆਪਣੇ ਜੀਵਨ ਵਿੱਚ ਢਾਲੇ। ਪਰ ਖਾਲਸੇ ਨੇ ਗੁਰੂ ਕਲਗੀਧਰ ਪਾਤਸ਼ਾਹ ਦਾ ਦਾਮਨ ਨਹੀਂ ਛੱਡਿਆ। ਭਾਈ ਗੁਰਦਾਸ ਸਿੰਘ ਦੇ ਬਚਨ ਹਨ।

**ਨਿਜ ਦੋਹੀ ਫਿਰੀ ਗੋਬਿੰਦ ਕੀ, ਅਕਾਲ ਜਪਾਏ।**

ਔਕੜ ਸਮੇਂ ਜੋਸ਼ ਤੇ ਹੋਸ਼ ਨੂੰ ਕਾਇਮ ਰੱਖਣਾ ਖਾਲਸੇ ਦਾ ਧਰਮ



www.AKJ.Org

ਹੈ। ਖੜਗਧਾਰੀ ਖਾਲਸਾ ਜੰਗ ਵਿੱਚ ਵੀ ਨਾਮ ਸਿਮਰਨ ਵਿਸਾਰਦਾ ਨਹੀਂ। ਸਿਪਾਹੀ ਦੇ ਹੱਥ ਵਿੱਚ ਜੇ ਬਿਬੇਕ ਬੁੱਧੀ ਦੀ ਤਲਵਾਰ ਆ ਜਾਇ ਤਾਂ ਉਹ ਸਫਲ ਕਮਾਂਡਰ ਬਣ ਜਾਂਦਾ ਹੈ। ਗਿਆਨ ਦੀ ਖੜਗ ਬੁਜ਼ਦਿਲੀ ਦੀਆਂ ਜੜ੍ਹਾਂ ਪੁਟ ਕੇ ਬਾਹਰ ਸੁੱਟਣ ਦੀ ਸ਼ਕਤੀ ਰੱਖਦੀ ਹੈ।

ਮੁਗਲ ਹਕੂਮਤ ਦੀ ਚਾਕਰੀ ਕਰਕੇ ਸੁੱਚਾ ਨੰਦ ਦੀ ਬੁੱਧੀ ਏਨੀ ਭ੍ਰਿਸ਼ਟ ਗਈ, ਜ਼ਮੀਰ ਇਸ ਹੱਦ ਤੱਕ ਨਿੱਘਰ ਗਈ, ਕਿ ਉਸ ਨੇ ਹਿੰਦੂ ਕੌਮ ਦੇ ਰਖਵਾਲਿਆਂ ਨੂੰ ਵੀ ਨਹੀਂ ਬਖਸ਼ਿਆ। ਸਾਹਿਬਜਾਦਿਆਂ ਨੂੰ ਸੱਪ ਦੇ ਬੱਚੇ ਅਰਥਾਤ ਸਪੋਲੀਏ ਆਖਣ ਤੋਂ ਗੁਰੇਜ਼ ਨਹੀਂ ਕੀਤਾ। ਇਸ ਤੋਂ ਅੱਗੇ ਹੋਰ ਸੁਝਾਉ ਦੇ ਕੇ ਕਿ ਇਨ੍ਹਾਂ ਨੂੰ ਵੱਡੇ ਹੋਣ ਤੋਂ ਪਹਿਲਾਂ ਹੀ ਸਮਾਪਤ ਕਰਨਾ ਯੋਗ ਹੈ, ਆਪਣੀ ਨੀਚ ਵਫਾਦਾਰੀ ਦਾ ਸਬੂਤ ਦਿੱਤਾ।

ਉਧਰ ਦਸਮੇਸ਼ ਪਿਤਾ ਜੀ ਨੇ ਔਤਿਆਚਾਰੀ ਰਾਜ ਦੀ ਹਸਤੀ ਮਿਟਾਉਣ ਲਈ ਆਪਣੇ ਪਿਆਰੇ ਖਾਲਸੇ ਨੂੰ ਸਭਯ ਸ਼ਬਦ 'ਭੁਜੰਗੀ' ਨਾਮ ਨਾਲ ਜੋੜਿਆ ਤੇ ਜ਼ਫਰਨਾਮਾਹ ਵਿਚ ਔਰੰਗਜ਼ੇਬ ਨੂੰ ਚਿਤਾਵਨੀ ਦਿੱਤੀ ਕਿ ਕੀ ਹੋਇਆ ਜੇ ਤੂੰ ਮੇਰੇ ਚਾਰ ਬੱਚਿਆਂ ਨੂੰ ਸ਼ਹੀਦ ਕਰਵਾ ਦਿੱਤਾ, ਅਜੇ ਤੇਰੀ ਹਕੂਮਤ ਨੂੰ ਭਸਮ ਕਰਨ ਵਾਲਾ ਪੇਚੀਦਾ ਮਾਰ (ਕੁੰਡਲੀਆ) ਸੱਪ ਅਜੇ ਕਾਇਮ ਹੈ। ਭਾਈ ਗੁਰਦਾਸ ਸਿੰਘ ਨੇ ਨੀਲੇ ਬਾਣੇ ਵਾਲੇ ਭੁਜੰਗੀਆਂ ਦਾ ਸੰਕੇਤ ਦਿੱਤਾ ਹੈ- **"ਯੋਂ ਉਪਜੇ ਸਿੰਘ ਭੁਜੰਗੀਏ, ਨੀਲਾਬਰ ਧਾਰਾ।।"**

ਵਰਤਮਾਨ ਸਮੇਂ ਵਿੱਚ ਭੁਜੰਗੀ ਸਿੰਘ ਦਾ ਪ੍ਰਯੋਗ, ਛੋਟੇ ਤੇ ਨੌਜਵਾਨ ਬੱਚਿਆਂ ਲਈ ਕੀਤਾ ਜਾਂਦਾ ਹੈ। ਭੁਜੰਗੀ ਸਿੰਘ ਤੋਂ ਉੱਦਮੀ,ਫੁਰਤੀਲਾ, ਅਣਖੀ, ਚਾਲਾਕ ਤੇ ਨਿਡਰ ਹੋਣ ਦੀ ਆਸ਼ਾ ਕੀਤੀ ਜਾਂਦੀ ਹੈ।

ਭਾਈ ਨੰਦ ਲਾਲ ਦੀ ਲਿਖਤ ਅਨੁਸਾਰ ਕਲਗੀਧਰ ਪ੍ਰੀਤਮ ਪਿਆਰਾ ਬਹੁ ਰੰਗੀ ਭੇਸ ਧਾਰਨ ਕਰਨ ਵਾਲਾ, ਕਦੇ ਸੂਫੀ ਕਦੇ ਤਿਆਗੀ ਕਦੇ ਫ਼ਕੀਰ ਕਲੰਦਰ ਦੇ ਰੂਪ ਵਿਚ ਵਿਚਰਦਾ ਹੈ।

**ਗਾਹਿ ਸੂਫੀ ਗਾਹਿ ਜ਼ਾਹਿਦ ਗਾਹਿ ਕਲੰਦਰ ਮੇ ਸੁਵਦ।।**
**ਰੰਗਹਾਏ ਮੁਖਤਲਿਫ ਦਾਰਦ ਬੁਤੇ ਐਯਾਰਿ ਮਾ।।**

(ਦੀਵਾਨਿ ਗੋਯਾ)

ਪਰ ਸਭ ਤੋਂ ਪਿਆਰਾ, ਖਾਸ ਰੂਪ ਖਾਲਸਾ ਹੈ ਜਿਸ ਵਿੱਚ ਪ੍ਰੀਤਮ ਦਾ ਵਾਸਾ ਹੈ। ਗੁਰਦੇਵ ਜੀ ਨੇ ਖਾਲਸੇ ਨੂੰ, ਜਿੰਦ, ਪਰਾਨ, ਜਾਨ ਦੀ ਜਾਨ ਆਦਿ ਆਖ ਕੇ ਅਥਾਹ ਉਸਤਤਿ ਕੀਤੀ। ਕਿਸੇ ਦੇ ਮਨ ਵਿਚ ਰੰਚ ਭਰ ਵੀ ਮਿਥਿਆ ਜਾਂ ਅੱਤ ਕਥਨੀ ਦਾ ਪ੍ਰਭਾਵ ਨ ਪਵੇ, ਗੁਰਦੇਵ ਜੀ ਨੇ ਪਾਰਬ੍ਰਹਮ ਗੁਰੂ ਨਾਨਕ ਨੂੰ ਸਾਖੀ ਜਾਣ ਕੇ ਫੁਮਾਇਆ:-

**ਯਾ ਮੈ ਰੰਚ ਨਾ ਮਿਥਿਆ ਭਾਖੀ।।**
**ਪਾਰਬ੍ਰਹਮ ਗੁਰੂ ਨਾਨਕ ਸਾਖੀ।।**

ਇਸ ਤੋਂ ਵੱਧ ਇਕਮਿੱਕਤਾ ਦਾ ਪ੍ਰਗਟਾਵਾ ਕਰਨਾ ਮੁਸ਼ਕਲ ਹੈ। ਇਸ ਕਥਨ ਨੂੰ ਸੰਪੂਰਕਤਾ ਬਖਸ਼ਣ ਲਈ ਗੁਰਦੇਵ ਜੀ ਨੇ ਕਠੋਰ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ।

**"ਜਬ ਲਗ ਖਾਲਸਾ ਰਹੇ ਨਿਆਰਾ।।**
**ਤਬ ਲਗ ਤੇਜ ਦੀਉ ਮੈ ਸਾਰਾ।।**
**ਜਬ ਇਹ ਗਹੈ ਬਿਪਰਨ ਕੀ ਰੀਤ।।**
**ਮੈ ਨ ਕਰੋ ਇਨ ਕੀ ਪ੍ਰਤੀਤ।।**

ਬੇਸ਼ਕ ਇਹ ਨਿਆਰਾਪਨ ਵਾਹਦੀਅਤ ਤੇ ਵਿਸ਼ਵਾਸ਼ ਅਤੇ ਦੈਵੀ ਗੁਣਾਂ ਤੇ ਆਧਾਰਤ ਹੈ ਪਰ ਇਸ ਦੇ ਨਾਲ ਬਾਹਰੀ ਸਰੂਪ ਪੋਸ਼ਾਕ, ਖੁਰਾਕ ਤੇ ਵਰਤਾਉ ਦੀ ਭੀ ਕੌਤਕ ਭਰੀ ਵਿਸ਼ੇਸ਼ਤਾ ਹੈ। ਸਿੱਖ-ਧਰਮ ਜੰਗ ਜੂ ਕੌਮ ਹੈ ਤੇ ਖਾਲਸਾ ਸੰਤ ਸਿਪਾਹੀ ਫੌਜੀ ਜੁਆਨ ਹੈ ਜਿਸ ਲਈ ਆਪਣੀ ਸ਼ਕਲ ਤੇ ਵਰਦੀ ਇੱਕ ਜੈਸੀ ਰੱਖਣੀ ਧਾਰਮਿਕ ਅੰਗ ਹੈ, ਨੀਂਦ ਜਾਗ, ਖੁਰਾਕ ਆਦਿ ਸੰਜਮ ਵਿੱਚ ਰੱਖਣਾ ਆਵੱਸਕ ਹੈ। ਬਾਣੀ ਤੇ ਬਾਣਾ ਖਾਲਸੇ ਦੀ ਪਹਿਚਾਣ ਵੀ ਹੈ, ਜਿੰਦ ਜਾਨ ਵੀ ਹੈ। ਜੇ ਬਾਣੀ ਖੁਸ਼ਬੂ ਹੈ ਤਾਂ ਬਾਣਾ ਰੱਖਿਅਕ ਹੈ ਤੇ ਵਿਗਿਆਨਕ ਕਸੌਟੀ ਤੇ ਪੂਰਾ ਉਤਰਦਾ ਹੈ। ਜਿਵੇਂ ਖਾਲਕ ਨੇ ਖਲਕਤ ਰਚ ਕੇ ਆਪਣੇ ਆਪ ਨੂੰ ਵੱਖ ਨਹੀਂ ਰੱਖਿਆ ਬਲਕਿ ਖਲਕ ਮਹਿ ਖਾਲਿਕ ਅਨੁਸਾਰ ਖਲਕਤ ਵਿੱਚ ਸਮਾਇਆ ਹੈ ਤਿਵੇਂ ਦਸਮੇਸ਼ ਪਿਤਾ ਜੀ ਨੇ ਖਾਲਸੇ ਦੀ ਸਿਰਜਨਾ ਕਰਕੇ ਆਪਣਾ ਸਾਰਾ ਤੇਜ਼ ਪਰਤਾਪ ਖਾਲਸੇ ਨੂੰ ਸੌਂਪਿਆ ਹੈ।

## "ਸੂਰਾ" ਮਾਰਚ,95 ਵਿੱਚ ਦਿੱਤੇ ਬੱਚਿਆਂ ਲਈ ਸਵਾਲਾਂ ਦੇ ਜਵਾਬ

1. ਸਿੱਖਾਂ ਦੇ ਘਰ ਜਨਮ ਲੈਣ ਵਾਲੇ ਬੱਚੇ ਨੂੰ ਸਿੱਖ ਕਿਹਾ ਜਾਂਦਾ ਹੈ, ਅੰਮ੍ਰਿਤ ਛਕ ਕੇ ਉਹ ਸਿੰਘ ਸਜ ਜਾਂਦਾ ਹੈ ਅਤੇ ਖਾਲਸਾ ਪੰਥ ਵਿੱਚ ਸ਼ਾਮਲ ਹੋਣ ਕਰ ਕੇ ਖਾਲਸਾ ਅਖਵਾਉਂਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਪ੍ਰਕਾਸ਼ਤ "ਸਿੱਖ ਰਹਿਤ ਮਰਯਾਦਾ" ਅਨੁਸਾਰ ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਹੈ ਅਤੇ ਹੋਰ ਕਿਸੇ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

2. ਅੰਮ੍ਰਿਤ ਤਿਆਰ ਕਰਨ ਲਈ ਜਪੁ, ਜਾਪੁ, ਸਵੱਯੇ ("ਸ੍ਰਾਵਗ ਸੁਧ" ਵਾਲੇ), ਬੇਨਤੀ ਚੌਪਈ ਪਾਤਸ਼ਾਹੀ 10 ("ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ ਦੁਸ਼ਟ ਦੋਖ ਤੇ ਲੇਹ ਬਚਾਈ" ਤਕ) ਤੇ ਅਨੰਦ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ।

3. ਸਿਰ ਦੇ ਵਾਲਾਂ ਨੂੰ ਹਰ ਵੇਲੇ ਢਕੇ ਰੱਖਣ ਵਾਲੀ ਛੋਟੀ ਦਸਤਾਰ, ਦੁਪੱਟੇ, ਸਰ੍ਹਾਣੇ, ਚਾਦਰ, ਰਜਾਈ, ਕੰਬਲ ਆਦਿ ਨੂੰ ਕੇਸਾਂ ਦੀ ਬੇਅਦਬੀ ਤੋਂ ਬਚਾਉਂਦੀ ਹੈ।

4. ਕੇਸ ਗੁਰੂ ਕੀ ਮੋਹਰ ਹਨ, ਇਨ੍ਹਾਂ ਨੂੰ ਮਿਟਾਉਣਾ (ਕੱਟਣਾ) ਗੁਰੂ ਤੋਂ ਬੇਮੁਖ ਹੋਣਾ ਹੈ। ਸਤਿਗੁਰੂ ਨੂੰ ਪਿੱਠ ਦੇਣ ਵਾਲਿਆਂ ਨੂੰ ਕੋਈ ਟਿਕਾਣਾ ਨਹੀਂ ਮਿਲਦਾ।

5. ਖਾਲੀ ਥਾਵਾਂ ਭਰਨ ਉਪਰੰਤ ਸਵਾਲ ਵਿੱਚ ਦਿੱਤੀਆਂ ਤੁਕਾਂ ਇਉਂ ਹਨ-

**ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ।।**
**ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ।।**

ਇਹ ਤੁਕਾਂ "ਆਸਾ" ਰਾਗ ਵਿਚੋਂ ਹਨ।

# ਬਾਪੂ ਜੀ ਤੇ ਬੱਚੇ (9)

ਬੱਚਿਆਂ ਦੀ ਰੇਲ ਗੱਡੀ "ਵਾਹਿਗੁਰੂ ਵਾਹਿਗੁਰੂ " ਦੀਆਂ ਕੂਕਾਂ ਮਾਰਦੀ ਕੋਠੇ ਦੇ ਚੱਕਰ ਕੱਟਣ ਲੱਗ ਪਈ। ਅੱਜ ਦੀ ਰੇਲ ਗੱਡੀ ਦੀ ਵਿਲੱਖਣਤਾ ਇਹ ਸੀ ਕਿ ਛੋਟੀ ਬੱਚੀ ਕਮਲ ਵੀ ਬੱਚੇ ਰੂਪ ਡੱਬਿਆਂ ਨਾਲ ਜੁੜੀ ਹੋਈ ਸੀ। ਬੱਚਿਆਂ ਦੀ ਗੱਡੀ ਦੀ ਆਵਾਜ਼ ਸੁਣ ਕੇ ਬਾਪੂ ਜੀ ਵੀ ਚੁਬਾਰੇ ਵਿੱਚੋਂ ਬਾਹਰ ਆ ਗਏ। ਬਾਪੂ ਜੀ ਨੂੰ ਦੇਖ ਕੇ ਇੰਜਣ ਵਲੋਂ ਗੱਡੀ ਅੱਗੇ ਲੱਗੇ ਕੁਲਜੀਤ ਸਿੰਘ ਨੇ ਜੈਕਾਰਾ ਬੁਲਾ ਦਿੱਤਾ। "ਬੋਲੇ ਸੋ ਨਿਹਾਲ" ਸੁਣ ਕੇ ਬਾਕੀ ਸਾਰੇ ਬੱਚਿਆਂ ਨੇ ਉੱਚੀ ਦੇਣੀ "ਸਤਿ ਸ੍ਰੀ ਅਕਾਲ"ਬੋਲੀ। ਬੱਚਿਆਂ ਵਾਂਗ ਬਾਪੂ ਜੀ ਨੂੰ ਵੀ ਜੈਕਾਰਾ ਬੁਲਾਉਂਦੇ ਦੇਖ ਕੇ ਸਾਰੇ ਬੱਚੇ ਖਿੜ ਖਿੜਾ ਕੇ ਹੱਸ ਪਏ। ਬੱਚਿਆਂ ਨੂੰ ਖ਼ੁਸ਼ ਕਰਨ ਵਾਸਤੇ ਬਾਪੂ ਜੀ ਨੇ ਉੱਚੀ ਆਵਾਜ਼ ਵਿੱਚ "ਬੋਲੇ ਸੋ ਨਿਹਾਲ" ਬੋਲ ਦਿੱਤੀ ਅਤੇ ਬੱਚਿਆਂ ਨੇ "ਸਤਿ ਸ੍ਰੀ ਅਕਾਲ" ਕਹਿ ਕੇ ਜੈਕਾਰੇ ਦੀ ਗੂੰਜ ਉਠਾ ਦਿੱਤੀ। ਕਮਲ ਬਾਪੂ ਜੀ ਦੀਆਂ ਲੱਤਾਂ ਨੂੰ ਆ ਚਿੰਬੜੀ ਅਤੇ ਬਾਕੀ ਬੱਚੇ ਵੀ ਬਾਪੂ ਜੀ ਦੇ ਦੁਆਲੇ ਇੱਕਠੇ ਹੋ ਗਏ। ਲਾਡ ਲਡਾਉਣ ਤੋਂ ਬਾਦ ਬਾਪੂ ਜੀ ਨੇ ਬੱਚਿਆਂ ਨੂੰ ਮੰਜਿਆਂ ਤੇ ਬੈਠ ਜਾਣ ਲਈ ਕਿਹਾ। ਅੱਜ ਠੰਡ ਜ਼ਰਾ ਵਧੇਰੇ ਸੀ ਜਿਸ ਕਰਕੇ ਬੱਚੇ ਸੁੰਗੜ ਸੁੰਗੜ ਕੇ ਬੈਠੇ ਹੋਏ ਸਨ। ਬਾਪੂ ਜੀ ਨੇ ਵਰਾਂਡੇ ਦੀਆਂ ਖਿੜਕੀਆਂ ਬੰਦ ਕਰਨ ਦਾ ਇਸ਼ਾਰਾ ਕੀਤਾ। ਕੁਲਜੀਤ ਸਿੰਘ ਨੇ ਉੱਠ ਕੇ ਖਿੜਕੀਆਂ ਬੰਦ ਕਰ ਦਿੱਤੀਆਂ ਜਿਸ ਕਰਕੇ ਸਿੱਧੀ ਠੰਡੀ ਹਵਾ ਆਉਣੀ ਬੰਦ ਹੋ ਗਈ। ਖਿੜਕੀਆਂ ਬੰਦ ਕਰਕੇ ਕੁਲਜੀਤ ਸਿੰਘ ਪੁੱਛਣ ਲੱਗਾ-

**ਕੁਲਜੀਤ ਸਿੰਘ:**-ਬਾਪੂ ਜੀ! ਸਤਿ ਸ੍ਰੀ ਅਕਾਲ ਦਾ ਕੀ ਮਤਲਬ ਆ?

ਬਾਪੂ ਜੀ :-ਸਤਿ ਦਾ ਅਰਥ ਹੈ ਸੱਚ, ਅਕਾਲ ਦਾ ਮਤਲਬ ਹੈ ਕਾਲ (ਮੌਤ) ਰਹਿਤ, ਜੋ ਮਰਦਾ ਨਹੀਂ। ਵਾਹਿਗੁਰੂ ਕਾਲ ਰਹਿਤ ਹੈ ਜਿਸ ਨੂੰ ਅਸੀਂ ਅਕਾਲ ਪੁਰਖ ਦੇ ਨਾਓਂ ਨਾਲ ਯਾਦ ਕਰਦੇ ਹਾਂ। "ਸਤਿ" ਤੋਂ ਭਾਵ ਹੈ "ਹੋਂਦ ਵਾਲਾ" ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਨੂੰ "ਆਦਿ ਸਚੁ, ਜੁਗਾਦਿ ਸਚੁ।। ਹੈ ਭੀ ਸਚੁ, ਨਾਨਕ, ਹੋਸੀ ਭੀ ਸਚੁ।।" ਕਿਹਾ ਹੈ ਜਿਸ ਦਾ ਭਾਵ ਹੈ ਕਿ ਅਕਾਲ ਪੁਰਖ ਮੁੱਢ ਤੋਂ ਹੀ ਹੋਂਦ ਵਾਲਾ ਹੈ, ਇਸ ਵੇਲੇ ਵੀ ਮੌਜੂਦ ਹੈ ਤੇ ਅਗਾਂਹ ਨੂੰ ਵੀ ਹੋਂਦ ਵਾਲਾ ਰਹੇਗਾ। ਅਕਾਲ ਪੁਰਖ ਦੀ ਹਸਤੀ ਕਦੇ ਵੀ ਖਤਮ ਨਹੀਂ ਹੋ ਸਕਦੀ। ਇਉਂ ਕਹੋ ਕਿ ਅਕਾਲ ਪੁਰਖ "ਸਤਿ" ਹੈ। ਨਿਰੀ ਸਚਾਈ ਹੀ ਸਚਾਈ ਹੈ, ਸਚਾਈ ਹਮੇਸ਼ਾਂ ਕਾਇਮ ਰਹਿਣ ਵਾਲੀ ਹੈ।

ਸਤਿਕਾਰ ਵਜੋਂ ਅਸੀਂ "ਸ੍ਰੀ" ਸ਼ਬਦ ਨਾਮ ਦੇ ਅੱਗੇ ਲਗਾਉਂਦੇ ਹਾਂ ਜਿਵੇਂ ਸ੍ਰੀ ਅਕਾਲ ਤਖ਼ਤ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸੋ "ਸਤਿ ਸ੍ਰੀ ਅਕਾਲ"ਦਾ ਮਤਲਬ ਹੋਇਆ ਕਿ ਸਤਿ (ਸਚਾਈ) ਹਮੇਸ਼ਾਂ ਕਾਇਮ ਰਹਿਣ ਵਾਲੀ ਹੈ। ਅੰਗ੍ਰੇਜ਼ੀ ਵਿੱਚ ਅਸੀਂ ਕਹਾਂਗੇ - Truth is ever green.

**ਕੁਲਜੀਤ ਸਿੰਘ:**-ਬਾਪੂ ਜੀ! ਅਸੀਂ ਇਹ ਜੈਕਾਰਾ ਕਿਉਂ ਬੁਲਾਉਂਦੇ ਹਾਂ?

**ਬਾਪੂ ਜੀ:**-ਬੱਚਿਓ! ਅਸੀਂ ਹਰ ਵੇਲੇ ਇਸ ਗੱਲ ਨੂੰ ਯਾਦ ਰੱਖਣਾ ਹੈ ਕਿ "ਸੱਚ" ਮਰਦਾ ਨਹੀਂ, ਸੱਚਾਈ ਹਮੇਸ਼ਾਂ ਕਾਇਮ ਰਹਿੰਦੀ ਹੈ। ਸਿੱਖ ਧਰਮ "ਸਤਿ" ਦਾ ਧਰਮ ਹੈ, ਅਸੀਂ ਹਰ ਵੇਲੇ "ਸਤਿ" ਦੀ ਜੈ ਜੈਕਾਰ ਕਰਨੀ ਹੈ। ਜੰਗ ਵਿਚ ਵੀ ਅਸੀਂ ਸਤਿ ਧਰਮ ਤੇ ਕਾਇਮ ਰਹਿ ਕੇ ਵੈਰੀਆਂ ਨੂੰ ਸੋਧਣਾ ਹੈ। ਪੰਜਾਂ ਵੈਰੀਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤੇ ਫਤਹ ਪਾ ਕੇ ਵੀ ਅਸੀਂ "ਸਤਿ ਸ੍ਰੀ ਅਕਾਲ" ਦਾ ਜੈਕਾਰਾ ਹੀ ਗੁੰਜਾਉਣਾ ਹੈ। ਵਾਹਿਗੁਰੂ (ਅਕਾਲ ਪੁਰਖ) ਜੀ ਕੀ ਫਤਹ ਹੀ ਕਹਿਣੀ ਹੈ। ਕਾਜ਼ੀ ਨੂਰ ਮੁਹੰਮਦ ਆਪਣੇ ਜੰਗ ਨਾਮੇ ਵਿਚ ਲਿਖਦਾ ਹੈ ਕਿ ਗੁਰੂ ਕੇ ਸਿੰਘ ਮੈਦਾਨ ਵਿਚੋਂ ਭੱਜੇ ਜਾਂਦੇ ਤੇ ਵਾਰ ਨਹੀਂ ਕਰਦੇ ਅਤੇ ਨਾ ਹੀ ਉਸ ਨੂੰ ਕੁੱਝ ਕਹਿੰਦੇ ਹਨ ਜਿਹੜਾ ਆਪਣੀ ਹਾਰ ਮੰਨ ਲਏ, ਦੁਸ਼ਮਣ ਦੀਆਂ ਇਸਤਰੀਆਂ ਨੂੰ ਵੀ ਬੁਰੀ ਨਜ਼ਰ ਨਾਲ ਨਹੀਂ ਦੇਖਦੇ ਅਤੇ ਨਾ ਹੀ ਉਨ੍ਹਾਂ ਦਾ ਗਹਿਣਾ ਗੱਟਾ ਖੋਹੰਦੇ ਹਨ। ਇਹ ਸਤਿ-ਧਰਮ ਦੀ ਮੂੰਹ ਬੋਲਦੀ ਤਸਵੀਰ ਹੈ।

ਬੱਚਿਓ! ਸਤਿ ਸ੍ਰੀ ਅਕਾਲ ਦਾ ਜੈਕਾਰਾ ਸਾਡੇ ਵਾਸਤੇ "ਸਤਿ-ਧਰਮ" ਤੇ ਚੱਲਣ ਵਾਸਤੇ ਚੇਤਾਵਨੀ ਹੈ, ਸਤਿ-ਧਰਮ ਗੁਰਮਤਿ ਦਾ ਗਾਡੀ ਰਾਹ (ਪਟੜੀ) ਹੈ ਜਿਸ ਤੇ ਚੱਲ ਕੇ ਅਸੀਂ ਇਸ ਸੰਸਾਰ ਸਮੁੰਦਰ ਚੋਂ ਪਾਰ ਹੋਣਾ ਹੈ ਅਤੇ ਆਪਣੇ ਪ੍ਰਭੂ ਪ੍ਰੀਤਮ ਦੇ ਦੇਸ ਪਹੁੰਚਣਾ ਹੈ। ਪ੍ਰਭੂ ਦੇ ਦਰ ਅਸੀਂ ਤਾਂ ਹੀ ਕਬੂਲੇ ਜਾਵਾਂਗੇ ਜੇ ਅਸੀਂ "ਸਤਿ" ਦੇ ਮਾਰਗ ਤੇ ਚੱਲਾਂਗੇ। ਸਾਡਾ ਮਨ ਬੜਾ ਬੇਈਮਾਨ ਹੈ, ਕਹਿੰਦਿਆਂ ਕਹਿੰਦਿਆਂ ਸਾਨੂੰ ਝੂਠ ਤੂਫਾਨ (ਅਸੱਤ) ਦੇ ਟੋਇਆਂ ਵਿਚ ਲੈ ਵੜਦਾ ਹੈ। ਇਸ ਨੂੰ ਹਰ ਵੇਲੇ ਛਿਛਕੇਰਨ ਦੀ ਲੋੜ ਹੈ। ਸਾਡਾ ਮਨੋਬਲ ਵੀ ਤਾਹੀਓਂ ਹੀ ਉਚਾ ਰਹੇਗਾ ਜੇ ਅਸੀਂ ਸਤਿ-ਧਰਮ ਤੇ ਕਾਇਮ ਰਹਾਂਗੇ। ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਅਸੀਂ ਹਰ ਕਾਰਜ ਦੇ ਆਰੰਭ ਵਿੱਚ ਅਰਦਾਸ ਕਰਕੇ ਜੈਕਾਰਾ ਬੁਲਾਉਂਦੇ ਹਾਂ ਅਤੇ ਕਾਰਜ ਦੀ ਸਮਾਪਤੀ ਤੇ ਵੀ ਜੈਕਾਰਾ ਗੁੰਜਾਉਂਦੇ ਹਾਂ। ਅਪਣੀ ਚੜ੍ਹਦੀ ਕਲਾ ਵਾਸਤੇ ਵੀ ਵੱਜ ਗੱਜ ਕੇ ਅਸੀਂ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਗੁੰਜਾਉਂਦੇ ਹਾਂ। ਸਾਡਾ ਇਹ ਜੈਕਾਰਾ ਦੁਸ਼ਮਣ ਤੇ ਬੰਬ ਵਰਗਾ ਅਸਰ ਕਰਦਾ ਹੈ। ਖਾਲਸੇ ਦਾ ਅਕਾਸ਼ ਗੁੰਜਾਊ ਜੈਕਾਰਾ ਸੁਣ ਕੇ ਹੀ ਦੁਸ਼ਮਣ ਦੇ ਪੈਰ ਉੱਖੜ ਜਾਂਦੇ ਹਨ ਤੇ ਉਹ ਦੁੰਬ ਦਬਾ ਕੇ ਮੈਦਾਨ ਵਿੱਚੋਂ ਭੱਜ ਜਾਂਦਾ ਹੈ। 'ਸਤਿ' ਅੱਗੇ ਕੌਣ ਠਹਿਰ ਸਕਦਾ ਹੈ? ਝੂਠ ਦੇ ਤਾਂ ਪੈਰ ਹੀ ਨਹੀਂ ਹੁੰਦੇ, 'ਸਤਿ' ਦੀ ਭਬਕ ਸੁਣ ਕੇ ਝੂਠ ਤਾਂ ਮੂੰਹ ਭਾਰ ਡਿੱਗ ਪੈਂਦਾ ਹੈ:-

**ਕੂੜੁ ਨਿਖੁਟੇ ਨਾਨਕਾ ਓੜਕ ਸੱਚ ਰਹੀ।** (ਪੰਨਾ ੯੫੩)

**ਅੰਮ੍ਰਿਤਪਾਲ:**- ਬਾਪੂ ਜੀ! ਸਾਡੀ ਕਿਤਾਬ ਵਿੱਚ ਲਿਖਿਆ ਹੋਇਐ "ਸੱਚ ਬੋਲੋ, ਝੂਠ ਨਾ ਬੋਲੋ।"

**ਬਾਪੂ ਜੀ** :-ਬੱਚਿਓ! ਸਿੱਖ ਧਰਮ ਦਾ ਵੀ ਇਹੋ ਹੀ ਅਸੂਲ ਹੈ ਜਿਵੇ 'ਬਾਬਾ ਫਰੀਦ ਜੀ ਕਹਿੰਦੇ ਹਨ:-

**ਬੋਲੀਐ ਸਚੁ ਧਰਮੁ, ਝੂਠੁ ਨਾ ਬੋਲੀਐ।।**
**ਜੋ ਗੁਰੁ ਦਸੈ ਵਾਟ, ਮੁਰੀਦਾ ਜੋਲੀਐ।।** (ਪੰਨਾ ੪੮੮)

**ਪ੍ਰਭਜੋਤ:**- ਬਾਪੂ ਜੀ! ਇਹਦਾ ਕੀ ਮਤਲਬ ਆ?

**ਬਾਪੂ ਜੀ:**-ਇਹਦਾ ਮਤਲਬ ਹੈ ਕਿ ਸਾਨੂੰ ਸੱਚ ਤੇ ਧਰਮ ਹੀ ਬੋਲਣਾ ਚਾਹੀਦਾ ਹੈ, ਝੂਠ ਨਹੀਂ ਬੋਲਣਾ ਚਾਹੀਦਾ, ਜੋ ਰਸਤਾ ਗੁਰੂ ਦੱਸੇ



www.AKJ.Org

ਉਸ ਰਸਤੇ ਤੇ ਮੁਰੀਦਾਂ ਵਾਂਗ (ਸਿੱਖ ਬਣ ਕੇ) ਤੁਰਨਾ ਚਾਹੀਦਾ ਹੈ।

**ਪ੍ਰਭਜੋਤ:**– ਬਾਪੂ ਜੀ! ਸਾਡੀ ਕਲਾਸ ਵਿੱਚ ਇੱਕ ਮੁੰਡਾ ਸਾਡੀਆਂ ਪੈਨਸਲਾਂ ਚੋਰੀ ਕਰ ਲੈਂਦਾ ਆ। ਜਦੋਂ ਪੁਛੋ ਤਾਂ ਝੂਠ ਬੋਲ ਦਿੰਦਾ ਆ। ਇਕ ਦਿਨ ਮੈਂ ਆਂਟੀ ਕੋਲ ਸ਼ਿਕੈਤ (ਸ਼ਕਾਇਤ) ਲਾ ਦਿੱਤੀ, ਉਹਦੇ ਬਸਤੇ ਵਿੱਚੋਂ ਪੈਨਸਲ ਫੜੀ ਗਈ ਤੇ ਉਹਨੂੰ ਬੜੀ ਮਾਰ ਪਈ।

**ਬਾਪੂ ਜੀ:**–ਬੱਚਿਓ! ਝੂਠ ਬੋਲਣ ਵਾਲਿਆਂ ਦਾ ਇਹੋ ਹੀ ਹਾਲ ਹੁੰਦਾ ਹੈ। ਝੂਠਿਆਂ ਦਾ ਦੋਹੀਂ ਜਹਾਨੀ ਮੂੰਹ ਕਾਲਾ। ਸੱਚੇ ਬੰਦਿਆਂ ਨੂੰ ਹੀ ਮਾਣ ਵਡਿਆਈ ਮਿਲਦੀ ਹੈ।

**"ਸਚੇ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ।"** (ਪੰਨਾ ੧੩੫)

**ਕੁਲਜੀਤ ਸਿੰਘ:**– ਬਾਪੂ ਜੀ! ਦੋਹੀਂ ਜਹਾਨੀ ਦਾ ਕੀ ਮਤਲਬ?

**ਬਾਪੂ ਜੀ:**– ਲੋਕ ਤੇ ਪ੍ਰਲੋਕ, ਇਹ ਲੋਕ (ਜਹਾਨ) ਤੇ ਉਹ ਲੋਕ, ਇਹ ਦੁਨੀਆਂ ਤੇ ਉਹ ਦੁਨੀਆਂ।

**ਕੁਲਜੀਤ ਸਿੰਘ:**– ਉਹ ਦੁਨੀਆਂ ਕਿਹੜੀ?

**ਬਾਪੂ ਜੀ:**– ਇਹ ਦੁਨੀਆਂ (ਲੋਕ) ਤਾਂ ਸਾਨੂੰ ਦਿਸਦੀ ਹੈ ਅਤੇ ਉਹ ਦੁਨੀਆਂ (ਪ੍ਰਲੋਕ) ਸਾਨੂੰ ਦਿਸਦੀ ਨਹੀਂ। ਮਰਨ ਤੋਂ ਬਾਅਦ ਅਸੀਂ ਜਿੱਥੇ ਪਹੁੰਚਦੇ ਹਾਂ ਉਸਨੂੰ ਅਸੀਂ ਪ੍ਰਲੋਕ ਕਹਿੰਦੇ ਹਾਂ, ਇਸੇ ਕਰਕੇ ਕਿਸੇ ਬੰਦੇ ਦੇ ਮਰਨ ਤੇ ਅਸੀਂ ਕਹਿੰਦੇ ਹਾਂ ਕਿ "ਪ੍ਰਲੋਕ ਸਿਧਾਰ ਗਿਆ।"

**ਕੁਲਜੀਤ ਸਿੰਘ:**– ਉਸ ਦੁਨੀਆਂ (ਪ੍ਰਲੋਕ) ਵਿੱਚ ਕੀ ਹੁੰਦਾ ਆ?

**ਬਾਪੂ ਜੀ:**– ਉਸ ਦੁਨੀਆਂ ਵਿੱਚ ਰੱਬ ਦੀ ਦਰਗਾਹ ਹੈ ਜਿੱਥੇ ਜਾ ਕੇ ਸਾਨੂੰ ਆਪਣੇ ਕੀਤੇ ਕੰਮਾਂ ਦਾ ਲੇਖਾ ਦੇਣਾ ਪੈਂਦਾ ਹੈ। ਇਸ ਦੁਨੀਆਂ ਵਿੱਚ ਚੰਗੇ ਕੰਮ ਕਰਨ ਵਾਲਿਆਂ ਨੂੰ ਰੱਬ ਦੀ ਦਰਗਾਹ ਵਿੱਚ ਸ਼ਾਬਾਸ਼ ਮਿਲਦੀ ਹੈ, ਉਨ੍ਹਾਂ ਨੂੰ ਕੋਈ ਓਏ ਓਏ ਕਰਕੇ ਨਹੀਂ ਬੁਲਾਉਂਦਾ, ਹਰ ਕੋਈ ਸਲਾਮਾਂ ਮਾਰਦਾ ਹੈ ਪਰ ਭੈੜੇ ਕੰਮ ਕਰਨ ਵਾਲਿਆਂ ਨੂੰ ਜਮਾਂ ਦੀ ਮਾਰ ਪੈਂਦੀ ਹੈ ਜਿਵੇਂ ਇੱਥੇ ਪੁਲਸ ਵਾਲੇ ਚੋਰਾਂ ਦੀ ਮਾਰ ਕੁਟਾਈ ਕਰਦੇ ਹਨ।

**ਅੰਮ੍ਰਿਤਪਾਲ:**– ਬਾਪੂ ਜੀ! ਮੈਂ ਤੇ ਚੋਰੀ ਨਹੀਂ ਕਰਦਾ, ਨਾ ਹੀ ਝੂਠ ਬੋਲਦਾ ਆਂ।

**ਪ੍ਰਭਜੋਤ:**– ਬਾਪੂ ਜੀ! ਇੱਕ ਮੁੰਡਾ ਮੈਨੂੰ ਕਹਿੰਦਾ ਸੀ "ਝੂਠ ਬੋਲਣਾ ਪਾਪ ਆ, ਚੋਰੀ ਕਰਨੀ ਪਾਪ ਆ।" ਕੁੱਟ ਤੋਂ ਡਰਦਾ ਮਾਰਾ ਜੇ ਮੈਂ ਝੂਠ ਬੋਲ ਦਿਆਂ ਤਾਂ ਮੈਂ ਮੂੰਹ ਵਿੱਚ ਵਾਹਿਗੁਰੂ ਵਾਹਿਗੁਰੂ ਕਰਨ ਲਗ ਪੈਨਾ (ਪੈਂਦਾ) ਆਂ।

**ਬਾਪੂ ਜੀ:**–ਇਸ ਦਾ ਮਤਲਬ ਇਹ ਹੋਇਆ ਕਿ ਤੇਰੀ ਆਤਮਾ ਝੂਠ ਬੋਲਣ ਤੋਂ ਡਰਦੀ ਹੈ। ਇਹ ਇੱਕ ਚੰਗੀ ਗੱਲ ਹੈ। ਸਾਨੂੰ ਪਾਪ ਕਰਨ ਲੱਗਿਆਂ ਡਰਨਾ ਹੀ ਚਾਹੀਦਾ ਹੈ, ਤਾਂ ਹੀ ਅਸੀਂ ਗਲਤੀਆਂ ਤੋਂ ਬਚ ਸਕਾਂਗੇ। ਜੇ ਅਸੀਂ ਗਲਤੀਆਂ ਕਰੀ ਹੀ ਜਾਵਾਂਗੇ ਤਾਂ ਸਾਨੂੰ ਦੰਡ ਸਹਿਣਾ ਹੀ ਪਏਗਾ, ਸਜ਼ਾ ਭੁਗਤਣੀ ਹੀ ਪਏਗੀ। ਸਜ਼ਾ ਤੋਂ ਬਚੇ ਰਹਿਣ ਲਈ ਗੁਰੂ ਤੇਗ ਬਹਾਦਰ ਜੀ ਸਾਨੂੰ ਉਪਦੇਸ਼ ਕਰਦੇ ਹਨ ਕਿ–

**"ਨਰ ਅਚੇਤ. ਪਾਪ ਤੇ ਡਰੁ ਰੇ।"** (ਪੰਨਾ ੨੨੦)

**ਕੁਲਜੀਤ ਸਿੰਘ:**– "ਨਰ ਅਚੇਤ" ਦਾ ਕੀ ਅਰਥ ਆ?

**ਬਾਪੂ ਜੀ:**– ਨਰ ਅਚੇਤ ਦਾ ਅਰਥ ਹੈ ਗਾਫਿਲ ਇਨਸਾਨ, ਸੁਗਾ ਲਾਪ੍ਰਵਾਹ ਬੰਦਾ।

**ਅੰਮ੍ਰਿਤਪਾਲ:**– ਬਾਪੂ ਜੀ! ਭੁੱਲਾਂ ਦੀ ਮਾਫੀ ਵੀ ਰੱਬ ਦੇ ਦਿੰਦਾ ਆ?

**ਬਾਪੂ ਜੀ:**– ਅਣਭੋਲ ਭੁੱਲ ਤਾਂ ਮੁਆਫ ਹੋ ਜਾਂਦੀ ਹੈ ਪਰ ਜਾਣ ਬੁੱਝ ਕੇ ਕੀਤੀ ਬਾਰ ਬਾਰ ਗਲਤੀ (ਭੁੱਲ) ਦੀ ਸਜ਼ਾ ਤਾਂ ਭੁਗਤਣੀ ਹੀ ਪੈਂਦੀ ਹੈ।

**ਪ੍ਰਭਜੋਤ:**– ਬਾਪੂ ਜੀ! ਜੇ ਮੇਤੋਂ (ਮੈਥੋਂ) ਭੁੱਲ ਹੋ ਜਾਏ ਤਾਂ ਮੈਂ ਵਾਹਿਗੁਰੂ ਵਾਹਿਗੁਰੂ ਕਰਨ ਲੱਗ ਪੈਨਾ ਆਂ। ਇੱਦਾਂ ਮੇਰਾ ਡਰ ਦੂਰ ਹੋ ਜਾਂਦਾ ਆ, ਫੇਰ ਮੈਂ ਮੰਮੀਂ ਕੋਲੋਂ ਮਾਫੀ ਮੰਗ ਲੈਨਾ ਆਂ, ਮੰਮੀਂ ਮੈਨੂੰ ਕੁਛ ਨੀ ਕਹਿੰਦੀ।

**ਅੰਮ੍ਰਿਤਪਾਲ:**– ਤੂੰ ਗਲਤੀ ਨਾ ਕਰਿਆ ਕਰ।

**ਪ੍ਰਭਜੋਤ:**– ਬਾਪੂ ਜੀ! ਅਸੀਂ ਬੱਚੇ ਆਂ, ਗਲਤੀ ਹੋ ਈ ਜਾਂਦੀ ਆ।

**ਬਾਪੂ ਜੀ:**– ਬੱਚੂ! ਜਾਣ ਬੁੱਝ ਕੇ ਕੋਈ ਗਲਤੀ ਨਹੀਂ ਕਰਨੀ ਚਾਹੀਦੀ। ਭੁੱਲ ਹੋ ਜਾਏ ਤਾਂ ਵਾਹਿਗੁਰੂ ਨੂੰ ਯਾਦ ਕਰਕੇ ਪਸਚਾਤਾਪ ਕਰਨਾ ਚਾਹੀਦਾ ਹੈ। ਵੈਸੇ ਵੀ ਜੇ ਕੋਈ ਮੁਸ਼ਕਲ ਆ ਬਣੇ ਤਾਂ ਵਾਹਿਗੁਰੂ ਵਾਹਿਗੁਰੂ ਕਰਨ ਨਾਲ ਬਲਾ ਟਲ ਜਾਂਦੀ ਹੈ।

**ਕੁਲਜੀਤ ਸਿੰਘ:**– ਉਹ ਕਿਵੇਂ?

**ਬਾਪੂ ਜੀ:**– ਜਿਵੇਂ ਆਪਣੇ ਵਾਕਫਕਾਰ ਅਫਸਰ ਦਾ ਨਾਮ ਲੈਣ ਨਾਲ ਔਕੜ ਵਿੱਚ ਫਸੇ ਬੰਦੇ ਦਾ ਛੁਟਕਾਰਾ ਹੋ ਜਾਂਦਾ ਹੈ, ਇਸੇ ਹੀ ਤਰ੍ਹਾਂ ਵਾਹਿਗੁਰੂ ਦਾ ਨਾਮ ਲੈਣ ਨਾਲ ਵੱਡੀ ਭਾਰੀ ਮੁਸ਼ਕਲ ਅੱਖ ਦੇ ਫੋਰ ਵਿੱਚ ਦੂਰ ਹੋ ਜਾਂਦੀ ਹੈ ਜਿਵੇਂ ਸੁਖਮਨੀ ਸਾਹਿਬ ਵਿੱਚ ਲਿਖਿਆ ਹੋਇਆ ਹੈ–

**"ਜਹ ਮੁਸਕਲ ਹੋਵੈ ਅਤਿ ਭਾਰੀ।।**
**ਹਰਿ ਕੋ ਨਾਮੁ ਖਿਨ ਮਾਹਿ ਉਧਾਰੀ।।"**

**ਕੁਲਜੀਤ ਸਿੰਘ:**– ਮੁਸ਼ਕਲ ਵਿੱਚੋਂ ਛੁੱਟਣ ਦਾ ਤਾਂ ਫੇਰ ਇਹ ਬੜਾ ਸੌਖਾ ਤਰੀਕਾ ਆ।

**ਬਾਪੂ ਜੀ:**– ਸੌਖਾ ਤੇ ਹੈ ਪਰ "ਸਾਹਬ" ਨਾਲ ਵਾਕਫੀ ਹੋਏਗੀ ਤਾਹੀਓਂ ਉਹ ਦਾ ਨਾਮ ਲੈਣ ਨਾਲ ਕੰਮ ਸਿੱਧ ਹੋਏਗਾ।

**ਕੁਲਜੀਤ ਸਿੰਘ:**–ਸਾਹਬ ਨਾਲ ਵਾਕਫੀ ਕਿਵੇਂ ਪਏਗੀ?

**ਬਾਪੂ ਜੀ:**– ਦੁਨੀਆਂ ਦੇ ਸਾਹਬਾਂ ਤੇ ਦੁਨੀਆਂ ਦੇ ਮਾਲਕ ਸਾਹਬ (ਵਾਹਿਗੁਰੂ) ਨਾਲ ਵਾਕਫੀ ਪਾਉਣ ਦੇ ਵੱਖੋ ਵੱਖ ਢੰਗ ਹਨ।

**ਪ੍ਰਭਜੋਤ:**– ਵਾਹਿਗੁਰੂ ਵਾਹਿਗੁਰੂ ਕਰੀ ਜਾਓ, ਰੱਬ ਆਪੇ ਹੀ ਬੱਚਿਆਂ ਦੀ ਗੱਲ ਸੁਣ ਲੈਂਦਾ ਆ।

**ਬਾਪੂ ਜੀ:**– ਵਾਹ ਬਈ ਵਾਹ! ਪ੍ਰਭਜੋਤ ਤੂੰ ਤੇ ਹੁਣ ਗਿਆਨੀ ਹੋ ਗਿਐਂ।

**ਅੰਮ੍ਰਿਤਪਾਲ:**– ਬਾਪੂ ਜੀ! ਗਿਆਨੀ ਕੌਣ ਹੁੰਦਾ?

**ਬਾਪੂ ਜੀ:**– ਗਿਆਨ–ਵਾਨ ਬੰਦੇ ਨੂੰ ਗਿਆਨੀ ਕਿਹਾ ਜਾਂਦਾ ਹੈ, ਜਿਹੜਾ ਇੱਕ ਦੱਮ ਗੱਲ ਸਮਝ ਜਾਏ।

**ਅੰਮ੍ਰਿਤਪਾਲ:**– ਬਾਪੂ ਜੀ! ਜਦੋਂ ਅਸੀਂ ਰੇਲ ਗੱਡੀ ਬਣਾ ਕੇ ਵਾਹਿਗੁਰੂ ਵਾਹਿਗੁਰੂ ਕਰਦੇ ਆਂ ਤਾਂ ਇਹ ਵੀ ਸਾਡੇ ਨਾਲ "ਵਾਹਗੂ ਵਾਹਗੂ" ਕਰਦੀ ਆ

**ਬਾਪੂ ਜੀ:**– ਹਾਲੇ ਇਹ ਨਿਆਣੀ ਐ, ਹੌਲੀ ਹੌਲੀ ਬੋਲਣ ਲੱਗ ਪਏਗੀ, ਜੈਸੀ ਸੰਗਤ ਤੈਸੀ ਰੰਗਤ।.........

ਬੱਚਿਓ! ਜੇਹੋ ਜੇਹੇ ਬੰਦਿਆਂ ਵਿੱਚ ਕੋਈ ਰਹਿੰਦਾ ਹੈ ਤੇ



www.AKJ.Org

ਸ਼ਰਾਬੀ ਕਬਾਬੀਆਂ, ਲੁੱਚੇ ਲਫੰਗਿਆਂ ਦੀ ਸੰਗਤ ਵਿੱਚ ਰਹੋਗੇ ਤਾਂ ਤੁਸੀਂ ਵੀ ਉਸੇ ਹੀ ਤਰ੍ਹਾਂ ਦੇ ਬਣ ਜਾਵੋਗੇ। ਗੰਦੇ ਗੀਤ ਗਾਣੇ ਸੁਣਨ ਵਾਲਿਆਂ ਨੂੰ ਤੇ ਗੁਰਬਾਣੀ ਦੇ ਸੁਫਨੇ ਨਹੀਂ ਨਾ ਆਉਂਦੇ? ਜੋ ਕੁੱਝ ਤੁਸੀਂ ਆਪਣੇ ਮਨ ਵਿੱਚ ਭਰੋਗੇ ਉਸੇ ਦੇ ਹੀ ਉਬਾਲ ਉਠਣਗੇ। ਸ਼ਰਾਬ ਪੀਤਿਆਂ ਸ਼ਰਾਬ ਦੀ ਹੀ ਉਲਟੀ ਆਏਗੀ, ਦੁੱਧ ਤੇ ਬਾਹਰ ਨਹੀਂ ਆ ਸਕਦਾ।

**ਕੁਲਜੀਤ ਸਿੰਘ:**– ਬਾਪੂ ਜੀ! ਮੈਂ "ਸੂਰਾ" ਰਸਾਲੇ ਵਿੱਚ "ਜੈਸੀ ਸੰਗਤ ਤੈਸੀ ਰੰਗਤ" ਵਾਲੀ ਕਹਾਣੀ ਪੜ੍ਹੀ ਸੀ। ਸਾਧੂ ਪਹਿਲਾਂ "ਵਾਹਦੂ ਵਾਹਦੂ" ਕਰਦਾ ਹੁੰਦਾ ਸੀ, ਟੈਲੀਵੀਜਨ ਦੇਖਣ ਨਾਲ ਉਹਦੀ ਸੁਰਤੀ ਹੋਰ ਪਾਸੇ ਚਲੀ ਗਈ, ਉਹਨੂੰ ਵਾਜੇ ਵੱਜਦੇ ਸੁਣਨੇ ਬੰਦ ਹੋ ਗਏ।

**ਬਾਪੂ ਜੀ:**–ਬੱਚਿਓ! ਗੁਰੂ ਅਰਜਨ ਦੇਵ ਜੀ ਨੇ ਤਾਹੀਓਂ ਤੇ ਜੋਦੜੀ ਕੀਤੀ ਹੈ ਕਿ ਹੇ ਪ੍ਰਭੂ ਜੀ! ਮੈਨੂੰ ਸਾਕਤਾਂ ਦੇ ਗੰਦੇ ਗੀਤ ਗਾਣੇ ਨਾ ਸੁਣਾਈਂ–

**ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ।।**
**ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ।** (ਪੰਨਾ ੮੨੦)

**ਕੁਲਜੀਤ ਸਿੰਘ:**– ਬਾਪੂ ਜੀ! ਸਾਕਤ ਕੌਣ ਹੁੰਦੇ ਆ?

**ਬਾਪੂ ਜੀ:**–ਪਰਮਾਤਮਾ ਨਾਲੋਂ ਟੁੱਟੇ ਹੋਏ ਬੰਦਿਆਂ ਨੂੰ ਸਾਕਤ ਕਿਹਾ ਜਾਂਦਾ ਹੈ। ਜਿਹੜੇ ਲੋਕ ਰੱਬ ਨੂੰ ਭੁਲਾਈ ਬੈਠੇ ਹਨ, ਨਾਸਤਕ ਹਨ, ਜਿਨ੍ਹਾਂ ਨੂੰ ਰੱਬ ਦਾ ਡਰ ਭੌ ਨਹੀਂ, ਆਪਣੀ ਮਨ ਮਰਜੀ ਅਨੁਸਾਰ ਕੁਕਰਮ ਕਰਦੇ ਹਨ, ਉਹ ਸਾਕਤ ਹੀ ਤਾਂ ਹਨ। ਕਬੀਰ ਸਾਹਿਬ ਕਹਿੰਦੇ ਹਨ ਕਿ–

**ਕਬੀਰ ਸਾਕਤ ਸੰਗੁ ਨ ਕੀਜੀਐ, ਦੂਰਹਿ ਜਾਈਐ ਭਾਗਿ।**
(ਪੰਨਾ ੧੩੬੫)

**ਅੰਮ੍ਰਿਤਪਾਲ:**– ਬਾਪੂ ਜੀ! ਇਹਦਾ ਕੀ ਮਤਲਬ ਆ?

**ਬਾਪੂ ਜੀ:**– ਕਬੀਰ ਸਾਹਿਬ ਕਹਿੰਦੇ ਹਨ ਕਿ ਰੱਬ ਨਾਲੋਂ ਟੁੱਟੇ ਹੋਏ ਬੰਦਿਆਂ ਦੀ ਸੰਗਤ ਨਹੀਂ ਕਰਨੀ ਚਾਹੀਦੀ। ਸਾਕਤ ਨੂੰ ਦੇਖ ਕੇ ਦੂਰੋਂ ਹੀ ਲਾਂਭੇ ਹੋ ਜਾਣਾ ਚਾਹੀਦਾ ਹੈ।..........

ਬੱਚਿਓ! ਗੰਦਗੀ ਕੋਲ ਜਾਇਆਂ ਕੱਪੜੇ ਹੀ ਗੰਦੇ ਹੁੰਦੇ ਹਨ, ਪੈਰ ਹੀ ਲਿੱਬੜਦੇ ਹਨ। ਕਾਲੇ ਭਾਂਡੇ ਨੂੰ ਛੂਹਣ ਨਾਲ ਕਾਲਕ ਹੀ ਲੱਗਦੀ ਹੈ।

**ਪ੍ਰਭਜੋਤ:**– ਜੈਸੀ ਸੰਗਤ, ਤੈਸੀ ਰੰਗਤ।

ਬਾਪੂ ਜੀ:– ਵਾਹ ਬਈ ਵਾਹ! ...........

**ਪ੍ਰਭਜੋਤ!** ਅੱਜ ਤੂੰ ਕਿਥੋਂ ਬੋਲਦਾਂ?

**ਕੁਲਜੀਤ ਸਿੰਘ:**–ਬਾਪੂ ਜੀ! ਵਿਹਲੇ ਸਮੇਂ ਇਹ ਟੇਪ ਲਾ ਕੇ ਕੀਰਤਨ ਸੁਣਦਾ ਆ, ਨਾਲੇ ਜਦੋਂ ਵਾਹਿਗੁਰੂ ਵਾਹਿਗੁਰੂ ਦੀ ਆਵਾਜ਼ ਆਉਂਦੀ ਆ ਤਾਂ ਇਹ ਵੀ ਵਾਹਿਗੁਰੂ ਵਾਹਿਗੁਰੂ ਕਰਨ ਲੱਗ ਪੈਂਦਾ ਆ।

**ਬਾਪੂ ਜੀ:**– ਤਾਂ ਤੇ ਇਹ ਗੁਰਮਤਿ ਦੇ ਗਾਡੀ ਰਾਹ ਤੇ ਪੈ ਗਿਆ। ਜੇ ਮਾੜੀ ਸੰਗਤ ਤੋਂ ਬਚਿਆ ਰਹਿਆ ਤਾਂ ਰੰਗ ਚੜ੍ਹ ਜਾਊ।

**ਕੁਲਜੀਤ ਸਿੰਘ:**– ਕਿਹੜਾ ਰੰਗ?

**ਬਾਪੂ ਜੀ:**– ਨਾਮ ਦਾ ਰੰਗ।

**ਕੁਲਜੀਤ ਸਿੰਘ:**– ਕਿਹੜੇ ਨਾਮ ਦਾ ਰੰਗ?

**ਬਾਪੂ ਜੀ:**– ਵਾਹਿਗੁਰੂ ਦੇ ਨਾਮ ਦਾ।

**ਕੁਲਜੀਤ ਸਿੰਘ:**– ਉਹ ਕਿੱਦਾਂ ਦਾ ਹੁੰਦਾ?

**ਬਾਪੂ ਜੀ:**–ਉਹ ਹੁੰਦਾ ਹੈ ਲਾਲ ਰੰਗ, ਪੱਕਾ ਮਜੀਠੀ ਰੰਗ ਜਿਹੜਾ ਇੱਕ ਵੇਰ ਚੜ੍ਹਿਆਂ ਉੱਤਰਦਾ ਨਹੀਂ।

**ਕੁਲਜੀਤ ਸਿੰਘ:**– ਉਹ ਰੰਗ ਕਿਵੇਂ ਚੜ੍ਹਦਾ ਹੈ?

**ਬਾਪੂ ਜੀ:**– ਜਦੋਂ ਅਸੀਂ ਖੰਡੇ ਦੀ ਪਾਹੁਲ ਲੈਂਦੇ ਹਾਂ, ਅੰਮ੍ਰਿਤ ਛਕਦੇ ਹਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਪੰਜ ਪਿਆਰੇ ਸਾਨੂੰ ਨਾਮ ਦ੍ਰਿੜ ਕਰਵਾ ਦਿੰਦੇ ਹਨ ਜਿਸ ਦੇ ਜਪਣ ਨਾਲ ਸਾਡੇ ਚੇਹਰੇ ਤੇ ਲਾਲੀ ਆਉਣ ਲੱਗ ਪੈਂਦੀ ਹੈ। ਜਿੰਨੀ ਗੋਡੀ ਓਨੀ ਡੋਡੀ।

**ਕੁਲਜੀਤ ਸਿੰਘ:**– ਗੋਡੀ ਡੋਡੀ ਦਾ ਕੀ ਮਤਲਬ?

**ਬਾਪੂ ਜੀ:**– ਮਾਲੀ ਆਪਣੇ ਬੂਟਿਆਂ ਦੀਆਂ ਕਿਆਰੀਆਂ ਵਿੱਚ ਜਿੰਨੀ ਗੋਡੀ ਕਰੇਗਾ ਅਤੇ ਵੇਲੇ ਸਿਰ ਪਾਣੀ ਦਿੰਦਾ ਰਹੇਗਾ, ਉੱਨੀਆਂ ਹੀ ਬੂਟਿਆਂ ਨੂੰ ਵਧੇਰੇ ਡੋਡੀਆਂ ਨਿੱਕਲਣਗੀਆਂ ਅਤੇ ਫਲ ਲੱਗਣਗੇ। ਇਸੇ ਹੀ ਤਰ੍ਹਾਂ ਜਿੰਨੇ ਪ੍ਰੇਮ ਤੇ ਲਗਨ ਨਾਲ ਅਸੀਂ ਨਾਮ ਜਪਾਂਗੇ, ਉੱਨਾਂ ਹੀ ਸਾਨੂੰ ਵਧੇਰੇ ਰੰਗ ਚੜ੍ਹੇਗਾ। ਨਾਮ ਜਪਣ ਦੇ ਨਾਲ ਨਾਲ ਗੁਰੂ ਦੁਆਰ ਸਾਧਸੰਗਤ ਵਿੱਚ ਹਾਜ਼ਰੀ ਵੀ ਭਰਨੀ ਪਵੇਗੀ ਅਤੇ ਇਸ ਸਰੀਰ ਨੂੰ ਕਿਸੇ ਸੇਵਾ ਵਿੱਚ ਵੀ ਲਾਉਣਾ ਪਵੇਗਾ। ਗੁਰਮਤਿ ਦੀ ਲਾਗ ਸਾਨੂੰ ਸਾਧਸੰਗਤ ਵਿਚੋਂ ਹੀ ਲੱਗੇਗੀ ਸਤਿ ਸੰਗਤ ਤੋਂ ਬਿਨਾਂ ਤਾਂ ਮਨ ਵਿੱਚ ਮੈਲ ਭਰਨ ਲੱਗ ਪੈਂਦੀ ਹੈ ਅਤੇ ਬੰਦਾ ਔਝੜੇ (ਕੁਰਾਹੇ) ਪੈ ਜਾਂਦਾ ਹੈ।

**"ਬਿਨੁ ਸੰਗਤਿ ਮੈਲੁ ਭਰੀਜੈ ਜੀਉ।"** (ਪੰਨਾ ੯੫)

**ਕੁਲਜੀਤ ਸਿੰਘ:**–ਬਾਪੂ ਜੀ! ਇਹ ਗੱਲ ਤਾਂ ਫਿਰ ਠੀਕ ਹੀ ਹੈ, "ਜੈਸੀ ਸੰਗਤ ਤੈਸੀ ਰੰਗਤ।"................

ਬਾਪੂ ਜੀ! ਮੈਂ ਇੱਕ ਕਿਤਾਬ ਵਿਚੋਂ ਕਹਾਣੀ ਪੜ੍ਹੀ ਸੀ। ਜੰਗਲ ਵਿੱਚ ਇੱਕ ਸ਼ੇਰ ਦਾ ਬੱਚਾ ਆਪਣੇ ਮਾਪਿਆਂ ਨਾਲੋਂ ਵਿੱਛੜ ਕੇ ਭੇਡਾਂ ਦੇ ਇੱਜੜ ਨਾਲ ਮਿਲ ਗਿਆ। ਭੇਡਾਂ ਦੀ ਸੰਗਤ ਵਿੱਚ ਰਹਿ ਕੇ ਉਹ ਵੀ ਮੈਂ ਮੈਂ ਕਰਨ ਲੱਗ ਪਿਆ ਅਤੇ ਭੇਡਾਂ ਵਾਂਗ ਹੀ ਆਜੜੀ ਦੇ ਲਲਕਾਰੇ ਤੇ ਡਰ ਕੇ ਅੱਗੇ ਅੱਗੇ ਭੱਜਣ ਲੱਗ ਪਿਆ। ਇੱਕ ਦਿਨ ਇੱਕ ਸ਼ੇਰ ਨਦੀ ਤੇ ਪਾਣੀ ਪੀਣ ਆਇਆ। ਉਸ ਨੇ ਦੇਖਿਆ ਕਿ ਸ਼ੇਰ ਦਾ ਬੱਚਾ ਭੇਡਾਂ ਵਿੱਚ ਰਲਿਆ ਫਿਰਦਾ। ਇਸ਼ਾਰੇ ਨਾਲ ਸ਼ੇਰ ਨੇ ਉਸ ਬੱਚੇ ਨੂੰ ਆਪਣੇ ਕੋਲ ਬੁਲਾਇਆ। ਨਦੀ ਕਿਨਾਰੇ ਖਲੋ ਕੇ ਸ਼ੇਰ ਨੇ ਬੱਚੇ ਨੂੰ ਪਾਣੀ ਵਿੱਚ ਧਿਆਨ ਨਾਲ ਦੇਖਣ ਨੂੰ ਕਿਹਾ। ਪਾਣੀ ਵਿੱਚ ਆਪਣਾ ਅਕਸ (ਪਰਛਾਵਾਂ) ਦੇਖ ਕੇ ਸ਼ੇਰ ਨੇ ਬੱਚੇ ਨੂੰ ਕਿਹਾ ਕਿ ਦੇਖ! ਤੇਰੀ ਤੇ ਮੇਰੀ ਸ਼ਕਲ ਆਪੋਂ ਵਿੱਚ ਮਿਲਦੀ ਆ। ਤੂੰ ਸ਼ੇਰ ਦਾ ਬੱਚਾ ਐਂ। ਸ਼ੇਰ ਜੰਗਲ ਦਾ ਰਾਜਾ ਆ। ਜਿਨ੍ਹਾਂ ਭੇਡਾਂ ਵਿੱਚ ਰਲਿਆ ਤੂੰ ਉਨ੍ਹਾਂ ਵਾਂਗ ਡਰਿਆ ਫਿਰਦਾ "ਮੈਂ ਮੈਂ" ਕਰਦਾ ਹੈਂ ਉਹ ਸਾਡਾ ਖਾਜਾ ਹਨ। ਦੇਖ! ਮੈਂ ਭਬਕ ਮਾਰਾਂਗਾ, ਇਹ ਸਾਰੀਆਂ ਭੇਡਾਂ ਤੇ ਆਜੜੀ ਨੂੰ ਨੱਸਦਿਆਂ ਸਾਹ ਨਹੀਂ ਆਏਗਾ। ਤੂੰ ਵੀ ਮੇਰੇ ਵਾਂਗ ਭਬਕ ਮਾਰੀਂ ਫੇਰ ਦੇਖੀਂ ਆਜੜੀ ਨੂੰ ਲੇਰਾਂ ਮਾਰਦੇ ਨੂੰ ਜਿਸ ਤੋਂ ਤੂੰ ਐਵੇਂ ਡਰਿਆ ਫਿਰਦਾ ਐਂ।

ਬਾਪੂ ਜੀ! ਸ਼ੇਰ ਨੇ ਭਬਕ ਮਾਰੀ, ਆਜੜੀ ਤੇ ਉਸ ਦੀਆਂ ਭੇਡਾਂ ਨੂੰ ਨੱਸਦਿਆਂ ਰਾਹ ਨ ਲੱਭਾ।


www.AKJ.Org

(ਅੰਮ੍ਰਿਤਪਾਲ ਨੇ ਉੱਚੀ ਆਵਾਜ਼ ਵਿੱਚ ਜੈਕਾਰਾ ਗਜਾ ਦਿਤਾ, ਕਮਲਪ੍ਰੀਤ ਤ੍ਰਭਕ ਕੇ ਬਾਪੂ ਜੀ ਦੇ ਗਲੇ ਜਾ ਲੱਗੀ।)

**ਬਾਪੂ ਜੀ** :- ਦੇਖੋ ਬੱਚਿਓ! ਇਹ ਹੈ ਸਿੰਘ ਗਰਜਨਾ। ਅਸੀਂ ਵੀ ਸ਼ੇਰ ਹਾਂ।ਸਾਨੂੰ ਵੀ ਆਪੇ ਦੀ ਸਾਰ ਰੱਖਣੀ ਚਾਹੀਦੀ ਹੈ, ਆਨਮਤੀਆਂ ਵਿੱਚ ਰਲਕੇ ਭੇਡਾਂ ਵਾਂਗ ਮੈਂ ਮੈਂ ਕਰਦੇ ਨਹੀਂ ਫਿਰਨਾ ਚਾਹੀਦਾ। ਆਪਣੀ ਨਵੇਕਲੀ ਦਿੱਖ "ਸਾਬਤ ਸੂਰਤਿ ਦਸਤਾਰ ਸਿਰਾ" ਨੂੰ ਕਾਇਮ ਰੱਖਦੇ ਹੋਏ ਸਿੰਘਾਂ ਵਾਲੀ ਡੀਲ ਡੌਲ ਬਰਕਰਾਰ ਰਖਣੀ ਚਾਹੀਦੀ ਹੈ, ਗਿੱਦੜ ਨਹੀਂ ਬਣਨਾ ਚਾਹੀਦਾ।

ਬੱਚਿਓ! ਅਸੀਂ ਹਾਂ ਖਾਲਸੇ। ਖਾਲਸਾ ਉਸ ਜ਼ਮੀਨ ਨੂੰ ਕਿਹਾ ਜਾਂਦਾ ਹੈ ਜਿਸ ਤੇ ਹੋਰ ਕਿਸੇ ਦਾ ਅਧਿਕਾਰ ਨਾ ਹੋਵੇ, ਸਿੱਧੀ ਬਾਦਸ਼ਾਹ ਦੇ ਅਧੀਨ ਹੋਵੇ। ਸਾਡਾ ਸੰਬੰਧ ਸਿੱਧਾ ਅਕਾਲ ਪੁਰਖ ਨਾਲ ਹੈ, ਅਸੀਂ ਉਸ ਦੇ ਅਧੀਨ ਹਾਂ, ਐਰੇ ਗੈਰੇ ਦੇਵੀ ਦੇਵਤੇ ਅੱਗੇ ਨੱਕ ਕਿਉਂ ਰਗੜਦੇ ਫਿਰੀਏ? ਖਾਲਸਾ ਹੈ ਅਕਾਲ ਪੁਰਖ ਦੀ ਫੌਜ, ਖਾਲਸਾ ਹੈ ਵਾਹਿਗੁਰੂ ਦਾ, ਖਾਲਸਾ ਹੈ ਮਰਦ ਅਗੰਮੜੇ ਦਸਮੇਸ਼ ਪਿਤਾ ਦਾ "ਖਾਸ ਰੂਪ", ਖਾਲਸਾ ਹੈ ਸੰਤ ਸਿਪਾਹੀ, ਭਗਤੀ ਤੇ ਸ਼ਕਤੀ ਦਾ ਮੁਜੱਸਮਾ, ਪਰਉਪਕਾਰ ਦੀ ਖਾਤਰ ਆਪਣਾ ਤਨ, ਮਨ, ਧਨ ਵਾਰਨ ਵਾਲਾ ਮਰਜੀਵੜਾ, ਧਰਮ ਦੀ ਖਾਤਰ ਬੰਦ ਬੰਦ ਕਟਾਉਣ ਵਾਲਾ, ਖੋਪਰੀਆਂ ਲੁਹਾਉਣ ਵਾਲਾ, ਆਰਿਆਂ ਨਾਲ ਤਨ ਚਿਰਵਾਉਣ ਵਾਲਾ, ਗੁਰੂ ਦੇ ਔਖੇ ਬੋਲ ਤੇ ਜਾਨ ਵਾਰਨ ਵਾਲਾ ਸਿਦਕੀ ਸਿੰਘ! ਵਾਹਿਗੁਰੂ ਦੀ ਫਤਹਿ ਦਾ ਲਖਾਇਕ, "ਸਤਿ" ਦਾ ਝੰਡਾ ਉਚਾ ਚੁੱਕਣ ਵਾਲਾ, "ਸਤਿ ਸ੍ਰੀ ਅਕਾਲ" ਦੀਆਂ ਭਬਕਾਂ ਮਾਰਨ ਵਾਲਾ।----ਬੱਚਿਓ! ਆਓ! ਅੱਜ ਤੁਸੀਂ ਵੀ ਸਿੰਘਾਂ ਵਾਲੀ ਭਬਕ ਮਾਰ ਕੇ ਦੱਸੋ । ਦੇਖੀਏ ਤੁਹਾਡੀਆਂ ਰਗਾਂ ਵਿੱਚ ਕਲਗੀਧਰ ਦਾ ਕਿੰਨਾ ਕੁ ਖੂਨ ਹੈ।

(ਕੁਲਜੀਤ ਸਿੰਘ ਸਾਰੇ ਜ਼ੋਰ ਨਾਲ ਜੈਕਾਰਾ ਬੁਲਾਉਂਦਾ ਹੈ, ਬੱਚੇ ਅਕਾਲ-ਅਕਾਲ ਕਰਦੇ ਸਾਹ ਨਹੀਂ ਲੈਂਦੇ। ਬਾਪੂ ਜੀ ਨੇ ਜਾਣ ਵਾਸਤੇ ਇਸ਼ਾਰਾ ਕੀਤਾ। ਬੱਚੇ ਜੈਕਾਰੇ ਗਜਾਉਂਦੇ ਪੌੜੀਆਂ ਉੱਤਰ ਗਏ।)

## ਸ਼ਰਾਬੀ ਦੀ ਦਸ਼ਾ

ਬੋਤਲ ਘਰ ਆਈ, ਬਰਕਤ ਉਡ ਪੁਡ ਗਈ,
ਡਿੱਠਾ ਹਾਲ ਇਹ ਸਦਾ ਸ਼ਰਾਬੀਆਂ ਦਾ
ਉਨ੍ਹਾਂ ਘਰਾਂ ਵਿੱਚ ਭੁੱਜਦੀ ਭਗ ਵੇਖੀ,
ਜਿਨ੍ਹਾਂ ਮਾਣਿਆਂ ਦੌਰ ਨਵਾਬੀਆਂ ਦਾ।
ਬੰਤੋ' ਟੁਟਦਿਆਂ ਕਿਹਾ 'ਬਲਬੀਰ' ਨੂੰ ਇੰਦ,
ਰੱਖ ਕੇ ਮੇਜ਼ ਉੱਤੇ ਗੁੱਛਾ ਚਾਬੀਆਂ ਦਾ।
ਹੱਥੀਂ ਆਪਣੀ ਟੁੱਕ ਪਕਾ ਲੈਣਾ,
ਮੈਂ ਤੇ ਖਾ ਲਾਂਗੀ ਪੱਕਿਆ ਭਾਬੀਆਂ ਦਾ।

(ਗੋਪਾਲ ਸਿੰਘ ਮਿੱਤਰ)

ਬਾਕੀ ਪੰਨਾ ੧੮ ਦਾ

ਜੋ ਅੰਮ੍ਰਿਤ ਛੱਕਿਆ ਚਾਹਿ, ਕੱਛ ਪਹਿਰਾਵੈ, ਕੇਸ ਕਠੇ ਕਰ ਜੂੜਾ ਕਰੇ।.........

**ਖੁਲ੍ਹੇ ਕੇਸੀ ਔਰ ਜੂੜੇ ਭੋਜਨ ਨਾ ਕਰੇ।......**

'ਜੋ ਕਛ ਬਿਨਾਂ ਰਹੇ, ਸ਼ਨਾਨ ਕਰੇ, ਪਾਗ ਬੜੀ ਬਿਨਾਂ ਬਾਂਧੇ, ਸੀਸ ਕੇਸ ਨਾਗੇ ਰਹੈ ਤੋ ਉਸਕੋ ਸਵਾ ਰੁਪਿਆ ਤਨਖਾਹ ਹੈ।'

(ਧਰਮ ਸੁਮਾਰਗ ਪਾ. ੧੦. ਉਤਰ ਪ੍ਰਸ਼ਨ ਭਾਈ ਦਇਆ ਸਿੰਘ ਜੀ)

**ਦੋਇ ਵੇਲੇ ਉੱਠ ਬੰਧੀਯੋ ਦਸਤਾਰੇ।**
**ਪਹਿਰ ਆਠ ਰਖੀਯੋ ਸ਼ਾਸਤ੍ਰ ਸੰਭਾਰੇ।**
**ਕੇਸਨ ਕੀ ਕੀਜੈ ਪ੍ਰਤਿਪਾਲ।**
**ਨਾਹਿ ਉਸਤ੍ਰਨ ਸੋ ਕਟੀਯੋ ਬਾਲ।**

(ਹੁਕਮ ਪਾ: ੧੦-ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ)

ਸੋ ਇਹਨਾਂ ਹੁਕਮਨਾਮਿਆਂ ਤੋਂ ਭਲੀ ਪ੍ਰਕਾਰ ਸਪੱਸ਼ਟ ਹੈ ਕਿ ਕੇਸਾਂ ਨੂੰ ਨੰਗੇ ਰੱਖਣਾ ਗੁਰਸਿੱਖੀ ਵਿੱਚ ਮਹਾਂ ਮਨਮਤਿ ਹੈ ਅਤੇ ਗੁਰੂ ਸਾਹਿਬ ਦੇ ਹੁਕਮ ਦੀ ਸਖਤ ਉਲੰਘਣਾ ਹੈ। ਇਹਨਾ ਹੁਕਮਾਂ ਵਿੱਚ ਨਾ ਸਿਰਫ਼ ਕੇਸਾਂ ਨੂੰ ਨੰਗੇ ਰੱਖਣ ਦਾ ਹੀ, ਬਲਕਿ ਛੋਟੀ ਦਸਤਾਰ ਨੂੰ ਸਦਾ ਹੀ ਕੇਸਾਂ ਦਾ ਜੂੜਾ ਕਰਕੇ, ਸਜਾ ਕੇ ਰੱਖਣ ਦਾ ਹੁਕਮ ਸਪੱਸ਼ਟ ਹੈ। ਇਸੇ ਲਈ ਹੁਣ ਵੀ ਸਾਰੇ ਪੰਥ ਵਿੱਚ ਕਿਸੇ ਗੁਰਮੁਖ ਦੇ ਨੰਗੇ ਸਿਰ ਫਿਰਨ ਨੂੰ ਬੁਰਾ ਸਮਝਿਆ ਜਾਂਦਾ ਹੈ।

**ਉਡਿ ਉਡਿ ਰਾਵਾ ਝਾਟੈ ਪਾਇ।। ਵੇਖੈ ਲੋਕੁ ਹਸੈ ਘਰਿ ਜਾਇ।।**

(ਆਸਾ ਕੀ ਵਾਰ, ਪੰਨਾ ੪੬੫)

*******************************************

ਬਾਕੀ ਪੰਨਾ ੧੮ ਦਾ

ਦਸਮ ਦੁਆਰ ਦੇ ਦਰਸ਼ਨ ਹੋਣੇ ਹਨ। ਵਿਆਹਾਂ ਸ਼ਾਦੀਆਂ ਜਾਂ ਕਿਸੇ ਖਾਸ ਸਮਾਗਮ ਵੇਲੇ ਅਸੀਂ ਆਪਣੇ ਘਰਾਂ ਦੇ ਦਰਵਾਜੇ ਸ਼ਿੰਗਾਰਦੇ ਹਾਂ।ਜਿੰਦਗੀ ਦਾ ਸਭ ਤੋਂ ਵੱਡਾ ਅਤੇ ਅਸਲੀ ਸਮਾਗਮ ਬਜਰ ਕਪਾਟ ਖੁੱਲ੍ਹਣ ਦਾ ਵੇਲਾ ਹੀ ਹੁੰਦਾ ਹੈ। ਉਸ ਸਮਾਗਮ ਦੀ ਤਿਆਰੀ ਲਈ, ਉਸ ਸੁਲੱਖਣੀ ਘੜੀ ਦੀ ਉਡੀਕ ਵਿਚ ਸਾਨੂੰ ਦਸਮ ਦੁਆਰ ਦਾ ਅਗਲਾ ਵਿਹੜਾ (ਕੇਸ) ਸਾਫ ਸੁਥਰਾ ਅਤੇ ਸ਼ਿੰਗਾਰ ਕੇ ਰੱਖਣਾ ਚਾਹੀਦਾ ਹੈ। ਕੇਸੀਂ ਇਸ਼ਨਾਨ ਕਰਦਿਆਂ, ਜੂੜਾ ਕਰਦਿਆਂ, ਦਸਤਾਰ ਸਜਾਉਂਦਿਆਂ ਅਤੇ ਸਿਮਰਨ ਦੀ ਘਾਲ ਕਰਦਿਆਂ ਸਾਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਇਸ ਜੂੜੇ ਥੱਲਿਓਂ ਹੀ ਕਿਸੇ ਸੁਲੱਖਣੀ ਘੜੀ ਨੂੰ ਦਸਮ ਦੁਆਰ ਦੇ ਰਸ ਦੇ ਸੋਮੇ ਫੁੱਟਣੇ ਹਨ, ਪਰਕਾਸ਼ ਦੇ ਅੰਬਾਰ ਲੱਗਣੇ ਹਨ ਅਤੇ ਅਨਹਦ ਧੁਨ ਨੇ ਸਾਡੇ ਰੋਮ ਰੋਮ ਵਿਚ ਮਿਠੇ ਰਸ ਦੀਆਂ ਝਰਨਾਹਟਾਂ ਛੇੜ ਦੇਣੀਆਂ ਹਨ।


## ਧਾਰਮਿਕ ਅਧਿਆਪਕਾਂ ਦੀ ਲੋੜ

ਪਹਿਲੀ ਤੋਂ ਦਸਵੀਂ ਕਲਾਸ ਦੇ ਸਕੂਲੀ ਬੱਚਿਆਂ ਨੂੰ ਧਾਰਮਿਕ ਵਿਦਿਆ ਦੇਣ ਅਤੇ ਕੀਰਤਨ ਸਿਖਾਉਣ ਲਈ ਯੋਗ ਗੁਰਮੁਖ ਅਧਿਆਪਕਾਂ ਦੀ ਪੱਕੇ ਤੌਰ ਤੇ ਲੋੜ ਹੈ। ਤਨਖਾਹ ਯੋਗਤਾ ਅਨੁਸਾਰ। ਹੇਠ ਲਿਖੇ ਪਤੇ ਤੇ ਸੰਪਰਕ ਕਰੋ-

ਭਾਈ ਬਲਵੰਤ ਸਿੰਘ,
ਪਿੰਡ ਜਲਵਾਣਾ, ਡਾਕਖਾਨਾ ਲੋਹਟਬੱਦੀ,
ਜਿਲਾ ਲੁਧਿਆਣਾ,
ਫੋਨ: 0161-451493, 455539, 458006




www.AKJ.Org

## ਬੱਚਿਆਂ ਲਈ ਸਵਾਲ (ਮਈ, 1995)

੧ ਤੀਜੀ ਜੰਗ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਪਾਲਤੂ ਯੋਧੇ ਪੈਂਦੇ ਖਾਂ ਦੀ ਇਜ਼ਤ ਅਫ਼ਜ਼ਾਈ ਦੇ ਖਿਆਲ ਨਾਲ ਕਿੰਨ੍ਹਾਂ ਵਸਤਾਂ ਦੀ ਬਖ਼ਸ਼ਿਸ਼ ਕੀਤੀ?

੨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਸ ਲੜਾਈ ਵਿੱਚ ਹਿੱਸਾ ਲਿਆ? ਉਦੋਂ ਉਹਨਾਂ ਦੀ ਉਮਰ ਕਿੰਨੀ ਸੀ?

ਬਾਬਾ ਬੰਦਾ ਬਹਾਦਰ ਨੂੰ ਨੰਦੇੜ ਤੋਂ ਪੰਜਾਬ ਵੱਲ ਤੋਰਨ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਹਦਾਇਤਾਂ ਕੀਤੀਆਂ?

ਜਦੋਂ ਤਖ਼ਤ ਤੇ ਬੈਠੇ ਗੁਰੂ ਅਮਰਦਾਸ ਜੀ ਨੂੰ ਦਾਤੂ ਜੀ ਨੇ ਲੱਤ ਮਾਰ ਕੇ ਭੁੰਜੇ ਸੁੱਟ ਦਿੱਤਾ ਤਾਂ ਗੁਰੂ ਸਾਹਿਬ ਨੇ ਅੱਗੋਂ ਕੀ ਕਿਹਾ?

ਜਦੋਂ ਸੰਗਤ ਨੂੰ ਪੱਖਾ ਝੱਲ ਰਹੇ ਕਪੂਰ ਸਿੰਘ ਨੂੰ ਨਵਾਬੀ ਕਬੂਲਣ ਲਈ ਹੁਕਮ ਹੋਇਆ ਤਾਂ ਉਸ ਨੇ ਸੰਗਤ ਪਾਸ ਬੇਨਤੀ ਰੂਪ ਕੀ ਸ਼ਰਤ ਰੱਖੀ?

| ਮਈ ੧੯੯੫ |
|---|
| ਬੱਚੇ ਦੇ ਦਸਖ਼ਤ ........................ |
| ਪਿਤਾ ਦਾ ਨਾਮ ........................ |
| ਕਿਥੇ ਰਹਿੰਦਾ ਹੈ? ........................ |

ਨੋਟ–੧ ਇਨ੍ਹਾਂ ਸਵਾਲਾਂ ਦੇ ਜਵਾਬ ੩੦ ਮਈ ੧੯੯੫ ਤੱਕ ਸੂਰਾ ਦਫ਼ਤਰ ਵਿਚ ਪੁੱਜ ਜਾਣੇ ਚਾਹੀਦੇ ਹਨ।੨ ਜਵਾਬ ਸਪਸ਼ਟ ਤੇ ਸੰਖੇਪ ਹੋਣ।੩ ਜਵਾਬ ਪੱਤਰ ਉੱਤੇ ਹੇਠਾਂ ਬੱਚੇ ਆਪਣਾ ਨਾਮ, ਉਮਰ, ਕਿਸ ਜਮਾਤ ਤੇ ਕਿਸ ਸਕੂਲ ਵਿਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ ਲਿਖਿਆ ਹੋਇਆ ਹੋਵੇ।੪. ਜਵਾਬ ਪੱਤਰ ਉੱਤੇ ਹੇਠਲਾ ਕੂਪਨ ਭਰ ਕੇ ਚਿਪਕਾਇਆ ਹੋਵੇ। ੫ ਜਵਾਬ ਪੱਤਰ ਬੰਦ ਲਿਫ਼ਾਫ਼ੇ ਵਿਚ ਭਾਰ ਅਨੁਸਾਰ ਪੂਰੀਆਂ ਟਿਕਟਾਂ ਲਗਾ ਕੇ ਭੇਜਿਆ ਜਾਏ। ਲਿਫ਼ਾਫ਼ੇ ਦੇ ਬਾਹਰ "ਸਵਾਲ ਜਵਾਬ" ਲਿਖਿਆ ਹੋਇਆ ਹੋਵੇ। ੬ ਬਿਨਾ ਕੂਪਨ ਚਿਪਕਾਏ ਜਵਾਬ ਪ੍ਰਵਾਨ ਨਹੀ ਹੋਣਗੇ।

### ਬੱਚਿਆਂ ਦੇ ਸਵਾਲ ਜਵਾਬਾਂ ਦਾ ਨਤੀਜਾ

ਫਰਵਰੀ, 1995 ਪਹਿਲਾ ਸਥਾਨ:– ਪਰਮਜੀਤ ਕੌਰ, ਤਲਵਾੜਾ ਟਾਊਨ–ਸ਼ਿਪ (ਹੁਸ਼ਿਆਰਪੁਰ)

ਮਾਰਚ, 1995 ਪਹਿਲਾ ਸਥਾਨ:– ਨਰਿੰਦਰ ਸਿੰਘ, ਸ੍ਰੀ ਗੰਗਾ ਨਗਰ (ਰਾਜਸਥਾਨ)

ਦੂਜਾ ਸਥਾਨ:– 1) ਭੁਪਿੰਦਰ ਕੌਰ, ਡੇਰਾ ਬਸੀ (ਪਟਿਆਲਾ) 2) ਜਸਵਿੰਦਰ ਸਿੰਘ, ਗਾਜੇਵਾਸ (ਪਟਿਆਲਾ)

### ਰਿਸ਼ਤੇ – ਨਾਤੇ

ਨੋਟ:–1. ਕੇਵਲ ਸ਼ਾਕਾਹਾਰੀ ਗੁਰਸਿਖ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ ਜੀ।2 ਕੇਵਲ ਕੇਸਕੀ ਧਾਰੀ ਬੀਬੀਆਂ ਲਈ ਹੀ ਚਿੱਠੀ ਪੱਤਰ ਕਰੋ ਜੀ।3. ਆਪਣੀ ਅਰਜੀ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ ਤੇ ਸਪੱਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ।4. ਛਪੀ ਅਰਜੀ ਦੇ ਜਵਾਬੀ ਖੱਤ ਦੇ ਬਾਹਰ 'Matrimonial form no ..... 'ਲਿਖ ਕੇ ਸੂਰਾ ਦਾ ਪਤਾ ਲਿਖੋ ਜੀ। ਇੱਕ ਟਿਕਟ ਲੱਗਿਆ ਖਾਲੀ ਲਿਫਾਫਾ ਅੱਗੋਂ ਭੇਜਣ ਲਈ ਨਾਲ ਭੇਜੋ ਜੀ।

LD-31 25 ਸਾਲਾ ਕੱਦ 5'1" B.A.ਪਾਸ 3000/- ਮਾਸਿਕ ਦੀ ਪ੍ਰਾਈਵੇਟ ਨੌਕਰੀ ਕਰ ਰਹੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-32 23 ਸਾਲਾ ਕੱਦ 5'2" ਹੋਮਿਓਪੈਥੀ ਡਿਗਰੀ DHMS ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-33 23 ਸਾਲਾ ਕੱਦ 5'3" B.A. ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-34 30 ਸਾਲਾ ਕੱਦ 5'7" ਆਪਣਾ ਕਾਰੋਬਾਰ ਕਰਦੇ ਸਿੰਘ ਲਈ ਬੀਬੀ ਦੀ ਲੋੜ ਹੈ। ਜਾਤ ਪਾਤ ਦਾ ਵਿਚਾਰ ਰੱਖਣ ਵਾਲੇ ਜਾਂ ਅਖੌਤੀ ਸੰਤ ਬਾਬਿਆਂ ਤੇ ਸ਼ਰਧਾ ਰੱਖਣ ਵਾਲੇ ਕ੍ਰਿਪਾ ਕਰਕੇ ਨਾ ਲਿਖੋ ਜੀ।

LD-35 23 ਸਾਲ ਕੱਦ 6' ਮੈਟ੍ਰਿਕ ਉਪਰੰਤ I.T.I. ਪਾਸ 2500/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-36 22 ਸਾਲਾ ਕੱਦ 5'7" ਅੰਡਰ ਮੈਟ੍ਰਿਕ ਪਾਵਰ ਖੱਡੀਆਂ ਦਾ ਕੰਮ ਕਰਦੇ 2500/- ਮਾਸਿਕ ਆਮਦਨ ਵਾਲੇ ਲੜਕੇ ਲਈ ਯੋਗ ਬੀਬੀ ਦੀ ਲੋੜ ਹੈ।

### ਵਿਦਵਾਨ ਲੇਖਕਾਂ ਪ੍ਰਤੀ ਬੇਨਤੀ

ਗੁਰੂ ਸਵਾਰੇ ਲੇਖਕਾਂ ਪ੍ਰਤੀ ਬੇਨਤੀ ਹੈ ਕਿ ਉਹ ਕਿਸੇ ਖਾਸ ਦਿਨ ਗੁਰਪੁਰਬ ਆਦਿ ਨਾਲ ਸਬੰਧਤ ਆਪਣੀਆਂ ਰਚਨਾਵਾਂ ਇੱਕ–ਦੋ ਮਹੀਨੇ ਪੇਸ਼ਗੀ ਹੀ ਭੇਜ ਦਿਆ ਕਰਨ ਤਾਂ ਕਿ ਉਹਨਾਂ ਰਚਨਾਵਾਂ ਨੂੰ ਸੂਰਾ ਪੱਤਰ ਵਿੱਚ ਢੁਕਵੀਂ ਥਾਂ ਦਿੱਤੀ ਜਾ ਸਕੇ। ਲੇਖ ਬਹੁਤੇ ਲੰਬੇ ਨਾ ਹੋਣ। ਤਾਰੀਖਾਂ,ਸੰਮਤ ਵਾਰ ਅਤੇ ਗੁਰਬਾਣੀ ਦੀਆਂ ਤੁਕਾਂ ਸੋਧ ਕੇ ਲਿਖੋ ਜਾਣ।

### ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾਈ ਅਵਤਾਰ ਸਿੰਘ ਜੀਵਨ ਸਿੰਘ ਜੀ ਨਿਊ ਜਰਸੀ | 5,000 ਰੁ | ਚੜ੍ਹਾਵਾ (ਜਬਲਪੁਰ ਤੋਂ) | 260 ਰੁ |
| ਭਾਈ ਸਾਧੂ ਸਿੰਘ ਜੀ ਕਨੇਡਾ | 5,000 ਰੁ | ਗੁਪਤ | 134 ਰੁ |
| ਪੂਰਨ ਜੀ ਦੇ ਬੱਚਿਆ ਦੀ ਯਾਦ ਵਿੱਚ ਸਮਾਗਮ ਸਮੇਂ ਚੜ੍ਹਾਵਾ | 202 ਰੁ | ਸ੍ਰ: ਬੂੜ ਸਿੰਘ ਸਮਰਾਲਾ | 100 ਰੁ |
| ਭਾਈ ਦੀਦਾਰ ਸਿੰਘ ਹੁਸ਼ਿਆਰਪੁਰ ਦੇ ਭੋਗ ਸਮੇਂ ਪ੍ਰੀਵਾਰ ਵੱਲੋਂ | 100 ਰੁ | ਭਾਈ ਜਸਵੀਰ ਸਿੰਘ ਲਤਾਲਾ | 100 ਰੁ. |
| ਭਾਈ ਮਨਜੀਤ ਸਿੰਘ ਨਕੋਦਰ | 50 ਰੁ | ਗੁਪਤ | 50 ਰੁ. |

### ਜ਼ਰੂਰੀ ਬੇਨਤੀ

ਪਟਨਾ ਸਾਹਿਬ ਸਮਾਗਮ ਤੋਂ ਵਾਪਸੀ ਵੇਲੇ ਦਾਸ ਦੀ ਇੱਕ ਲੋਈ ਗੁੰਮ ਹੋ ਗਈ ਸੀ। ਜੇ ਕਿਸੇ ਪ੍ਰੇਮੀ ਨੂੰ ਮਿਲੀ ਹੋਵੇ ਤਾਂ ਉਹ ਕ੍ਰਿਪਾ ਕਰਕੇ ਦਾਸ ਪਾਸ ਜਾਂ ਸੂਰਾ ਸਟਾਲ ਤੇ ਪਹੁੰਚਾਉਣ ਦੀ ਕ੍ਰਿਪਾ ਕਰੋ ਜੀ।

ਦਾਸ:– ਨਾਨਕ ਸਿੰਘ, ਨਾਰੰਗ ਜਨਰਲ ਸਟੋਰ, 138 ਮੇਨ ਮਾਰਕੀਟ ਨੰਗਲ ਟਾਊਨਸ਼ਿਪ ਜਿਲਾ ਰੋਪੜ।

www.AKJ.Org

Regd.no.R.N./12245/66 SURA/May/95 P.O. Regd.No.PB/LD/121/95

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

ਸੂਰਾ ਮਾਸਿਕ ਪੱਤਰ ਵਿਚ ਛਪਵਾਉਣ ਲਈ ਸਮਾਗਮ ਸੰਬੰਧੀ ਕੋਈ ਵੀ ਸੂਚਨਾ ਸੰਬੰਧਤ ਪਰਚੇ ਦੇ ਮਹੀਨੇ ਤੋਂ ਘੱਟੋ ਘੱਟ ਇੱਕ ਮਹੀਨਾ ਪਹਿਲਾਂ ਜ਼ਰੂਰ ਹੀ ਸੂਰਾ ਦਫ਼ਤਰ ਵਿਖੇ ਪਹੁੰਚ ਜਾਣੀ ਚਾਹੀਦੀ ਹੈ ਤਾਂ ਹੀ ਉਹ ਸੂਚਨਾ 'ਸੂਰਾ' ਪੱਤਰ ਵਿੱਚ ਛਪ ਸਕੇਗੀ। ਭਾਵ ਜੁਲਾਈ ਦੇ ਪਰਚੇ ਵਿੱਚ ਛਪਣ ਵਾਲੀ ਸੂਚਨਾ ਇੱਕ ਜੂਨ ਤੋਂ ਪਹਿਲਾਂ ਪਹਿਲਾਂ ਸੂਰਾ ਦਫ਼ਤਰ ਵਿੱਚ ਪਹੁੰਚ ਜਾਵੇ। ਆਪ ਜੀ ਦਾ ਧੰਨਵਾਦੀ ਹੋਵਾਂਗਾ।

-ਸੰਪਾਦਕ

## ਹੁਸ਼ਿਆਰਪੁਰ ਵਿਖੇ ਸਲਾਨਾ ਸ਼ਹੀਦੀ ਗੁਰਪੁਰਬ ਅਖੰਡ ਕੀਰਤਨ ਸਮਾਗਮ

ਹਰ ਸਾਲ ਦੀ ਤਰ੍ਹਾਂ ਹੇਠ ਲਿਖੇ ਅਨੁਸਾਰ 30 ਮਈ ਸ਼ਾਮ ਤੋਂ 3 ਜੂਨ ਸਵੇਰ ਤੱਕ ਕੀਰਤਨ ਸਮਾਗਮ ਹੋਣਗੇ:-

30-5-95 ਮੰਗਲਵਾਰ ਸ਼ਾਮ 7 ਤੋਂ 9 ਸੋਦਰ ਤੇ ਅਖੰਡ ਕੀਰਤਨ ਗੁ: ਸਿੰਘ ਸਭਾ ਰੇਲਵੇ ਰੋਡ।

31-5-95 ਬੁਧਵਾਰ ਸਵੇਰੇ 4 ਤੋਂ 6 ਸ੍ਰੀ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਸਿੰਘ ਸਭਾ ਰੇਲਵੇ ਰੋਡ।
ਸ਼ਾਮ 7 ਤੋਂ 9 ਸੋਦਰ ਤੇ ਕੀਰਤਨ ਗੁ: ਕਲਗੀਧਰ ਚਰਨ ਪਾਵਨ ਨੇੜੇ ਰੋਸ਼ਨ ਗਰਾਊਂਡ ।

1-6-95 ਵੀਰਵਾਰ ਸਵੇਰੇ 5 ਤੋਂ 12 ਅਖੰਡ ਕੀਰਤਨ ਗੁ: ਭਾਈ ਜੋਗਾ ਸਿੰਘ ਜੀ ਮੁਹੱਲਾ ਸ਼ੇਖਾਂ ਵਿਖੇ।
ਸ਼ਾਮ 4 ਵਜੇ ਆਰੰਭ ਨਗਰ ਕੀਰਤਨ ਗੁ: ਸਿੰਘ ਸਭਾ ਰੇਲਵੇ ਰੋਡ ਤੋਂ ।

2-6-95 ਸ਼ੁੱਕਰਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ ਗੁ: ਸਿੰਘ ਸਭਾ ਵਿਖੇ ।
ਸ਼ਾਮ 7 ਵਜੇ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਗੁ: ਸਿੰਘ ਸਭਾ ਵਿਖੇ।

ਨੋਟ:- 1. ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਸਿੰਘ ਸਭਾ ਰੇਲਵੇ ਰੋਡ ਵਿਖੇ ਹੋਵੇਗਾ। 2. ਲੋੜ ਅਨੁਸਾਰ ਬਿਸਤਰੇ ਨਾਲ ਲਿਆਉ ਜੀ। 3. ਅਨੰਦ ਕਾਰਜ ਵਾਲੇ ਜੋੜੇ ਪਹਿਲਾਂ ਸੂਚਨਾ ਦੇਣ ਜੀ।

ਪੁਛਗਿਛ:1. ਭਾਈ ਪਰਮਜੀਤ ਸਿੰਘ ਸੇਠੀ ਚੱਪਲ ਸਟੋਰ ਲਕਸ਼ਮੀ ਸਿਨੇਮਾ ਮਾਰਕੀਟ। 2. ਭਾਈ ਹਰਮਿੰਦਰ ਸਿੰਘ ਜੀ ਬੈਂਕ ਬਜ਼ਾਰ ਹੁਸ਼ਿਆਰਪੁਰ। 3. ਸਕੱਤਰ ਗੁ: ਸਿੰਘ ਸਭਾ ਰੇਲਵੇ ਰੋਡ।

ਦਾਸਰੇ:-
ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ ਤੇ ਪ੍ਰਬੰਧਕ ਕਮੇਟੀ ਗੁ: ਸਿੰਘ ਸਭਾ ਹੁਸ਼ਿਆਰਪੁਰ।

---

ਮਾਸਿਕ ਰੈਣਿ ਸਬਾਈ ਕੀਰਤਨ ਗੁ: ਹਾਅ ਦਾ ਨਾਹਰਾ ਸਾਹਿਬ , ਮਲੇਰਕੋਟਲਾ ਵਿਖੇ 13 ਮਈ ਰਾਤ ਨੂੰ।

---

**ਧਾਲੀਵਾਲ ਬੇਟ** (ਨੇੜੇ ਢਿਲਵਾਂ ਬੱਸ ਅੱਡਾ) ਕਪੂਰਥਲਾ ਵਿਖੇ ਅਖੰਡ ਕੀਰਤਨ ਸਮਾਗਮ

13 ਮਈ 95 ਸ਼ਨੀਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਤੱਕ। ਰਾਤ ਰੈਣਿ ਸਬਾਈ ਕੀਰਤਨ ਭੋਗ 14 ਮਈ ਸਵੇਰੇ 5 ਵਜੇ।

ਦਾਸ:- ਬਖਸ਼ੀਸ਼ ਸਿੰਘ ਮੈਨੇਜਰ ਪੰਜਾਬ ਐਂਡ ਸਿੰਧ ਬੈਂਕ।

---

ਗੁ: ਪਿੰਡ ਮੰਗਲੀ ਉੱਚੀ ( ਨੇੜੇ ਰਾਮਗੜ੍ਹ )ਸਮਰਾਲਾ ਰੋਡ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ 20 ਮਈ ਰਾਤ ਨੂੰ।

---

## ਮਾਤਾ ਨਰੈਣ ਕੌਰ ਵਲੋਂ ਬੀਬੀ ਗੁਰਨਾਮ ਕੌਰ ਦੀ ਯਾਦ ਵਿੱਚ ਅਖੰਡ ਪਾਠ ਤੇ ਕੀਰਤਨ ਸਮਾਗਮ

21 ਮਈ 1995 ਐਤਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਦੁਪਹਿਰ ਤੱਕ ਕੀਰਤਨ ਗੁਰਮਤਿ ਸੰਚਾਰ ਕੇਂਦਰ ( ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ), ਭਾਈ ਰਣਧੀਰ ਸਿੰਘ ਨਗਰ ਐਫ਼ ਬਲਾਕ, ਨੇੜੇ CFC ਲੁਧਿਆਣਾ ਵਿਖੇ।

## ਨਾਰੰਗਵਾਲ (ਲੁਧਿਆਣਾ) ਵਿਖੇ ਭਾਈ ਰਣਧੀਰ ਸਿੰਘ ਜੀ ਦੀ ਯਾਦ ਵਿੱਚ ਸਾਲਾਨਾ ਸਮਾਗਮ

8 ਜੂਨ ਸਵੇਰੇ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਅਕਾਲੀਵਾਲਾ ਵਿਖੇ। 8 ਅਤੇ 9 ਜੂਨ ਸ਼ਾਮ 7 ਤੋਂ 9 ਕੀਰਤਨ ਹਵੇਲੀ ਵਿਖੇ। 9 ਜੂਨ ਸਵੇਰੇ 5 ਤੋਂ 10 ਕੀਰਤਨ ਹਵੇਲੀ ਵਿਖੇ। 10 ਜੂਨ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਕੀਰਤਨ ਦੁਪਹਿਰ ਤੱਕ ਗੁ: ਅਕਾਲੀ ਵਾਲਾ ਵਿਖੇ। ਸ਼ਾਮ 7 ਵਜੇ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਗੁ: ਅਕਾਲੀ ਵਾਲਾ ਵਿਖੇ।

ਦਾਸਰੇ:- ਅਖੰਡ ਕੀਰਤਨੀ ਜਥਾ ਨਾਰੰਗਵਾਲ ਤੇ ਲੁਧਿਆਣਾ।

---

## ਗੁਰੂ ਕੀ ਵਡਾਲੀ ਵਿਖੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਉਤਸਵ ਤੇ ਅਖੰਡ ਕੀਰਤਨ ਸਮਾਗਮ

17-6-95 ਸ਼ਨਿਚਰਵਾਰ ਸਵੇਰੇ 6 ਤੋਂ ਦੁਪਹਿਰ ਇੱਕ ਵਜੇ ਤੱਕ ਅਖੰਡ ਕੀਰਤਨ ਗੁਰਦੁਆਰਾ ਸ਼ਹੀਦ ਸਿੰਘਾਂ ਵਿਖੇ।
ਸ਼ਾਮ 7 ਵਜੇ ਅਰੰਭ ਰੈਣਿ ਸਬਾਈ ਕੀਰਤਨ ਗੁਰਦੁਆਰਾ ਜਨਮ ਅਸਥਾਨ ਪਾ: ਛੇਵੀਂ ਵਿਖੇ।

ਅੰਮ੍ਰਿਤ ਸੰਚਾਰ:- 17-6-95 ਸ਼ਾਮ 7 ਵਜੇ ਗੁਰਦੁਆਰਾ ਜਨਮ ਅਸਥਾਨ ਵਿਖੇ ਹੋਵੇਗਾ।

ਪੁੱਛਗਿਛ:- ਗੁਰਦਿਆਲ ਸਿੰਘ ਗਾਰਡ ਪਿੰਡ ਗੁਰੂ ਕੀ ਵਡਾਲੀ।

## ਯੂ. ਕੇ. ਵਿਖੇ ਅਖੰਡ ਕੀਰਤਨ ਸਮਾਗਮ

1) ਰੈਣਿ ਸਬਾਈ ਕੀਰਤਨ ਮਿਤੀ 20-5-95 (ਸ਼ਨੀਚਰਵਾਰ) ਗੁ: ਸਿੱਖ ਟੈਂਪਲ North Street. Swindon. Wilts. England Tel. Gurd. 0793-538238 and 486732. ਹੋਰ ਜਾਣਕਾਰੀ ਲਈ ਭਾਈ ਸੋਹਣ ਸਿੰਘ Tel. 0793-875702.

2) ਸ਼ਹੀਦੀ ਪੁਰਬ ਗੁਰੂ ਅਰਜਨ ਦੇਵ ਜੀ ਰੈਣਿ ਸਬਾਈ ਕੀਰਤਨ 3-6-95 (ਸ਼ਨੀਚਰਵਾਰ) ਗੁ: ਸ੍ਰੀ ਗੁਰੂ ਸਿੰਘ ਸਭਾ Havelock Road Southall Middx (Middlesex) England Tel. Gurd. 081-574-8901.

ਹੋਰ ਜਾਣਕਾਰੀ ਲਈ । 1) ਭਾਈ ਸਤਨਾਮ ਸਿੰਘ ਜੀ 081-571-4690. 2)ਜਥੇਦਾਰ ਭਾਈ ਰਾਮ ਸਿੰਘ ਜੀ 0474-333660



www.AKJ.Org